ਕੌਮਾਂਤਰੀ www.amritsartimes.live
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 207| 24 to 30 December, 2025 | Ph.: (510) 240-5949 | Email: asrtimes@gmail.com



# ਕਿਉਂ ਸੁਲਗ ਰਿਹੈ ਬੰਗਲਾਦੇਸ਼?

## ਭਾਰਤ ਨਾਲ ਗੂੜ੍ਹੀ ਦੋਸਤੀ ਦੇ ਬਾਵਜੂਦ ਕਿਉਂ ਫ਼ੈਲੀ ਨਫ਼ਰਤ ਦੀ ਅੱਗ?

ਅੰਮ੍ਰਿਤਸਰ ਟਾਈਮਜ਼ ਬਿਊਰੋ

1971 ਵਿੱਚ ਪਾਕਿਸਤਾਨ ਤੋਂ ਵੱਖ ਹੋਣ ਤੋਂ ਬਾਅਦ ਬੰਗਲਾਦੇਸ਼ ਦੇ ਭਾਰਤ ਨਾਲ ਸਬੰਧ ਲੰਬਾ ਸਮਾਂ 'ਦੋਸਤਾਨਾ' ਰਹੇ ਹਨ ਪਰ ਦੋਸਤੀ ਦੀ ਇਹ ਤੰਦ ਹੁਣ ਢਿੱਲੀ ਪੈ ਗਈ ਹੈ ਅਤੇ ਦੋਵਾਂ ਦੇਸ਼ਾਂ ਵਿਚਾਲੇ ਕੂਟਨੀਤਕ ਤਣਾਅ, ਰਾਜਦੂਤਾਂ ਨੂੰ ਤਲਬ ਕੀਤੇ ਜਾਣ ਅਤੇ ਵਿਰੋਧ ਪ੍ਰਦਰਸ਼ਨਾਂ ਦੀਆਂ ਰਿਪੋਰਟਾਂ ਹਰ ਦਿਨ ਮਿਲ ਰਹੀਆਂ ਹਨ। ਦੁਵੱਲਾ ਤਨਾਓ ਏਨਾ ਜ਼ਿਆਦਾ ਹੋ ਗਿਆ ਹੈ ਕਿ ਦੋਵਾਂ ਦੇਸ਼ਾਂ ਨੇ ਆਪਣੀਆਂ ਵੀਜ਼ਾ ਸੇਵਾਵਾਂ ਰੋਕ ਦਿੱਤੀਆਂ ਹਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਬੰਗਲਾਦੇਸ਼ ਕਿਉਂ ਸੁਲਗ ਰਿਹਾ ਹੈ ? ਅਤੇ ਇਹ ਨਫ਼ਰਤ ਦੀ ਅੱਗ ਕਿਉਂ ਫੈਲ ਰਹੀ ਹੈ ? ਬੰਗਲਾਦੇਸ਼ ਦੀ ਨਫ਼ਰਤੀ ਅੱਗ ਵਿੱਚ ਭਾਰਤ ਨੂੰ ਲਪੇਟੇ ਜਾਣ ਦੇ ਯਤਨ ਕਿਉਂ ਹੋ ਰਹੇ ਹਨ ? ਅਸਲ 'ਚ ਦੋਵਾਂ ਦੇਸ਼ਾਂ ਦੇ ਕੱਟੜਪੰਥੀ ਨੇਤਾ ਇਸ ਅੱਗ ਵਿੱਚ ਤੇਲ ਪਾ ਰਹੇ ਹਨ। ਇਸ ਪੂਰੇ ਵਿਵਾਦ ਦੀ ਜੜ੍ਹ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਭਾਰਤ ਵਿੱਚ ਮੌਜੂਦਗੀ ਹੈ। ਜਦੋਂ 17 ਨਵੰਬਰ ਨੂੰ, ਬੰਗਲਾਦੇਸ਼ ਦੀ ਇੱਕ ਅਦਾਲਤ ਨੇ ਤਖ਼ਤਾਪਲਟ ਦੌਰਾਨ ਹੋਈ ਹਿੰਸਾ ਲਈ ਹਸੀਨਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ ਉਦੋਂ ਤੋਂ ਢਾਕਾ ਲਗਾਤਾਰ ਭਾਰਤ ਤੋਂ ਹਸੀਨਾ ਦੀ ਹਵਾਲਗੀ ਦੀ ਮੰਗ ਕਰਦਾ ਰਿਹਾ ਹੈ, ਜਦੋਂ ਕਿ ਨਵੀਂ ਦਿੱਲੀ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਉਹ ਬੰਗਲਾਦੇਸ਼ ਵਿੱਚ ਲੋਕਤੰਤਰ ਅਤੇ ਸਥਿਰਤਾ ਦਾ ਸਮਰਥਨ ਕਰਦਾ ਹੈ। ਹਸੀਨਾ ਦੀ ਭਾਰਤ ਵਿੱਚ ਮੌਜੂਦਗੀ ਮੌਜੂਦਾ ਬੰਗਲਾਦੇਸ਼ੀ ਲੀਡਰਸ਼ਿਪ ਅਤੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਲਈ ਇੱਕ ਵੱਡਾ ਮੁੱਦਾ ਬਣ ਗਈ ਹੈ, ਜਿਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਦੁਵੱਲੇ ਸਬੰਧ ਤਣਾਅਪੂਰਨ ਹੋ ਗਏ ਹਨ।



ਦੀਪੂ ਚੰਦਰ ਦਾਸ | ਸ਼ਰੀਫ਼ ਉਸਮਾਨ ਹਾਦੀ | ਮੋਤਾਲੇਬ ਸ਼ਿਕਦਾਰ

ਬੰਗਲਾਦੇਸ਼ ਵਿੱਚ ਭੀੜ ਵੱਲੋਂ ਇੱਕ ਹਿੰਦੂ ਮਜ਼ਦੂਰ ਦੀ ਕੁੱਟ ਕੁੱਟ ਦੇ ਹੱਤਿਆ ਕੀਤੇ ਜਾਣ ਭਾਰਤ ਵਿੱਚ ਬੰਗਲਾਦੇਸ਼ ਖ਼ਿਲਾਫ਼ ਸ਼ੁਰੂ ਹੋਏ ਰੋਸ ਪ੍ਰਦਰਸ਼ਨ ਰੁਕਣ ਦਾ ਨਾਮ ਨਹੀਂ ਲੈ ਰਹੇ, ਸਗੋਂ ਇਹਨਾਂ ਵਿੱਚ ਹਰ ਦਿਨ ਵਾਧਾ ਹੋ ਰਿਹਾ ਹੈ। ਹਿੰਸਾ ਅਤੇ ਵਿਰੋਧ ਪ੍ਰਦਰਸ਼ਨਾਂ ਦਾ ਸਿੱਧਾ ਅਸਰ ਆਮ ਨਾਗਰਿਕਾਂ 'ਤੇ ਪਿਆ ਹੈ। ਨਵੀਂ ਦਿੱਲੀ, ਸਿਲੀਗੁੜੀ ਅਤੇ ਤ੍ਰਿਪੁਰਾ ਵਿੱਚ ਬੰਗਲਾਦੇਸ਼ੀ ਦੂਤਾਵਾਸਾਂ ਦੇ ਬਾਹਰ ਪ੍ਰਦਰਸ਼ਨ ਹੋਏ, ਜਦੋਂ ਕਿ ਢਾਕਾ ਵਿੱਚ ਭਾਰਤੀ ਹਾਈ ਕਮਿਸ਼ਨ ਨੂੰ ਨਿਸ਼ਾਨਾ ਬਣਾਇਆ ਗਿਆ। ਸੁਰੱਖਿਆ ਚਿੰਤਾਵਾਂ ਦੇ ਕਾਰਨ ਚਟਗਾਓਂ, ਸਿਲੀਗੁੜੀ ਅਤੇ ਦਿੱਲੀ ਵਿੱਚ ਵੀਜ਼ਾ ਸੇਵਾਵਾਂ ਨੂੰ ਅਣਮਿਥੇ ਸਮੇਂ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਸਥਿਤੀ ਇੰਨੀ ਗੰਭੀਰ ਹੋ ਗਈ ਹੈ ਕਿ ਦੋਵਾਂ ਦੇਸ਼ਾਂ ਨੇ ਆਪਣੀ ਨਾਰਾਜ਼ਗੀ ਅਤੇ ਸੁਰੱਖਿਆ ਚਿੰਤਾਵਾਂ ਜ਼ਾਹਰ ਕਰਨ ਲਈ ਇੱਕ ਦੂਜੇ ਦੇ ਰਾਜਦੂਤਾਂ ਨੂੰ ਤਲਬ ਕੀਤਾ ਹੈ।

ਬੰਗਲਾਦੇਸ਼ ਨਾਲ ਭਾਰਤ ਦੀ ਹਮੇਸ਼ਾ ਹੀ ਆਪਣੀ ਸਾਂਝ ਦੀ ਭਾਵਨਾ ਰਹੀ ਹੈ। ਉਨ੍ਹਾਂ ਦਾ ਮੁਕਤੀ ਸੰਘਰਸ਼ ਭਾਰਤ ਕਾਰਨ ਸਫਲ ਹੋਇਆ। ਦੋਵਾਂ ਦੇਸ਼ਾਂ ਦੇ ਰਾਸ਼ਟਰੀ ਗੀਤ ਰਬਿੰਦਰਨਾਥ ਟੈਗੋਰ ਦੁਆਰਾ ਲਿਖੇ ਗਏ ਸਨ, ਇਹ ਇੱਕ ਅਜਿਹਾ ਤੱਥ ਹੈ, ਜਿਸ ਨਾਲ ਦੋਵਾਂ ਦੇਸ਼ ਦੇ ਨਾਗਰਿਕ ਖੁਸ਼ ਹੁੰਦੇ ਸਨ। ਦੋਵਾਂ ਦੇਸ਼ਾਂ ਨੇ ਪਾਕਿਸਤਾਨ ਦੀ ਫ਼ੌਜੀ ਤਾਨਾਸ਼ਾਹੀ ਦੀ ਤਬਾਹੀ ਦੇਖੀ ਹੈ। ਇਸ ਤੋਂ ਇਲਾਵਾ, ਅਣਵੰਡੇ ਭਾਰਤ ਦੇ ਹਿੱਸੇ ਵਜੋਂ,ਬੰਗਲਾਦੇਸ਼ ਅਤੇ ਭਾਰਤ ਇੱਕ ਸਾਂਝਾ ਸੱਭਿਆਚਾਰਕ, ਭਾਸ਼ਾਈ ਅਤੇ ਧਾਰਮਿਕ ਇਤਿਹਾਸ ਸਾਂਝਾ ਕਰਦੇ ਹਨ। ਪਰ ਹੁਣ, ਉਹੀ ਬੰਗਲਾਦੇਸ਼ ਨਾ ਸਿਰਫ਼ ਭਾਰਤ ਨੂੰ ਤੋੜਨ ਦੀ ਧਮਕੀ ਦੇ ਰਿਹਾ ਹੈ, ਸਗੋਂ ਪਾਕਿਸਤਾਨ ਅਤੇ ਚੀਨ ਨਾਲ ਗੱਠਜੋੜ ਕਰਕੇ ਭਾਰਤ ਦੇ ਯੋਗਦਾਨਾਂ ਨੂੰ ਵੀ ਖੁੱਲ੍ਹੇਆਮ ਨਜ਼ਰਅੰਦਾਜ਼ ਕਰ ਰਿਹਾ ਹੈ।

ਬੰਗਲਾਦੇਸ਼ ਲਗਭਗ ਸਾਰੇ ਪਾਸਿਆਂ ਤੋਂ ਭਾਰਤ ਨਾਲ ਘਿਰਿਆ ਹੋਇਆ ਹੈ ਅਤੇ ਸੁਰੱਖਿਆ ਅਤੇ ਵਪਾਰ ਲਈ ਭਾਰਤ 'ਤੇ ਨਿਰਭਰ ਹੈ। ਬੰਗਲਾਦੇਸ਼ ਦੀ 94 ਪ੍ਰਤੀਸ਼ਤ ਸਰਹੱਦ ਭਾਰਤ ਨਾਲ ਸਾਂਝੀ ਹੈ। ਇੱਕ ਦੇਸ਼ ਵਿੱਚ ਗੜਬੜ ਦੂਜੇ ਨੂੰ ਪ੍ਰਭਾਵਿਤ ਕਰਦੀ ਹੈ, ਇਸ ਲਈ 4,000 ਕਿਲੋਮੀਟਰ ਸਾਂਝੀ ਸਰਹੱਦ 'ਤੇ ਸੁਰੱਖਿਆ ਅਤੇ ਸ਼ਾਂਤੀ ਦੋਵਾਂ ਦੇਸ਼ਾਂ ਲਈ ਜ਼ਰੂਰੀ ਹੈ। ਭਾਰਤ ਲਈ ਬੰਗਲਾਦੇਸ਼ ਨਾਲ ਸਬੰਧ ਮਿੱਤਰਤਾ ਪੂਰਨ ਰੱਖਣੇ ਜ਼ਰੂਰੀ ਹਨ ਕਿਉਂਕਿ ਪਾਕਿਸਤਾਨ ਦੇ ਰੂਪ ਵਿੱਚ ਪਹਿਲਾਂ ਹੀ ਇੱਕ ਗੁਆਂਢੀ ਉਸ ਦੇ ਦੁਸ਼ਮਣ ਵਜੋਂ ਖੜ੍ਹਾ ਹੈ। ਇਸ ਕਰਕੇ ਭਾਰਤ ਆਪਣੇ ਦੁਸ਼ਮਣਾਂ ਦੀ ਗਿਣਤੀ ਵਿੱਚ ਵਾਧਾ ਕਰਨਾ ਨਹੀਂ ਚਾਹੁੰਦਾ ਪਰ ਭਾਰਤ ਇਹ ਵੀ ਨਹੀਂ ਚਾਹੁੰਦਾ ਕਿ ਉਸ ਦੀ ਨਿਮਰਤਾ ਦਾ ਗਲਤ ਫਾਇਦਾ ਉਠਾਇਆ ਜਾਵੇ।

1971 ਵਿੱਚ ਭਾਰਤ ਨੂੰ ਹਰ ਪਾਸਿਓਂ ਘਿਰਿਆ ਦੇਖਣ ਦੀ ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਦੀ ਇੱਛਾ ਅਧੂਰੀ ਰਹਿ ਗਈ ਸੀ ਪਰ ਹੁਣ ਇਸ ਅਧੂਰੀ ਇੱਛਾ ਨੂੰ ਪੂਰਾ ਕਰਨ ਦੀਆਂ ਕੋਸ਼ਿਸ਼ਾਂ ਇਹਨਾਂ ਦੇਸ਼ਾਂ ਵੱਲੋਂ ਜਾਰੀ ਹਨ।

(ਬਾਕੀ ਸਫ਼ਾ 26 'ਤੇ)

## ਭਾਰਤ-ਬੰਗਲਾਦੇਸ਼ ਸਬੰਧਾਂ ਲਈ ਨਵੀਆਂ ਉਮੀਦਾਂ



ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਵਿੱਤ ਸਲਾਹਕਾਰ ਸਲੇਹੁਦੀਨ ਅਹਿਮਦ ਦੇ ਇੱਕ ਮਹੱਤਵਪੂਰਨ ਬਿਆਨ ਨੇ ਭਾਰਤ-ਬੰਗਲਾਦੇਸ਼ ਸਬੰਧਾਂ ਲਈ ਨਵੀਆਂ ਉਮੀਦਾਂ ਜਗਾਈਆਂ ਹਨ। ਸਲੇਹੁਦੀਨ ਅਹਿਮਦ ਨੇ ਸਪੱਸ਼ਟ ਕੀਤਾ ਕਿ ਅੰਤਰਿਮ ਸਰਕਾਰ ਦੇ ਮੁੱਖ ਸਲਾਹਕਾਰ ਪ੍ਰੋਫੈਸਰ ਮੁਹੰਮਦ ਯੂਨਸ ਭਾਰਤ ਨਾਲ ਤਣਾਅਪੂਰਨ ਸਬੰਧਾਂ ਨੂੰ ਸੁਧਾਰਨ ਲਈ ਸਰਗਰਮੀ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਯੂਨਸ ਦਾ ਧਿਆਨ ਰਾਜਨੀਤਿਕ ਬਿਆਨਬਾਜ਼ੀ ਦੀ ਬਜਾਏ ਭਾਰਤ ਨਾਲ ਮਜ਼ਬੂਤ ਆਰਥਿਕ ਸਬੰਧ ਵਿਕਸਤ ਕਰਨ 'ਤੇ ਹੈ। ਯੂਨਸ ਭਾਰਤ ਨਾਲ ਸਬੰਧਾਂ ਨੂੰ ਬਿਹਤਰ ਬਣਾਉਣ ਵਿੱਚ ਰੁੱਝੇ ਹੋਏ ਹਨ। ਸਰਕਾਰੀ ਖਰੀਦ 'ਤੇ ਸਲਾਹਕਾਰ ਪ੍ਰੀਸ਼ਦ ਕਮੇਟੀ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ, ਸਲੇਹੁਦੀਨ ਅਹਿਮਦ ਨੇ ਕਿਹਾ, 'ਮੁੱਖ ਸਲਾਹਕਾਰ ਭਾਰਤ ਨਾਲ ਕੂਟਨੀਤਕ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਕੰਮ ਕਰ ਰਹੇ ਹਨ। (ਬਾਕੀ ਸਫ਼ਾ 26 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

ਵੱਲੋਂ

ਸਾਹਿਬਜ਼ਾਦਿਆਂ



ਦੀ ਲਾਸਾਨੀ ਸ਼ਹਾਦਤ ਨੂੰ

ਕੋਟਿਨ ਕੋਟ ਪ੍ਰਣਾਮ

(ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਸੰਬੰਧੀ ਵਿਸ਼ੇਸ਼ ਲੇਖ ਸਫ਼ਾ 18 'ਤੇ ਪੜ੍ਹੋ)

# ਕੈਲੀਫ਼ੋਰਨੀਆ 'ਚ ਅਗਲੇ ਸਾਲ ਦੇ ਸ਼ੁਰੂ ਵਿੱਚ ਹਜ਼ਾਰਾਂ ਭਾਰਤੀ ਡਰਾਈਵਰਾਂ ਦੇ ਲਾਇਸੈਂਸ ਹੋ ਜਾਣਗੇ ਰੱਦ

## ਪੰਜਾਬੀਆਂ ਦੀ ਟਰਾਂਸਪੋਰਟ ਸਨਅਤ ਭਾਰੀ ਦਬਾਅ ਹੇਠ

ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਅਗਲੇ ਸਾਲ ਦੇ ਸ਼ੁਰੂ ਵਿੱਚ ਸਖ਼ਤ ਸੰਘੀ ਨਿਯਮਾਂ ਤਹਿਤ ਕੈਲੀਫ਼ੋਰਨੀਆ ਵਿੱਚ ਹਜ਼ਾਰਾਂ ਭਾਰਤੀ ਡਰਾਈਵਰਾਂ ਦੇ ਵਪਾਰਕ ਲਾਇਸੈਂਸ ਰੱਦ ਹੋ ਜਾਣਗੇ। ਇਨ੍ਹਾਂ ਵਿੱਚ ਵੱਡੀ ਗਿਣਤੀ ਪੰਜਾਬੀ ਡਰਾਈਵਰਾਂ ਦੀ ਹੈ। ਰਾਜ ਦੇ ਅਧਿਕਾਰੀਆਂ ਅਨੁਸਾਰ ਮੋਟੇ ਤੌਰ 'ਤੇ 17000 ਵਪਾਰਕ ਲਾਇਸੈਂਸ 6 ਜਨਵਰੀ 2026 ਨੂੰ ਰੱਦ ਹੋ ਜਾਣਗੇ। ਇਨ੍ਹਾਂ ਡਰਾਈਵਰਾਂ ਵਿੱਚ ਰਾਜਸੀ ਸ਼ਰਨ ਦੀ ਮੰਗ ਕਰਨ ਵਾਲੇ ਤੇ ਬਚਪਨ ਵਿੱਚ ਅਮਰੀਕਾ ਆਏ ਵਿਅਕਤੀ ਵੀ ਸ਼ਾਮਿਲ ਹਨ ਜਿਨ੍ਹਾਂ ਵਿਰੁੱਧ ਕਾਰਵਾਈ ਮੁਲਤਵੀ ਕਰ ਦਿੱਤੀ ਗਈ ਸੀ। ਅਧਿਕਾਰੀਆਂ ਅਨੁਸਾਰ ਇਨ੍ਹਾਂ ਡਰਾਈਵਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਕਿ ਉਨ੍ਹਾਂ ਦੇ ਕਲਾਸ ਏ ਲਾਇਸੈਂਸ ਰੱਦ ਕੀਤੇ ਜਾ ਰਹੇ ਹਨ। ਕੈਲੀਫ਼ੋਰਨੀਆ ਡਿਪਾਰਟਮੈਂਟ ਆਫ਼ ਮੋਟਰ ਵੀਹਾਈਕਲਜ ਨੇ ਲਾਇਸੈਂਸ ਰੱਦ ਕੀਤੇ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਨਵੇਂ ਸੰਘੀ ਮਾਪਦੰਡਾਂ ਤਹਿਤ ਖਾਸ ਸ਼੍ਰੇਣੀ ਦੇ ਪਰਮਿਟ ਖਤਮ ਹੋ ਰਹੇ ਹਨ ਤੇ ਉਹ ਯੋਗ ਨਹੀਂ ਰਹਿਣਗੇ। ਜਿਹੜੇ ਡਰਾਈਵਰਾਂ ਨੂੰ ਇਹ ਨੋਟਿਸ ਮਿਲੇ ਹਨ, ਉਹ ਅਜੇ ਵੀ ਕਲਾਸ ਸੀ ਲਾਇਸੈਂਸ ਦੇ ਯੋਗ ਹੋਣਗੇ ਜਿਸ ਤਹਿਤ ਉਹ ਆਪਣੀ ਨਿੱਜੀ ਗੱਡੀ ਚਲਾ ਸਕਣਗੇ ਪਰੰਤੂ ਵਪਾਰਕ ਵਾਹਨ ਟੱਰਕ ਤੇ ਕਾਰ ਆਦਿ



ਚਲਾਉਣ ਦੀ ਮਨਾਹੀ ਹੋਵੇਗੀ। ਇਸ ਤਬਦੀਲੀ ਕਾਰਨ ਭਾਰਤੀ ਡਰਾਈਵਰਾਂ ਦੀ ਰੋਜ਼ੀ ਰੋਟੀ ਦਾ ਸਵਾਲ ਖੜ੍ਹਾ ਹੋ ਗਿਆ ਹੈ ਕਿਉਂਕਿ ਇਨ੍ਹਾਂ ਵਿੱਚ ਬਹੁਤੇ ਡਰਾਈਵਰ ਪੜ੍ਹੇ ਲਿਖੇ ਨਹੀਂ ਹਨ ਤੇ ਉਨ੍ਹਾਂ ਲਈ ਹੋਰ ਕੰਮ ਕਰ ਸਕਣਾ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਹੈ। ਪੰਜਾਬੀਆਂ ਦੀ ਟਰਾਂਸਪੋਰਟ ਸਨਅਤ ਜੋ ਪਹਿਲਾਂ ਹੀ ਭਾਰੀ ਰਾਜਸੀ ਤੇ ਆਰਥਿਕ ਦਬਾਅ ਹੇਠ ਹੈ, ਨਵੇਂ ਸੰਘੀ ਮਾਪਦੰਡਾਂ ਕਾਰਨ ਹੋਰ ਦਬਾਅ ਹੇਠ ਆ ਜਾਵੇਗੀ।

# ਅਮਰੀਕਾ ’ਚ ਆਈ.ਸੀ.ਈ. ਦੀਆਂ ਕਾਰਵਾਈਆਂ ਵਧਣ ਕਾਰਨ ਸਿੱਖ ਭਾਈਚਾਰੇ ਵਿੱਚ ਵਧਿਆ ਡਰ

## ਗੁਰਦੁਆਰਿਆਂ ’ਚ ਵੀ ਸੁਰੱਖਿਆ ਦੀ ਚਿੰਤਾ ਵਧੀ, ਸਿੱਖ ਭਾਈਚਾਰਾ ਵਿਰੋਧ ਕਰਨ ਲੱਗਿਆ

## ਇਮੀਗ੍ਰੇਸ਼ਨ ਨਿਯਮ ਸਖ਼ਤ ਹੋਣ ਕਾਰਨ ਗੁਰਦੁਆਰਾ ਸਾਹਿਬ ’ਚ ਪ੍ਰਵਾਸੀਆਂ ਦੀ ਗਿਣਤੀ ਘਟੀ







ਈਸਟ ਸੈਨ ਜੋਜ਼ੇ ਦੀਆਂ ਹਰੀਆਂ-ਭਰੀਆਂ ਪਹਾੜੀਆਂ ਉੱਤੇ ਖੜ੍ਹਾ ਹੈ ਅਮਰੀਕਾ ਦਾ ਸਭ ਤੋਂ ਵੱਡਾ ਸਿੱਖ ਗੁਰਦੁਆਰਾ। ਹਰ ਐਤਵਾਰ ਨੂੰ ਇੱਥੇ ਦਰਸ਼ਨਾਂ ਲਈ ਹਜ਼ਾਰਾਂ ਸ਼ਰਧਾਲੂ ਆਉਂਦੇ ਹਨ ਪਰ ਪਿਛਲੇ ਕੁਝ ਮਹੀਨਿਆਂ ਵਿੱਚ ਆਈ.ਸੀ.ਈ. (ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ) ਦੀਆਂ ਵਧੀਆਂ ਕਾਰਵਾਈਆਂ ਕਾਰਨ ਇਸ ਜਗ੍ਹਾ ਵਿੱਚ ਇੱਕ ਅਜੀਬ ਜਿਹਾ ਡਰ ਫੈਲ ਗਿਆ ਹੈ। ਬਹੁਤੇ ਸਿੱਖ ਪ੍ਰਵਾਸੀ ਹੁਣ ਸੋਚਦੇ ਹਨ ਕਿ ਕੀ ਉਹ ਆਪਣੇ ਪਵਿੱਤਰ ਗੁਰਦੁਆਰੇ ਵਿੱਚ ਵੀ ਸੁਰੱਖਿਅਤ ਹਨ?

ਸੈਨ ਜੋਜ਼ੇ ਗੁਰਦੁਆਰੇ ਦੀ ਸਥਾਪਨਾ 1984 ਵਿੱਚ ਹੋਈ ਸੀ। ਇਹ 40 ਏਕੜ ਜ਼ਮੀਨ ਉੱਤੇ ਫੈਲਿਆ ਹੈ ਅਤੇ ਇਸ ਵਿੱਚ 37,000 ਵਰਗ ਫੁੱਟ ਦਾ ਵੱਡਾ ਪ੍ਰਾਰਥਨਾ ਹਾਲ ਹੈ, 35,000 ਵਰਗ ਫੁੱਟ ਦੀ ਕਿਚਨ ਅਤੇ ਡਾਇਨਿੰਗ ਸਪੇਸ ਹੈ ਅਤੇ 12 ਕਲਾਸਰੂਮ ਹਨ ਜਿੱਥੇ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਹੈ। ਇੱਥੇ ਹਰ ਰੋਜ਼ ਲੰਗਰ ਚਲਦਾ ਹੈ, ਜੋ ਸਭਨਾਂ ਲਈ ਹੈ। ਇਹ ਇੱਕ ਤਰ੍ਹਾਂ ਨਾਲ ਮਨੁੱਖਤਾ ਦੀ ਸੇਵਾ ਹੈ, ਜਿੱਥੇ ਕੋਈ ਵੀ ਭੁੱਖਾ ਨਹੀਂ ਰਹਿਣਾ ਚਾਹੀਦਾ। ਸੇਵਾਦਾਰ ਤੇ ਸ਼ਰਧਾਲੂ ਖੁਦ ਰਸੋਈ ਵਿੱਚ ਕੰਮ ਕਰਦੇ ਹਨ ਅਤੇ ਭੋਜਨ ਬਣਾਉਂਦੇ ਹਨ। ਪਰ ਹੁਣ ਇਸ ਗੁਰਦੁਆਰੇ ਵਿੱਚ ਵੀ ਡਰ ਦਾ ਮਾਹੌਲ ਹੈ।

ਕੈਲੀਫੋਰਨੀਆ ਵਿੱਚ ਬਹੁਤ ਸਾਰੇ ਸਿੱਖ ਪ੍ਰਵਾਸੀ ਪੰਜਾਬ ਤੋਂ ਆਏ ਹਨ। ਉਹ ਖੇਤੀਬਾੜੀ, ਟਰੱਕਿੰਗ ਅਤੇ ਮਜ਼ਦੂਰੀ ਵਾਲੇ ਕੰਮ ਕਰਦੇ ਹਨ। ਇਸ ਸਾਲ ਅਮਰੀਕੀ ਸਰਹੱਦ ਉੱਤੇ ਭਾਰਤ ਤੋਂ 35,000 ਲੋਕ ਫੜੇ ਗਏ ਹਨ, ਜਿਨ੍ਹਾਂ ਵਿੱਚ ਜ਼ਿਆਦਾਤਰ ਪੰਜਾਬੀ ਸਿੱਖ ਹਨ। ਬਹੁਤੇ ਲੋਕ ਰਾਜਨੀਤਕ ਸ਼ਰਨ ਲੈਣ ਆਉਂਦੇ ਹਨ ਜਾਂ ਅਸਥਾਈ ਵੀਜ਼ੇ ਉੱਤੇ ਆ ਕੇ ਰਹਿ ਜਾਂਦੇ ਹਨ। ਪਰ ਉਨ੍ਹਾਂ ਵਿੱਚੋਂ ਬਹੁਤਿਆਂ ਕੋਲ ਡਾਕੂਮੈਂਟ ਨਹੀਂ ਹਨ, ਭਾਵ ਗ਼ੈਰਕਾਨੂੰਨੀ ਉੱਪਰ ਰਹਿ ਰਹੇ ਹਨ। ਅਮਰੀਕਾ ਵਿੱਚ ਭਾਰਤੀ ਲੋਕ ਪੰਜਵਾਂ ਸਭ ਤੋਂ ਵੱਡਾ ਗ਼ੈਰਕਾਨੂੰਨੀ ਗਰੁੱਪ ਹਨ। ਇਸ ਲਈ ਆਈ.ਸੀ.ਈ. ਦੀਆਂ ਰੇਡਾਂ ਉਨ੍ਹਾਂ ਲਈ ਵੱਡੀ ਚਿੰਤਾ ਹਨ।

### ਇਹ ਮੁੱਦਾ ਕੀ ਹੈ?

ਮੁੱਦਾ ਇਹ ਹੈ ਕਿ ਆਈ.ਸੀ.ਈ. ਨੇ ਕੈਲੀਫੋਰਨੀਆ ਵਿੱਚ ਆਪਣੀਆਂ ਕਾਰਵਾਈਆਂ ਵਧਾ ਦਿੱਤੀਆਂ ਹਨ। ਪਹਿਲਾਂ ਇਹ ਅਧਿਕਾਰੀ ‘ਸੈਂਸਿਟਿਵ ਲੋਕੇਸ਼ਨਾਂ’ ਜਿਵੇਂ ਸਕੂਲਾਂ, ਹਸਪਤਾਲਾਂ ਅਤੇ ਇਬਾਦਤ ਸਥਾਨਾਂ ਵਿੱਚ ਕਾਰਵਾਈ ਨਹੀਂ ਕਰ ਸਕਦੇ ਸਨ, ਜਦੋਂ ਤੱਕ ਬਹੁਤ ਜ਼ਰੂਰੀ ਨਾ ਹੋਵੇ। ਪਰ ਟਰੰਪ ਪ੍ਰਸ਼ਾਸਨ ਨੇ ਇਸ ਨਿਯਮ ਨੂੰ ਬਦਲ ਦਿੱਤਾ ਹੈ। 20 ਜਨਵਰੀ 2025 ਨੂੰ ਟਰੰਪ ਨੇ ਅਹੁਦਾ ਸੰਭਾਲਿਆ ਅਤੇ ਉਸੇ ਦਿਨ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ (ਡੀ.ਐਚ.ਐਸ.) ਨੇ ਇੱਕ ਮੈਮੋ ਜਾਰੀ ਕੀਤਾ। ਇਸ ਮੈਮੋ ਵਿੱਚ ਆਈ.ਸੀ.ਈ. ਅਧਿਕਾਰੀਆਂ ਨੂੰ ਸੈਂਸਿਟਿਵ ਲੋਕੇਸ਼ਨਾਂ ਵਿੱਚ ਵੀ ਕੰਮ ਕਰਨ ਦੀ ਇਜਾਜ਼ਤ ਦਿੱਤੀ ਗਈ। ਇਸ ਨਾਲ ਗੁਰਦੁਆਰੇ ਵਰਗੇ ਪਵਿੱਤਰ ਸਥਾਨ ਵੀ ਸੁਰੱਖਿਅਤ ਨਹੀਂ ਰਹੇ।

ਟਰੰਪ ਪ੍ਰਸ਼ਾਸਨ ਨੇ ਕਿਹਾ ਕਿ ਇਮੀਗ੍ਰੇਸ਼ਨ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ ਤਾਂ ਜੋ ਅਮਰੀਕੀ ਲੋਕਾਂ ਨੂੰ ਸੁਰੱਖਿਆ ਮਿਲੇ। ਇਸ ਨਾਲ ਆਈ.ਸੀ.ਈ. ਨੇ ਆਪਣੀਆਂ ਰੇਡਾਂ ਵਧਾ ਦਿੱਤੀਆਂ। ਕੈਲੀਫੋਰਨੀਆ ਵਿੱਚ ਸਿੱਖ ਭਾਈਚਾਰੇ ਵਿੱਚ ਅਫਵਾਹਾਂ ਫੈਲੀਆਂ ਕਿ ਗੁਰਦੁਆਰਿਆਂ ਵਿੱਚ ਵੀ ਰੇਡਾਂ ਹੋ ਸਕਦੀਆਂ ਹਨ। ਇਸ ਕਾਰਨ ਗੁਰਦੁਆਰਿਆਂ ਵਿੱਚ ਹਾਜ਼ਰੀ ਘਟ ਗਈ ਹੈ। ਲੋਕ ਡਰਦੇ ਹਨ ਕਿ ਐਤਵਾਰ ਨੂੰ ਪੂਜਾ ਕਰਨ ਜਾਣ ਤੇ ਬਾਹਰ ਨਿਕਲਦਿਆਂ ਆਈ.ਸੀ.ਈ. ਉਨ੍ਹਾਂ ਨੂੰ ਫੜ ਲਵੇਗੀ।

ਵੈਸਟ ਸੈਕਰਾਮੈਂਟੋ ਗੁਰਦੁਆਰੇ ਦੇ ਪ੍ਰਧਾਨ ਨਰਿੰਦਰ ਸਿੰਘ ਨੇ ਕਿਹਾ, ‘ਅਸੀਂ ਨਹੀਂ ਚਾਹੁੰਦੇ ਕਿ ਆਈ.ਸੀ.ਈ. ਅਧਿਕਾਰੀ ਗੁਰਦੁਆਰੇ ਵਿੱਚ ਆਉਣ। ਉਹ ਜੁੱਤੇ ਸਮੇਤ ਹਥਿਆਰਾਂ ਨਾਲ ਆਉਣਗੇ, ਜੋ ਸਿੱਖ ਮਰਿਆਦਾ ਵਿਰੁੱਧ ਹੈ। ਗੁਰਦੁਆਰੇ ਵਿੱਚ ਸਿਰ ਢੱਕਣਾ ਚਾਹੀਦਾ ਹੈ ਅਤੇ ਹਥਿਆਰ ਨਹੀਂ ਲਿਆਉਣੇ ਚਾਹੀਦੇ। ਇਹ ਕਾਰਵਾਈਆਂ ਗੁਰਦੁਆਰੇ ਦੇ ਪਵਿੱਤਰ ਮਾਹੌਲ ਨੂੰ ਖਰਾਬ ਕਰਨਗੀਆਂ। ਗੁਰਦੁਆਰੇ ਨਾ ਸਿਰਫ਼ ਪੂਜਾ ਦੀ ਜਗ੍ਹਾ ਹਨ ਬਲਕਿ ਨਵੇਂ ਪ੍ਰਵਾਸੀਆਂ ਲਈ ਸਹਾਇਤਾ ਕੇਂਦਰ ਵੀ ਹਨ। ਇੱਥੇ ਪੰਜਾਬੀ ਵਿੱਚ ਜਾਣਕਾਰੀ ਮਿਲਦੀ ਹੈ, ਮੈਡੀਕਲ ਕਲੀਨਿਕ ਚੱਲਦੇ ਹਨ ਅਤੇ ਸਮਾਜਿਕ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਕੈਲੀਫੋਰਨੀਆ ਦੀਆਂ ਕਈ ਥਾਵਾਂ ਵਿੱਚ ਪੰਜਾਬੀ ਤੀਜੀ ਸਭ ਤੋਂ ਵੱਧ ਬੋਲੀ ਜਾਂਦੀ ਭਾਸ਼ਾ ਹੈ। ਇਸ ਲਈ ਗੁਰਦੁਆਰੇ ਪੰਜਾਬੀ ਪ੍ਰਵਾਸੀਆਂ ਲਈ ਘਰ ਵਰਗੇ ਹਨ।

ਡਾ. ਹਰਪ੍ਰੀਤ ਸਿੰਘ ਪੰਨੂ ਸੈਨ ਜੋਜ਼ੇ ਗੁਰਦੁਆਰੇ ਵਿੱਚ ਮੁਫ਼ਤ ਮੈਡੀਕਲ ਕਲੀਨਿਕ ਚਲਾਉਂਦੇ ਹਨ। ਉਹ ਕਹਿੰਦੇ ਹਨ, ‘ਲੋਕ ਡਰ ਕਾਰਨ ਨਹੀਂ ਆਉਂਦੇ। ਬਜ਼ੁਰਗਾਂ ਲਈ ਇਹ ਇੱਕੋ ਇੱਕ ਜਗ੍ਹਾ ਹੈ ਜਿੱਥੇ ਉਨ੍ਹਾਂ ਨੂੰ ਪੰਜਾਬੀ ਵਿੱਚ ਸਿਹਤ ਸਲਾਹ ਮਿਲਦੀ ਹੈ। ਹਸਪਤਾਲਾਂ ਵਿੱਚ ਉਨ੍ਹਾਂ ਨੂੰ ਅਜਨਬੀ ਲੱਗਦਾ ਹੈ। ਪਰ ਹੁਣ ਉਹ ਸੋਚਦੇ ਹਨ ਕਿ ਇੱਥੇ ਆਉਣ ਨਾਲ ਆਈ.ਸੀ.ਈ. ਉਨ੍ਹਾਂ ਨੂੰ ਫੜ ਲਵੇਗੀ।’ ਇਸ ਨਾਲ ਸਿੱਖ ਭਾਈਚਾਰੇ ਵਿੱਚ ਸਿਹਤ ਸਮੱਸਿਆਵਾਂ ਵਧ ਰਹੀਆਂ ਹਨ। ਲੋਕ ਡਾਕਟਰ ਕੋਲ ਜਾਣ ਤੋਂ ਡਰਦੇ ਹਨ ਅਤੇ ਛੋਟੀਆਂ ਬਿਮਾਰੀਆਂ ਵੱਡੀਆਂ ਬਣ ਜਾਂਦੀਆਂ ਹਨ।

ਸਿੱਖ ਭਾਈਚਾਰੇ ਵਿੱਚ ਇੱਕ ਹੋਰ ਵੱਡੀ ਸਮੱਸਿਆ ਡਿਟੈਂਸ਼ਨ ਸੈਂਟਰਾਂ ਵਿੱਚ ਬੰਦੀਆਂ ਦੀ ਹੈ। ਸਿਮਰਨ ਸਿੰਘ ਵਰਗੇ ਵਲੰਟੀਅਰ ਡਿਟੈਂਸ਼ਨ ਸੈਂਟਰਾਂ ਵਿੱਚ ਜਾ ਕੇ ਸਿੱਖ ਬੰਦੀਆਂ ਨੂੰ ਮਦਦ ਕਰਦੇ ਹਨ। ਉਹ ਲੰਗਰ, ਗੁਟਕਾ ਸਾਹਿਬ (ਪਵਿੱਤਰ ਪ੍ਰਾਰਥਨਾ ਕਿਤਾਬ), ਦਸਤਾਰ, ਕੱਪੜੇ ਅਤੇ ਪੰਜਾਬੀ ਅਖ਼ਬਾਰ ਲੈ ਕੇ ਜਾਂਦੇ ਹਨ। ਡਿਟੈਂਸ਼ਨ ਵਿੱਚ ਬੰਦੀਆਂ ਨੂੰ ਬਹੁਤ ਇਕੱਲਤਾ ਮਹਿਸੂਸ ਹੁੰਦੀ ਹੈ। ਉਹ ਭਾਰਤ ਤੋਂ ਲੰਮੇ ਸਫ਼ਰ ਬਾਅਦ ਆਏ ਹੁੰਦੇ ਹਨ ਅਤੇ ਉੱਥੇ ਭਾਸ਼ਾ ਦੀ ਸਮੱਸਿਆ ਕਾਰਨ ਕਿਸੇ ਨਾਲ ਗੱਲ ਨਹੀਂ ਕਰ ਸਕਦੇ। ਫ਼ੋਨ ਕਾਲ ਵੀ ਮਹਿੰਗੀ ਹੁੰਦੀ ਹੈ - ਇੱਕ ਮਿੰਟ ਲਈ 85 ਸੈਂਟ। ਸਿਮਰਨ ਸਿੰਘ ਨੇ ਕਿਹਾ, ‘ਉਨ੍ਹਾਂ ਨੂੰ ਗੁਟਕਾ ਸਾਹਿਬ ਮਿਲਣ ਨਾਲ ਬਹੁਤ ਖੁਸ਼ੀ ਹੁੰਦੀ ਹੈ। ਇਹ ਉਨ੍ਹਾਂ ਨੂੰ ਬਾਹਰੀ ਦੁਨੀਆ ਨਾਲ ਜੋੜਦਾ ਹੈ।’ ਪਰ ਡਿਟੈਂਸ਼ਨ ਸੈਂਟਰਾਂ ਵਿੱਚ ਧਾਰਮਿਕ ਵਸਤਾਂ ਰੱਖਣ ਵਿੱਚ ਵੀ ਸਮੱਸਿਆਵਾਂ ਹਨ। ਗੁਟਕਾ ਸਾਹਿਬ ਹਾਰਡਬਾਊਂਡ ਹੁੰਦੇ ਹਨ ਪਰ ਨਿਯਮਾਂ ਅਨੁਸਾਰ ਸਾਫਟਬਾਊਂਡ ਚਾਹੀਦੇ ਹਨ। ਸਿਮਰਨ ਸਿੰਘ ਨੇ ਭਾਰਤ ਤੋਂ ਅਜਿਹੇ ਗੁਟਕਾ ਸਾਹਿਬ ਮੰਗਵਾਏ। ਇਸੇ ਤਰ੍ਹਾਂ ਦਸਤਾਰ ਉਤਾਰਨਾ ਸਿੱਖਾਂ ਲਈ ਵੱਡੀ ਬੇਇੱਜ਼ਤੀ ਹੈ, ਪਰ ਸਰਹੱਦ ਉੱਤੇ ਅਜਿਹੇ ਮਾਮਲੇ ਹੋਏ ਹਨ ਜਿੱਥੇ ਅਧਿਕਾਰੀਆਂ ਨੇ ਦਸਤਾਰਾਂ ਕੂੜੇ ਵਿੱਚ ਸੁੱਟ ਦਿੱਤੀਆਂ ਸਨ।2016 ਵਿੱਚ ਡਿਟੈਂਸ਼ਨ ਵਿੱਚ ਸਿਰਫ਼ ਤਿੰਨ ਸਿੱਖ ਸਨ, ਹੁਣ 65 ਹਨ। ਇਸ ਸੰਕਟ ਕਾਰਨ ਸਿੱਖ ਭਾਈਚਾਰੇ ਵਿੱਚ ਏਕਤਾ ਵਧ ਰਹੀ ਹੈ ਪਰ ਡਰ ਵੀ। ਟਰੰਪ ਪ੍ਰਸ਼ਾਸਨ ਨੇ ਆਪਣੇ ਪਹਿਲੇ 100 ਦਿਨਾਂ ਵਿੱਚ ਬਹੁਤ ਸਾਰੇ ਬਦਲਾਅ ਕੀਤੇ ਹਨ। ਉਨ੍ਹਾਂ ਨੇ ਇਮੀਗ੍ਰੇਸ਼ਨ ਦੇ ਸਖ਼ਤ ਨਿਯਮ ਲਾਗੂ ਕੀਤੇ ਹਨ।

ਸਿੱਖ ਕੋਲੀਸ਼ਨ ਵਰਗੀਆਂ ਸੰਸਥਾਵਾਂ ਇਸ ਵਿਰੋਧ ਵਿੱਚ ਲੱਗੀਆਂ ਹਨ। ਇਸ ਸਭ ਨਾਲ ਸਿੱਖ ਭਾਈਚਾਰਾ ਮਜ਼ਬੂਤੀ ਨਾਲ ਲੜ ਰਿਹਾ ਹੈ। ਉਹ ਆਪਣੀਆਂ ਪਰੰਪਰਾਵਾਂ ਨੂੰ ਜਾਰੀ ਰੱਖ ਰਹੇ ਹਨ ਪਰ ਸਰਕਾਰ ਨੂੰ ਅਪੀਲ ਕਰ ਰਹੇ ਹਨ ਕਿ ਗੁਰਦੁਆਰਿਆਂ ਨੂੰ ਸੁਰੱਖਿਅਤ ਰੱਖਿਆ ਜਾਵੇ। ਇਹ ਮੁੱਦਾ ਨਾ ਸਿਰਫ਼ ਸਿੱਖਾਂ ਲਈ ਹੈ ਬਲਕਿ ਅਮਰੀਕਾ ਵਿੱਚ ਰਹਿੰਦੇ ਸਾਰੇ ਪ੍ਰਵਾਸੀਆਂ ਲਈ ਹੈ। ਟਰੰਪ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਨੂੰ ਸਖ਼ਤ ਬਣਾ ਕੇ ਅਮਰੀਕੀ ਨਾਗਰਿਕਾਂ ਨੂੰ ਸੁਰੱਖਿਆ ਦੇਣ ਦਾ ਵਾਅਦਾ ਕੀਤਾ ਹੈ ਪਰ ਇਸ ਨਾਲ ਸਿੱਖ ਭਾਈਚਾਰੇ ਵਿੱਚ ਡਰ ਵਧ ਰਿਹਾ ਹੈ। ਸੈਨ ਜੋਜ਼ੇ ਗੁਰਦੁਆਰੇ ਵਿੱਚ ਲੰਗਰ ਅਜੇ ਵੀ ਚੱਲ ਰਿਹਾ ਹੈ। ਸਿੱਖ ਭਾਈਚਾਰੇ ਨੂੰ ਉਮੀਦ ਹੈ ਕਿ ਇਹ ਸਥਿਤੀ ਜਲਦੀ ਬਦਲੇਗੀ ਅਤੇ ਗੁਰਦੁਆਰਾ ਸਾਹਿਬ ਵਰਗੇ ਸਥਾਨ ਪੂਰੀ ਤਰ੍ਹਾਂ ਸੁਰੱਖਿਅਤ ਰਹਿਣਗੇ।

# ਕੈਨੇਡਾ ਦੀ ਆਬਾਦੀ ’ਚ 80 ਸਾਲਾਂ ਵਿੱਚ ਸਭ ਤੋਂ ਵੱਡੀ ਗਿਰਾਵਟ ਦਰਜ

## ਮੁੱਖ ਕਾਰਨ ਅਸਥਾਈ ਨਿਵਾਸੀਆਂ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਭਾਰੀ ਕਮੀ

## 2027 ਤੱਕ ਅਸਥਾਈ ਆਬਾਦੀ ਨੂੰ 5% ਤੋਂ ਹੇਠਾਂ ਲਿਆਉਣਾ ਹੈ ਸਰਕਾਰ ਦਾ ਟੀਚਾ

ਕੈਨੇਡਾ, ਜੋ ਕਿ ਦੁਨੀਆ ਭਰ ਵਿੱਚ ਆਪਣੀ ਉਦਾਰ ਇਮੀਗ੍ਰੇਸ਼ਨ ਨੀਤੀ ਲਈ ਜਾਣਿਆ ਜਾਂਦਾ ਹੈ, ਹੁਣ ਇੱਕ ਵੱਡੇ ਬਦਲਾਅ ਵੱਲ ਵਧ ਰਿਹਾ ਹੈ। ਜੁਲਾਈ ਤੋਂ ਸਤੰਬਰ 2025 ਦੇ ਵਿਚਕਾਰ, ਦੇਸ਼ ਦੀ ਆਬਾਦੀ ਵਿੱਚ ਲਗਭਗ 76,068 ਲੋਕਾਂ ਦੀ ਗਿਰਾਵਟ ਆਈ ਹੈ, ਜੋ ਕਿ 0.2 ਪ੍ਰਤੀਸ਼ਤ ਬਣਦੀ ਹੈ। ਇਹ ਗਿਰਾਵਟ ਪਿਛਲੇ 80 ਸਾਲਾਂ ਵਿੱਚ ਸਭ ਤੋਂ ਵੱਡੀ ਹੈ ਅਤੇ 1946 ਤੋਂ ਬਾਅਦ ਕਿਸੇ ਵੀ ਤਿਮਾਹੀ ਵਿੱਚ ਨਹੀਂ ਵੇਖੀ ਗਈ। ਸਟੈਟਿਸਟਿਕਸ ਕੈਨੇਡਾ (ਸਟੈਟਕੈਨ) ਦੇ ਅੰਕੜਿਆਂ ਮੁਤਾਬਕ, ਇਹ ਬਦਲਾਅ ਮੁੱਖ ਤੌਰ ’ਤੇ ਅਸਥਾਈ ਨਿਵਾਸੀਆਂ ਦੀ ਗਿਣਤੀ ਵਿੱਚ ਆਈ ਕਮੀ ਕਾਰਨ ਹੋਇਆ ਹੈ, ਜਿਨ੍ਹਾਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਅਤੇ ਅਸਥਾਈ ਕਾਮੇ ਸ਼ਾਮਲ ਹਨ।

ਇਸ ਗਿਰਾਵਟ ਦੇ ਪਿੱਛੇ ਕਈ ਕਾਰਨ ਹਨ, ਪਰ ਸਭ ਤੋਂ ਵੱਡੀ ਵਜ੍ਹਾ ਕੈਨੇਡੀਅਨ ਸਰਕਾਰ ਵੱਲੋਂ ਲਾਗੂ ਕੀਤੀਆਂ ਗਈਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਹਨ। ਦੇਸ਼ ਨੇ ਵੱਡੀ ਗਿਣਤੀ ਵਿੱਚ ਵਿਦੇਸ਼ੀ ਲੋਕਾਂ ਨੂੰ ਆਉਣ ਦੀ ਇਜਾਜ਼ਤ ਦਿੱਤੀ ਸੀ। ਇਸ ਕਾਰਨ 2023 ਦੌਰਾਨ, ਆਬਾਦੀ ਵਿੱਚ 1957 ਤੋਂ ਬਾਅਦ ਸਭ ਤੋਂ ਤੇਜ਼ ਵਾਧਾ ਹੋਇਆ ਸੀ। ਇਸ ਨਾਲ ਦੇਸ਼ ਦੀ ਕੁੱਲ ਆਬਾਦੀ 41 ਮਿਲੀਅਨ ਤੋਂ ਵੱਧ ਹੋ ਗਈ ਸੀ। ਪਿਛਲੇ ਕੁਝ ਸਾਲਾਂ ਵਿੱਚ, ਕੈਨੇਡਾ ਵਿੱਚ ਵਿਦੇਸ਼ੀ ਵਿਦਿਆਰਥੀਆਂ ਅਤੇ ਕਾਮਿਆਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ ਸੀ, ਜਿਸ ਨਾਲ ਦੇਸ਼ ਵਿੱਚ ਘਰਾਂ ਦੀ ਕਮੀ, ਕਿਰਾਏ ਵਿੱਚ ਵਾਧਾ ਅਤੇ ਸਿਹਤ ਸੇਵਾਵਾਂ ਤੇ ਆਵਾਜਾਈ ਵਰਗੀਆਂ ਸਹੂਲਤਾਂ ਉੱਪਰ ਦਬਾਅ ਵਧ ਗਿਆ ਸੀ। ਇਸ ਕਾਰਨ, ਸਰਕਾਰ ਨੂੰ ਆਪਣੀ ਨੀਤੀ ਵਿੱਚ ਬਦਲਾਅ ਕਰਨਾ ਪਿਆ ਅਤੇ 2024 ਵਿੱਚ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਘਟਾਉਣ ਲਈ ਸਖ਼ਤ ਕਦਮ ਚੁੱਕੇ ਗਏ। ਇਸ ਤਿਮਾਹੀ ਵਿੱਚ ਅਸਥਾਈ ਨਿਵਾਸੀਆਂ ਦੀ ਗਿਣਤੀ ਵਿੱਚ 1,76,479 ਦੀ ਕਮੀ ਆਈ ਹੈ, ਜੋ ਕਿ ਪਿਛਲੀਆਂ ਤਿਮਾਹੀਆਂ ਨਾਲੋਂ ਵੱਡੀ ਹੈ।



ਉਦਾਹਰਨ ਵਜੋਂ, ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟਾਂ ਦੀ ਗਿਣਤੀ ’ਤੇ ਕੈਪ ਲਗਾਈ ਗਈ। 2024 ਵਿੱਚ ਸਟੱਡੀ ਪਰਮਿਟਾਂ ਦਾ ਟੀਚਾ ਉੱਚਾ ਸੀ, ਪਰ 2025 ਲਈ ਇਸ ਨੂੰ ਘਟਾ ਕੇ 4,37,000 ਕਰ ਦਿੱਤਾ ਗਿਆ, ਜੋ ਕਿ 2024 ਨਾਲੋਂ 10 ਪ੍ਰਤੀਸ਼ਤ ਘੱਟ ਸੀ। ਇਸ ਤੋਂ ਇਲਾਵਾ, ਵਰਕ ਪਰਮਿਟਾਂ ਲਈ ਵੀ ਨਿਯਮ ਸਖ਼ਤ ਕੀਤੇ ਗਏ ਅਤੇ ਕੁਝ ਕੇਸਾਂ ਵਿੱਚ ਪਰਮਿਟਾਂ ਨੂੰ ਨਵੀਨੀਕਰਨ ਨਹੀਂ ਕੀਤਾ ਜਾ ਰਿਹਾ। ਇਹ ਨੀਤੀਆਂ ਕੈਨੇਡਾ ਦੀ ਆਰਥਿਕਤਾ ਨੂੰ ਵੀ ਪ੍ਰਭਾਵਿਤ ਕਰ ਰਹੀਆਂ ਹਨ ,ਕਿਉਂਕਿ ਵਿਦੇਸ਼ੀ ਵਿਦਿਆਰਥੀ ਅਤੇ ਕਾਮੇ ਦੇਸ਼ ਦੀ ਆਰਥਿਕਤਾ ਵਿੱਚ ਯੋਗਦਾਨ ਪਾਉਂਦੇ ਹਨ। ਉਹ ਟਿਊਸ਼ਨ ਫੀਸਾਂ ਅਤੇ ਖਰਚੇ ਨਾਲ ਅਰਥ ਵਿਵਸਥਾ ਨੂੰ ਮਜ਼ਬੂਤ ਕਰਦੇ ਹਨ। ਪਰ ਇਸ ਗਿਰਾਵਟ ਨਾਲ ਸਥਾਨਕ ਲੋਕਾਂ ਨੂੰ ਰਾਹਤ ਮਿਲ ਰਹੀ ਹੈ, ਕੈਨੇਡਾ ਸਰਕਾਰ ਦਾ ਮੰਨਣਾ ਹੈ ਕਿ ਤੇਜ਼ ਵਾਧੇ ਨਾਲ ਹੋਈਆਂ ਸਮੱਸਿਆਵਾਂ ਨੂੰ ਹੱਲ ਕਰਨਾ ਜ਼ਰੂਰੀ ਹੈ।

ਇਸ ਤੋਂ ਪਹਿਲਾਂ, ਕੈਨੇਡਾ ਵਿੱਚ ਆਬਾਦੀ ਦੀ ਗਿਰਾਵਟ ਸਿਰਫ਼ ਕੋਵਿਡ-19 ਮਹਾਂਮਾਰੀ ਦੌਰਾਨ 2020 ਵਿੱਚ ਵੇਖੀ ਗਈ ਸੀ, ਜਦੋਂ ਬਾਰਡਰ ਬੰਦ ਹੋਣ ਕਾਰਨ ਲੋਕ ਨਹੀਂ ਆ ਸਕੇ। ਪਰ ਉਸ ਸਮੇਂ ਗਿਰਾਵਟ ਛੋਟੀ ਸੀ ਅਤੇ ਜਲਦੀ ਵਾਪਸ ਵਧ ਗਈ। ਹੁਣ ਇਹ ਗਿਰਾਵਟ ਨੀਤੀਗਤ ਬਦਲਾਅ ਕਾਰਨ ਹੈ ਅਤੇ ਇਹ ਲੰਬੇ ਸਮੇਂ ਤੱਕ ਜਾਰੀ ਰਹਿ ਸਕਦੀ ਹੈ। ਸਰਕਾਰ ਨੇ ਇਹ ਵੀ ਕਿਹਾ ਹੈ ਕਿ ਉਹ ਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਵੀ ਨਿਯੰਤਰਿਤ ਕਰ ਰਹੀ ਹੈ। 2025 ਲਈ ਸਥਾਈ ਇਮੀਗ੍ਰੇਸ਼ਨ ਦਾ ਟੀਚਾ 3,95,000 ਹੈ, ਜੋ ਕਿ ਪਿਛਲੇ ਸਾਲਾਂ ਨਾਲੋਂ ਘੱਟ ਹੈ।

### ਭਾਰਤੀ ਵਿਦਿਆਰਥੀਆਂ ਤੇ ਅਸਰ: ਗਿਣਤੀ ਅੱਧੀ ਰਹਿ ਗਈ

ਇਸ ਗਿਰਾਵਟ ਦਾ ਸਭ ਤੋਂ ਵੱਡਾ ਅਸਰ ਭਾਰਤੀ ਵਿਦਿਆਰਥੀਆਂ ’ਤੇ ਪਿਆ ਹੈ। ਭਾਰਤ ਤੋਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਕੈਨੇਡਾ ਪੜ੍ਹਨ ਆਉਂਦੇ ਹਨ ਕਿਉਂਕਿ ਇੱਥੇ ਚੰਗੀ ਸਿੱਖਿਆ ਅਤੇ ਨੌਕਰੀਆਂ ਦੇ ਮੌਕੇ ਮਿਲਦੇ ਹਨ। ਪਰ ਹੁਣ ਨਿਯਮਾਂ ਦੇ ਸਖ਼ਤ ਹੋਣ ਨਾਲ ਉਨ੍ਹਾਂ ਦੀ ਗਿਣਤੀ ਘਟ ਰਹੀ ਹੈ। ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟਿਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਦੇ ਅੰਕੜਿਆਂ ਮੁਤਾਬਕ, ਜੁਲਾਈ ਤੋਂ ਸਤੰਬਰ 2025 ਵਿੱਚ ਭਾਰਤੀ ਵਿਦਿਆਰਥੀਆਂ ਨੂੰ ਸਿਰਫ਼ 24,030 ਸਟੱਡੀ ਪਰਮਿਟ ਜਾਰੀ ਕੀਤੇ ਗਏ, ਜੋ ਕਿ ਕੁੱਲ 1,46,505 ਪਰਮਿਟਾਂ ਦਾ 16.4 ਪ੍ਰਤੀਸ਼ਤ ਹੈ। ਇਹ ਅੰਕੜਾ ਪਿਛਲੇ ਸਾਲ 2024 ਦੀ ਇਸੇ ਮਿਆਦ ਨਾਲੋਂ ਬਹੁਤ ਘੱਟ ਹੈ, ਜਦੋਂ 52,425 ਪਰਮਿਟ ਜਾਰੀ ਹੋਏ ਸਨ। ਇਸ ਤਰ੍ਹਾਂ, ਇੱਕ ਸਾਲ ਵਿੱਚ ਗਿਣਤੀ ਅੱਧੇ ਤੋਂ ਵੀ ਘੱਟ ਹੋ ਗਈ ਹੈ।

ਕੈਨੇਡਾ ਸਰਕਾਰ ਨੇ ਨਿਰਧਾਰਤ ਕੀਤਾ ਹੈ ਕਿ ਹਰ ਸੂਬੇ ਨੂੰ ਇੱਕ ਨਿਸ਼ਚਿਤ ਗਿਣਤੀ ਵਿੱਚ ਪਰਮਿਟ ਜਾਰੀ ਕੀਤੇ ਜਾਣਗੇ। ਇਸ ਤੋਂ ਇਲਾਵਾ, ਵਿਦਿਆਰਥੀਆਂ ਨੂੰ ਵਧੇਰੇ ਪੈਸੇ ਅਤੇ ਡਾਕੂਮੈਂਟਸ ਦੀ ਲੋੜ ਪੈ ਰਹੀ ਹੈ। ਰਿਫਿਊਜਲ ਰੇਟ ਵੀ ਵਧ ਗਿਆ ਹੈ। ਆਈ.ਆਰ.ਸੀ.ਸੀ. ਮੁਤਾਬਕ, 2025 ਵਿੱਚ ਭਾਰਤੀ ਅਪਲਾਈਕੈਂਟਸ ਦਾ 71 ਪ੍ਰਤੀਸ਼ਤ ਰਿਜੈਕਟ ਹੋਇਆ ਹੈ। (ਬਾਕੀ ਸਫ਼ਾ 26 ’ਤੇ)

# ਨਿਊਜ਼ੀਲੈਂਡ 'ਚ ਨਸਲਵਾਦੀ ਗਰੁੱਪ ਨੇ ਨਗਰ ਕੀਰਤਨ ਵਿੱਚ ਪਾਇਆ ਵਿਘਨ

## ਡੈਸਟਿਨੀ ਚਰਚ ਨਾਲ ਜੁੜੇ 'ਟਰੂ ਪੈਟ੍ਰੀਓਟਸ ਆਫ਼ ਐਨਜ਼ੈਡ' ਨੇ ਬੈਨਰ 'ਤੇ ਲਿਖਿਆ 'ਇਹ ਨਿਊਜ਼ੀਲੈਂਡ ਹੈ, ਭਾਰਤ ਨਹੀਂ'

## ਪੁਲਿਸ ਨੇ ਨਗਰ ਕੀਰਤਨ ਨੂੰ ਸੁਰੱਖਿਅਤ ਕੀਤਾ

## ਸਿੱਖਾਂ ਵਿੱਚ ਚਿੰਤਾ, ਨਿਊਜ਼ੀਲੈਂਡ ਵਿੱਚ ਵਧ ਰਿਹੈ ਨਸਲਵਾਦ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916








ਨਿਊਜ਼ੀਲੈਂਡ ਦੇ ਆਕਲੈਂਡ ਸ਼ਹਿਰ ਵਿੱਚ, ਖਾਸ ਕਰਕੇ ਸਾਊਥ ਆਕਲੈਂਡ ਦੇ ਮੈਨੂਰੇਵਾ ਇਲਾਕੇ ਵਿੱਚ ਜਦੋਂ ਨਾਨਕਸਰ ਸਿੱਖ ਗੁਰਦੁਆਰਾ ਸਾਹਿਬ ਤੋਂ ਸਿੱਖ ਭਾਈਚਾਰੇ ਵੱਲੋਂ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ ਤਾਂ ਇਸ ਨਗਰ ਕੀਰਤਨ ਨੂੰ 'ਟਰੂ ਪੈਟ੍ਰੀਓਟਸ ਆਫ਼ ਐੱਨਜ਼ੈੱਡ' ਨਾਂਅ ਦੇ ਲਗਭਗ 50 ਮੈਂਬਰਾਂ ਦੇ ਇੱਕ ਨਸਲਵਾਦੀ ਗਰੁੱਪ ਨੇ ਰੋਡ ਬਲੌਕ ਕਰ ਦਿੱਤੀ। ਇਹ ਗਰੁੱਪ ਡੈਸਟਿਨੀ ਚਰਚ ਨਾਲ ਜੁੜਿਆ ਹੋਇਆ ਹੈ, ਜਿਸ ਦੇ ਆਗੂ ਬ੍ਰਾਇਨ ਤਮਾਕੀ ਹਨ। ਟਰੂ ਪੈਟ੍ਰੀਓਟਸ ਆਫ਼ ਐੱਨਜ਼ੈੱਡ ਦੇ ਮੈਂਬਰਾਂ ਨੇ ਨੀਲੇ ਰੰਗ ਦੀਆਂ ਟੀ-ਸ਼ਰਟਾਂ ਪਹਿਨੀਆਂ ਹੋਈਆਂ ਸਨ ਜਿਨ੍ਹਾਂ ਉੱਤੇ ਲਿਖਿਆ ਸੀ 'ਕੀਵੀਜ਼ ਫ਼ਸਟ', 'ਕੀਪ ਐੱਨਜ਼ੈੱਡ, ਐੱਨਜ਼ੈੱਡ' ਅਤੇ 'ਟਰੂ ਪੈਟ੍ਰੀਓਟ'। ਉਹ ਬਾਂਹਾਂ ਨਾਲ ਜੁੜ ਕੇ ਖੜ੍ਹੇ ਹ ਗਏ ਅਤੇ ਹਾਕਾ ਨਾਚ ਕੀਤਾ। ਹਾਕਾ ਨਿਊਜ਼ੀਲੈਂਡ ਦੇ ਮਾਓਰੀ ਲੋਕਾਂ ਦਾ ਰਵਾਇਤੀ ਨਾਚ ਹੈ ਜੋ ਚੁਣੌਤੀ ਜਾਂ ਤਾਕਤ ਦਿਖਾਉਣ ਲਈ ਵਰਤਿਆ ਜਾਂਦਾ ਹੈ। ਉਨ੍ਹਾਂ ਨੇ ਇੱਕ ਵੱਡਾ ਬੈਨਰ ਵੀ ਚੁੱਕਿਆ ਹੋਇਆ ਸੀ ਜਿਸ ਉੱਤੇ ਲਿਖਿਆ ਸੀ: 'ਇਹ ਨਿਊਜ਼ੀਲੈਂਡ ਹੈ, ਭਾਰਤ ਨਹੀਂ'। ਦੂਸਰੇ ਪਾਸੇ ਸਿੱਖਾਂ ਨੇ ਵੀ ਜੈਕਾਰੇ ਲਗਾਏ। ਇਹ ਘਟਨਾ ਲਗਭਗ 30 ਮਿੰਟ ਵਾਪਰੀ ਅਤੇ ਆਖਿਰ ਵਿੱਚ ਪੁਲਿਸ ਨੇ ਸਿੱਖ ਨਗਰ ਕੀਰਤਨ ਨੂੰ ਸੁਰੱਖਿਅਤ ਢੰਗ ਨਾਲ ਅੱਗੇ ਵਧਣ ਦਿੱਤਾ।

ਇੰਸਪੈਕਟਰ ਮੈਟ ਹੋਏਸ ਨੇ ਕਿਹਾ ਕਿ ਲਗਭਗ 50 ਵਿਰੋਧੀਆਂ ਨੇ ਰੋਡ ਬਲੌਕ ਕੀਤੀ ਹੋਈ ਸੀ ਅਤੇ ਨਗਰ ਕੀਰਤਨ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਪੁਲਿਸ ਨੇ ਤੁਰੰਤ ਕਾਰਵਾਈ ਕੀਤੀ ਤੇ ਸੜਕ ਖਾਲੀ ਕਰਵਾਕੇ ਨਗਰ ਕੀਰਤਨ ਨੂੰ ਅੰਤ ਤੱਕ ਐਸਕੌਰਟ ਕੀਤਾ ਅਤੇ ਬਾਅਦ ਵਿੱਚ ਵੀ ਖੇਤਰ ਵਿੱਚ ਰਹੇ ਤਾਂ ਜੋ ਸਿੱਖ ਭਾਈਚਾਰੇ ਨੂੰ ਸੁਰੱਖਿਆ ਮਹਿਸੂਸ ਕਰੇ। ਹੋਏਸ ਨੇ ਕਿਹਾ: 'ਅਸੀਂ ਅਜਿਹੇ ਕੰਮ ਨਹੀਂ ਸਹਿਣ ਕਰਾਂਗੇ ਜੋ ਜਨਤਕ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਜਾਂ ਦੂਜਿਆਂ ਨੂੰ ਡਰਾਉਣ।' ਪੁਲਿਸ ਨੇ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕੀਤਾ, ਕਿਉਂਕਿ ਕੋਈ ਹਿੰਸਾ ਨਹੀਂ ਹੋਈ ਪਰ ਉਨ੍ਹਾਂ ਨੇ ਸਥਿਤੀ ਨੂੰ ਕੰਟਰੋਲ ਵਿੱਚ ਰੱਖਿਆ।

### ਨਸਲਵਾਦੀ ਗਰੁਪ ਵੱਲੋਂ ਵਿਰੋਧ ਕਿਉਂ ?

ਟਰੂ ਪੈਟ੍ਰੀਓਟਸ ਆਫ਼ ਐੱਨਜ਼ੈੱਡ ਆਪਣੇ ਫ਼ੇਸਬੁੱਕ ਪੇਜ ਉੱਤੇ ਆਪਣੇ ਆਪ ਨੂੰ 'ਗਾਰਡੀਅਨਜ਼ ਆਫ਼ ਦ ਕੀਵੀ ਵੇ ਆਫ਼ ਲਾਈਫ਼ ਡਿਫ਼ੈਂਡਰਜ਼ ਆਫ਼ ਫ਼ੇਥ, ਫ਼ਲੈਗ ਐਂਡ ਫ਼ੈਮਿਲੀ' ਕਹਿੰਦੇ ਹਨ। ਉਹ ਗਲੋਬਲਿਜ਼ਮ, ਮਾਸ ਇਮੀਗ੍ਰੇਸ਼ਨ ਅਤੇ ਵੋਕ ਆਈਡੀਓਲੌਜੀ ਦੇ ਵਿਰੋਧ ਵਿੱਚ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਨਿਊਜ਼ੀਲੈਂਡ ਇੱਕ ਇਸਾਈ ਦੇਸ਼ ਹੈ ਅਤੇ ਵਿਦੇਸ਼ੀ ਧਰਮਾਂ ਨੂੰ ਇੱਥੇ ਨਹੀਂ ਫ਼ੈਲਣ ਦਿੱਤਾ ਜਾਣਾ ਚਾਹੀਦਾ। ਬ੍ਰਾਇਨ ਤਮਾਕੀ, ਜੋ ਡੈਸਟਿਨੀ ਚਰਚ ਦੇ ਫ਼ਾਊਂਡਰ ਹਨ, ਨੇ ਪਹਿਲਾਂ ਵੀ ਅਜਿਹੇ ਵਿਰੋਧ ਕੀਤੇ ਹਨ। ਜੂਨ 2025 ਵਿੱਚ ਉਨ੍ਹਾਂ ਨੇ ਆਕਲੈਂਡ ਵਿੱਚ ਇੱਕ ਮਾਰਚ ਕੀਤਾ ਜਿਸ ਨੂੰ 'ਫ਼ੇਥ, ਫ਼ਲੈਗ ਐਂਡ ਫ਼ੈਮਿਲੀ' ਕਿਹਾ ਗਿਆ ਸੀ। ਉਸ ਵਿੱਚ ਉਹ ਇਮੀਗ੍ਰੇਸ਼ਨ ਅਤੇ ਗੈਰ-ਇਸਾਈ ਧਰਮਾਂ ਦੇ ਵਿਰੋਧ ਵਿੱਚ ਬੋਲੇ ਸਨ। ਉਸ ਸਮੇਂ ਕੁਝ ਧਰਮਾਂ ਦੇ ਝੰਡੇ ਵੀ ਫ਼ਾੜੇ ਗਏ ਸਨ।

ਤਮਾਕੀ ਨੇ ਇਸ ਵਾਰ ਵੀ ਆਪਣੇ ਪੋਸਟ ਵਿੱਚ ਕਿਹਾ ਕਿ ਸਿੱਖਾਂ ਨੇ ਤਲਵਾਰਾਂ ਅਤੇ ਖੰਜਰ (ਕਿਰਪਾਨਾਂ) ਨਾਲ ਨਗਰ ਕੀਰਤਨ ਕੱਢਿਆ, ਜੋ ਜਨਤਕ ਸੁਰੱਖਿਆ ਲਈ ਖਤਰਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਰੋਡਾਂ ਬੰਦ ਹੋਣ ਨਾਲ ਲੋਕਲ ਲੋਕ ਪਰੇਸ਼ਾਨ ਹੋਏ ਅਤੇ ਵਪਾਰ ਪ੍ਰਭਾਵਿਤ ਹੋਏ ਹਨ। ਉਨ੍ਹਾਂ ਨੇ ਖ਼ਾਲਿਸਤਾਨੀ ਝੰਡੇ ਵੇਖੇ ਜਾਣ ਦਾ ਦਾਅਵਾ ਵੀ ਕੀਤਾ, ਜੋ ਸਿੱਖ ਵੱਖਵਾਦ ਨਾਲ ਜੁੜੇ ਹਨ। ਤਮਾਕੀ ਦਾ ਕਹਿਣਾ ਹੈ ਕਿ ਬਹੁਵਾਦ ਤੋਂ ਅਸੀਂ ਨਿਊਜ਼ੀਲੈਂਡ ਦੀ ਆਪਣੀ ਕੀਵੀ ਜੀਵਨ ਸ਼ੈਲੀ ਨੂੰ ਬਚਾਉਣਾ ਚਾਹੁੰਦੇ ਹਾਂ। ਉਹ ਕਹਿੰਦੇ ਹਨ ਕਿ ਨਿਊਜ਼ੀਲੈਂਡ ਇੱਕ ਨੈਸ਼ਨ, ਇੱਕ ਲੋਕ, ਇੱਕ ਕਾਨੂੰਨ, ਇੱਕ ਵੋਟ, ਇੱਕ ਝੰਡਾ ਅਤੇ ਇੱਕ ਰੱਬ (ਜੀਸਸ) ਅਧੀਨ ਹੈ।

ਡੈਸਟਿਨੀ ਚਰਚ 1998 ਵਿੱਚ ਬ੍ਰਾਇਨ ਅਤੇ ਹੰਨਾਹ ਤਮਾਕੀ ਨੇ ਸਥਾਪਿਤ ਕੀਤੀ ਸੀ। ਇਹ ਇੱਕ ਫ਼ੰਡਾਮੈਂਟਲਿਸਟ ਇਸਾਈ ਗਰੁੱਪ ਹੈ।

### ਕੀ ਕਹਿੰਦੇ ਹਨ ਪੰਥਕ ਆਗੂ ?

ਸਿੱਖ ਭਾਈਚਾਰਾ ਇਸ ਘਟਨਾ ਬਾਅਦ ਸ਼ਾਂਤੀ ਨਾਲ ਵਿਰੋਧ ਕਰ ਰਿਹਾ ਹੈ। ਇਹ ਘਟਨਾ ਨਿਊਜ਼ੀਲੈਂਡ ਵਿੱਚ ਵਧ ਰਹੇ ਨਸਲਵਾਦ ਨੂੰ ਦਰਸਾਉਂਦੀ ਹੈ। ਸਿੱਖ ਅਤੇ ਭਾਰਤੀ ਭਾਈਚਾਰਾ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਉਹ ਅਕਸਰ ਨਸਲੀ ਵਿਤਕਰੇ ਦਾ ਸ਼ਿਕਾਰ ਹੁੰਦੇ ਹਨ। ਨਿਊਜ਼ੀਲੈਂਡ ਤੋਂ ਸਿੱਖਾਂ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਸਥਾਨਕ ਮਾਓਰੀ ਭਾਈਚਾਰਾ ਸਿੱਖਾਂ ਨਾਲ ਰਲ ਮਿਲ ਕੇ ਰਹਿੰਦਾ ਹੈ ਤੇ ਇਹ ਘਟਨਾ ਕਿਸੇ ਸ਼ਰਾਰਤੀ ਗੁੱਟ ਦੀ ਕਾਰਵਾਈ ਲੱਗਦੀ ਹੈ। ਘਟਨਾ ਮਗਰੋਂ ਨਿਊਜ਼ੀਲੈਂਡ 'ਚ 25 ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੇ ਸਥਾਨਕ ਅਧਿਕਾਰੀਆਂ ਨਾਲ ਰਾਬਤਾ ਬਣਾਇਆ ਹੋਇਆ ਹੈ। ਨਾਨਕਸਰ ਸਿੱਖ ਗੁਰਦੁਆਰਾ ਸਾਹਿਬ ਦੇ ਟਰੱਸਟੀ ਗੁਰਚਰਨ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਆਕਲੈਂਡ ਕੌਂਸਲ ਤੋਂ ਨਗਰ ਕੀਰਤਨ ਲਈ ਇਜਾਜ਼ਤ ਮਿਲੀ ਹੋਈ ਸੀ। ਇੱਕ ਮੈਂਬਰ ਸੰਨੀ ਸਿੰਘ, ਜੋ ਇਮੀਗ੍ਰੇਸ਼ਨ ਅਡਵਾਈਜ਼ਰ ਹਨ, ਨੇ ਕਿਹਾ ਕਿ ਅਸੀਂ ਸ਼ਾਂਤ ਰਹੇ ਅਤੇ ਵਿਵਾਦ ਨੂੰ ਵਧਣ ਨਹੀਂ ਦਿੱਤਾ ਤਾਂ ਜੋ ਕੋਈ ਨੁਕਸਾਨ ਨਾ ਹੋਵੇ। ਉਹ ਕਹਿੰਦੇ ਹਨ ਕਿ ਸਿੱਖ ਨਿਊਜ਼ੀਲੈਂਡ ਵਿੱਚ ਲੰਮੇ ਸਮੇਂ ਤੋਂ ਰਹਿ ਰਹੇ ਹਨ ਅਤੇ ਕੋਵਿਡ ਸਮੇਂ ਵਿੱਚ ਵੀ ਨਿਊਜੀਲੈਂਡ ਦੇ ਭਾਈਚਾਰੇ ਦੀ ਮਦਦ ਕੀਤੀ ਸੀ। ਉਹ ਕਹਿੰਦੇ ਹਨ ਕਿ ਨਿਊਜ਼ੀਲੈਂਡ ਇੱਕ ਮਲਟੀਕਲਚਰਲ ਦੇਸ਼ ਹੈ ਜਿੱਥੇ ਹਰ ਧਰਮ ਨੂੰ ਆਪਣੀ ਰਵਾਇਤ ਮਨਾਉਣ ਦਾ ਹੱਕ ਹੈ।

ਨਿਊਜ਼ੀਲੈਂਡ ਦੇ ਪਹਿਲੇ ਭਾਰਤੀ-ਮੂਲ ਅਤੇ ਪਹਿਲੇ ਸਿੱਖ ਸੰਸਦ ਮੈਂਬਰ ਕੰਵਲਜੀਤ ਸਿੰਘ ਬਖਸ਼ੀ ਨੇ ਕਿਹਾ ਕਿ ਇਹ ਕੋਈ ਵਿਰੋਧ ਨਹੀਂ ਸੀ, ਸਗੋਂ ਇੱਕ ਨਸਲੀ ਗੁੰਡਾਗਰਦੀ ਸੀ। ਜੇ ਇਹ ਲੋਕ 'ਨਿਊਜ਼ੀਲੈਂਡ ਨੂੰ ਨਿਊਜ਼ੀਲੈਂਡ ਬਣਾਈ ਰੱਖਣ' ਦੀ ਗੱਲ ਕਰਦੇ ਹਨ, ਤਾਂ ਉਹ ਕੋਈ ਅਸਲ ਪਰੰਪਰਾ ਨਹੀਂ ਬਚਾ ਰਹੇ। ਉਹ ਇੱਕ ਝੂਠੀ ਇੱਕ-ਸੱਭਿਆਚਾਰ ਵਾਲੀ ਤਸਵੀਰ ਬਣਾ ਰਹੇ ਹਨ ਜੋ ਕਦੇ ਸੀ ਹੀ ਨਹੀਂ। ਬਖਸ਼ੀ ਨੇ ਇਹ ਵੀ ਕਿਹਾ: 'ਕੋਵਿਡ ਦੌਰਾਨ ਜਦੋਂ ਸਿੱਖ ਭਾਈਚਾਰੇ ਨੇ ਹਜ਼ਾਰਾਂ ਫ਼ੂਡ ਪੈਕੇਟ ਬਿਨਾਂ ਕਿਸੇ ਧਰਮ-ਜਾਤ ਵਿਤਕਰੇ ਦੇ ਵੰਡੇ, ਤਾਂ ਇਹ ਲੋਕ ਕਿੱਥੇ ਸਨ ? ਉਸ ਮੁਸ਼ਕਿਲ ਸਮੇਂ ਵਿੱਚ ਉਹ ਕਿਉਂ ਨਹੀਂ ਆਏ ?'

ਨਿਊਜ਼ੀਲੈਂਡ ਸੈਂਟਰਲ ਸਿੱਖ ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ ਨੇ ਕਿਹਾ: 'ਸਾਨੂੰ ਆਪਣੇ ਸਿੱਖ ਭਾਈਚਾਰੇ ਦੇ ਸ਼ਾਂਤਮਈ ਰਵੱਈਏ ਤੇ ਮਾਣ ਹੈ।'

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਇਸ ਮਾਮਲੇ ਨੂੰ ਨਿਊਜ਼ੀਲੈਂਡ ਸਰਕਾਰ ਕੋਲ ਉਠਾਉਣਾ ਚਾਹੀਦਾ ਹੈ।

ਨਵੇਂ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਨਗਰ ਕੀਰਤਨ ਦਾ ਇਹ ਵਿਰੋਧ ਨਾ ਸਿਰਫ਼ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਬਲਕਿ ਨਸਲਵਾਦੀ ਵਿਚਾਰਧਾਰਾ ਦਾ ਪ੍ਰਤੀਕ ਵੀ ਹੈ, ਜੋ ਅਡੌਲਫ਼ ਹਿਟਲਰ ਵਰਗੀ ਫ਼ਾਸ਼ਿਸਟ ਸੋਚ ਨਾਲ ਮੇਲ ਖਾਂਦੀ ਹੈ। ਅਜਿਹੇ ਅਨਸਰ ਸਮਾਜਿਕ ਭਾਈਚਾਰੇ ਵਿੱਚ ਕੁੜੱਤਣ ਪੈਦਾ ਕਰ ਰਹੇ ਹਨ। ਨਿਊਜੀਲੈਂਡ ਸਰਕਾਰ ਸਖ਼ਤ ਕਾਰਵਾਈ ਕਰੇ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਦੇ ਨਗਰ ਕੀਰਤਨ ਵਿੱਚ ਵਿਘਨ ਪਾਉਣ ਵਾਲੇ ਨਸਲਵਾਦੀ ਗਰੁੱਪ ਦੀ ਨਿੰਦਾ ਕਰਦਿਆਂ ਕਿਹਾ ਕਿ ਸਮੂਹ ਸਿੱਖ ਪੰਥ ਨਿਊਜੀਲੈਂਡ ਸਰਕਾਰ ਨੂੰ ਦਖਲ ਦੇਣ ਦੀ ਮੰਗ ਕਰੇ ਤੇ ਇਸ ਅੱਤਵਾਦੀ ਗਰੁੱਪ ਉੱਪਰ ਪਾਬੰਦੀ ਲਗਵਾਉਣ ਲਈ ਮੁਹਿੰਮ ਸ਼ੁਰੂ ਕਰੇ। ਬਾਬਾ ਬੇਦੀ ਦਾ ਕਹਿਣਾ ਹੈ ਕਿ ਸਿੱਖ ਪੰਥ ਰੋਜ਼ਾਨਾ ਅਰਦਾਸ ਵਿੱਚ ਸਰਬੱਤ ਦਾ ਭਲਾ ਮੰਗਦਾ ਹੈ ਅਤੇ ਰੋਜ਼ਮਰ੍ਹਾ ਜੀਵਨ ਵਿੱਚ ਇਸ ਨੂੰ ਨਿਭਾਉਂਦਾ ਹੈ। ਸਿੱਖ ਹਮੇਸ਼ਾ ਨਸਲਵਾਦ ਵਿਰੁੱਧ ਲੜੇ ਹਨ ਅਤੇ ਸੰਕਟਾਂ ਵਿੱਚੋਂ ਨਿਕਲ ਕੇ ਦੇਸ਼ਾਂ-ਵਿਦੇਸ਼ਾਂ ਵਿੱਚ ਸਥਾਪਤ ਹੋਏ ਹਨ। ਨਿਆਂ ਅਤੇ ਸ਼ਾਂਤੀ, ਸਾਂਝੀਵਾਲਤਾ ਸਰਬਤ ਦਾ ਭਲਾ ਸਿੱਖ ਪੰਥ ਦੇ ਮੁੱਖ ਉਦੇਸ਼ ਹਨ। ਅੱਜ ਵੀ ਸਿੱਖ ਆਪਣੇ ਸੁਭਾਅ, ਸਾਂਝੀਵਾਲਤਾ ਅਤੇ ਚੜ੍ਹਦੀਕਲਾ ਨਾਲ ਅਜਿਹੇ ਸੰਕਟਾਂ ਨਾਲ ਨਿਬੜ ਲੈਣਗੇ। ਸਿੱਖ ਪੰਥ ਦਾ ਭਵਿੱਖ ਸੁਨਹਿਰੀ ਹੈ, ਜਿੱਥੇ ਸਰਬੱਤ ਦਾ ਭਲਾ ਅਤੇ ਮਨੁੱਖੀ ਸੇਵਾ ਉਸ ਦਾ ਮਿਸ਼ਨ ਰਹੇਗਾ। ਬਾਬਾ ਬੇਦੀ ਆਖਦੇ ਹਨ ਕਿ ਪ੍ਰਵਾਸੀ ਖ਼ਾਲਸਾ ਜੀ ਨੂੰ ਗੁਰੂ ਦਾ ਦਿੱਤਾ ਹਥਿਆਰ ਸਰਬਤ ਦਾ ਭੱਲਾ, ਸਾਂਝੀਵਾਲਤਾ ਉਪਰ ਤਕੜੇ ਹੋਕੇ ਪਹਿਰਾ ਦੇਣਾ ਚਾਹੀਦਾ ਹੈ।

(ਬਾਕੀ ਸਫ਼ਾ 26 'ਤੇ)

# ਅਮਰੀਕਾ ਤੋਂ ਆਸਟ੍ਰੇਲੀਆ ਤੱਕ ਨ.ਫਰਤੀ ਹਮਲਿਆਂ ਦਾ ਸ਼ਿਕਾਰ ਕਿਉਂ ਹੋ ਰਹੇ ਹਨ ਭਾਰਤੀ ?




ਪਿਛਲੇ ਕੁਝ ਸਾਲਾਂ ਵਿੱਚ, ਅਮਰੀਕਾ, ਯੂਰਪ ਅਤੇ ਆਸਟ੍ਰੇਲੀਆ ਵਰਗੇ ਵਿਕਸਤ ਦੇਸ਼ਾਂ ਵਿੱਚ ਭਾਰਤੀ ਲੋਕਾਂ ਉੱਤੇ ਨਸਲੀ ਹਮਲੇ ਵਧ ਰਹੇ ਹਨ। ਇਹ ਨਾ ਸਿਰਫ਼ ਵਿਦਿਆਰਥੀਆਂ ਤੱਕ ਸੀਮਤ ਹਨ, ਸਗੋਂ ਕੰਮ ਕਰਨ ਵਾਲੇ ਲੋਕ ਅਤੇ ਪੱਕੇ ਨਾਗਰਿਕ ਵੀ ਇਨ੍ਹਾਂ ਹਮਲਿਆਂ ਦਾ ਸ਼ਿਕਾਰ ਹੋ ਰਹੇ ਹਨ। ਜੁਲਾਈ 2025 ਵਿੱਚ ਆਇਰਲੈਂਡ ਦੇ ਡਬਲਿਨ ਵਿੱਚ ਇੱਕ ਭਾਰਤੀ ਕੈਬ ਡਰਾਈਵਰ ਉੱਤੇ ਭੀੜ ਨੇ ਹਮਲਾ ਕੀਤਾ ਅਤੇ 'ਗੋ ਬੈਕ ਟੂ ਇੰਡੀਆ' ਦੇ ਨਾਅਰੇ ਲਗਾਏ। ਉਸੇ ਮਹੀਨੇ ਆਸਟ੍ਰੇਲੀਆ ਦੇ ਐਡੀਲੇਡ ਵਿੱਚ 23 ਸਾਲਾਂ ਦੇ ਭਾਰਤੀ ਵਿਦਿਆਰਥੀ ਚਰਨਪ੍ਰੀਤ ਸਿੰਘ ਉੱਤੇ ਪੰਜ ਲੋਕਾਂ ਨੇ ਨਸਲੀ ਗਾਲ੍ਹਾਂ ਕਢਕੇ ਹਮਲਾ ਕੀਤਾ। ਸਤੰਬਰ 2025 ਵਿੱਚ ਅਮਰੀਕਾ ਦੇ ਡੱਲਾਸ ਵਿੱਚ ਭਾਰਤੀ ਮੂਲ ਦੇ ਚੰਦਰਮੌਲੀ ਨਾਗਮੱਲੈਆ ਦੀ ਹੱਤਿਆ ਕੀਤੀ ਗਈ। ਅਗਸਤ 2025 ਵਿੱਚ ਫ਼ਲੋਰੀਡਾ ਵਿੱਚ ਇੱਕ ਸਿੱਖ ਟਰੱਕ ਡਰਾਈਵਰ ਨਾਲ ਜੁੜੇ ਐਕਸੀਡੈਂਟ ਤੋਂ ਬਾਅਦ ਆਨਲਾਈਨ ਨ.ਫਰਤੀ ਮੁਹਿੰਮ ਸ਼ੁਰੂ ਹੋ ਗਈ। ਇਹ ਸਿਰਫ਼ ਕੁਝ ਉਦਾਹਰਣਾਂ ਹਨ। ਆਸਟ੍ਰੇਲੀਆ ਵਿੱਚ ਐਂਟੀ-ਇਮੀਗ੍ਰੇਸ਼ਨ ਪ੍ਰੋਟੈਸਟਾਂ ਤੋਂ ਬਾਅਦ ਭਾਰਤੀ ਲੋਕਾਂ ਨੂੰ ਨਸਲੀ ਗਾਲ੍ਹਾਂ ਕਢ ਕੇ ਤੰਗ ਕੀਤਾ ਜਾ ਰਿਹਾ ਹੈ। ਖਾਸ ਕਰਕੇ ਸਿੱਖ ਭਾਈਚਾਰੇ ਨੂੰ ਵਧੇਰੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਿੱਥੇ ਪੱਗ ਅਤੇ ਦਾੜ੍ਹੀ ਵਰਗੇ ਧਾਰਮਿਕ ਚਿੰਨ੍ਹਾਂ ਕਰਕੇ ਉਹ ਆਸਾਨੀ ਨਾਲ ਪਛਾਣੇ ਜਾਂਦੇ ਹਨ। ਇਹ ਹਮਲੇ ਨਸਲਵਾਦ, ਰਾਜਨੀਤਿਕ ਮਾਹੌਲ ਅਤੇ ਸੁਰੱਖਿਆ ਨਾਕਾਮੀਆਂ ਕਰਕੇ ਵਧ ਰਹੇ ਹਨ। 2022 ਤੋਂ 2025 ਤੱਕ ਅਮਰੀਕਾ ਵਿੱਚ ਸਿੱਖਾਂ ਉੱਤੇ ਨ.ਫਰਤੀ ਅਪਰਾਧਾਂ ਦੇ ਅੰਕੜੇ ਵਧੇ ਹਨ। ਐਫ਼.ਬੀ.ਆਈ. ਦੀ ਰਿਪੋਰਟ ਮੁਤਾਬਕ, 2024 ਵਿੱਚ ਅਮਰੀਕਾ ਵਿੱਚ ਸਿੱਖਾਂ ਉੱਤੇ 153 ਨ.ਫਰਤੀ ਅਪਰਾਧ ਵਾਪਰੇ, ਜੋ ਧਾਰਮਿਕ ਗਰੁੱਪਾਂ ਵਿੱਚ ਤੀਜੇ ਨੰਬਰ ਉੱਤੇ ਹਨ। 2023 ਵਿੱਚ ਇਹ ਗਿਣਤੀ 150 ਸੀ ਅਤੇ 2022 ਵਿੱਚ 198। ਭਾਵੇਂ ਇਹ ਹਮਲੇ ਥੋੜੇ ਘਟੇ ਹਨ , ਪਰ ਸਿੱਖ ਅਜੇ ਵੀ ਨਸਲਵਾਦੀਆਂ ਦੇ ਨਿਸ਼ਾਨੇ ਉੱਤੇ ਹਨ। ਯੂਕੇ ਵਿੱਚ ਵੀ ਸਿੱਖਾਂ ਉੱਤੇ ਹਮਲੇ ਵਧੇ ਹਨ। ਸਤੰਬਰ 2025 ਵਿੱਚ ਵੈਸਟ ਮਿਡਲੈਂਡਜ਼ ਵਿੱਚ ਇੱਕ ਸਿੱਖ ਮਹਿਲਾ ਉੱਤੇ ਬਲਾਤਕਾਰ ਅਤੇ ਨਸਲੀ ਗਾਲ੍ਹਾਂ ਵਾਲਾ ਹਮਲਾ ਵਾਪਰਿਆ। ਹਮਲਾਵਰ ਨੇ ਕਿਹਾ, 'ਤੂੰ ਇਸ ਦੇਸ਼ ਵਿੱਚ ਨਹੀਂ ਰਹਿ ਸਕਦੀਂ, ਵਾਪਸ ਜਾ।' ਕੈਨੇਡਾ ਵਿੱਚ ਸਿੱਖ ਗੁਰੂਘਰਾਂ ਉੱਤੇ ਤੋੜ-ਫ਼ੋੜ ਦੀਆਂ ਘਟਨਾਵਾਂ ਵਧੀਆਂ ਹਨ। ਆਸਟ੍ਰੇਲੀਆ ਵਿੱਚ ਵੀ ਸਿੱਖ ਵਿਦਿਆਰਥੀਆਂ ਨੂੰ ਨਸਲੀ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਯੂਨਾਈਟਿਡ ਸਿੱਖਸ ਵਰਗੀਆਂ ਸੰਸਥਾਵਾਂ ਨੇ ਚਿਤਾਵਨੀ ਦਿੱਤੀ ਹੈ ਕਿ ਨ.ਫਰਤੀ ਅਪਰਾਧ ਅਜੇ ਵੀ ਵਧ ਰਹੇ ਹਨ ਅਤੇ ਸਰਕਾਰਾਂ ਸਿੱਖ ਭਾਈਚਾਰੇ ਨੂੰ ਵਧੇਰੇ ਸੁਰੱਖਿਆ ਦੇਣ ।

# ਅਮਰੀਕੀ ਨਿਆਂ ਵਿਭਾਗ ਦੀਆਂ ਐਪਸਟਾਈਨ ਫ਼ਾਈਲਾਂ ’ਤੇ ਮੁੜ ਦਿਖਾਈ ਦੇਣ ਲੱਗੀ ਟਰੰਪ ਦੀ ਤਸਵੀਰ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਨਿਆਂ ਵਿਭਾਗ ਨੇ ਜੈਫਰੀ ਐਪਸਟੀਨ ਨਾਲ ਸਬੰਧਿਤ ਦਸਤਾਵੇਜ਼ਾਂ ਵਿੱਚੋਂ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਗਾਇਬ ਕੀਤੀਆਂ ਤਸਵੀਰਾਂ ਨੂੰ ਭਾਰੀ ਵਿਰੋਧ ਤੋਂ ਬਾਅਦ ਦੁਬਾਰਾ ਜਨਤਕ ਕਰ ਦਿੱਤਾ ਹੈ।

ਦਰਅਸਲ, ਅਮਰੀਕੀ ਨਿਆਂ ਵਿਭਾਗ ਨੇ ਜੈਫਰੀ ਐਪਸਟੀਨ ਦੇ ਹਾਲ ਹੀ ਵਿੱਚ ਜਾਰੀ ਕੀਤੇ ਦਸਤਾਵੇਜ਼ਾਂ ਦੀ ਇੱਕ ਤਸਵੀਰ ਮੁੜ ਜਾਰੀ ਕੀਤੀ ਹੈ, ਜਿਸ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਨਜ਼ਰ ਆ ਰਹੇ ਹਨ। ਫੋਟੋ ਵਿੱਚ ਟਰੰਪ ਕੁਝ ਔਰਤਾਂ ਦੇ ਨਾਲ ਦਿਖਾਈ ਦੇ ਰਹੇ ਹਨ। ਨਿਆਂ ਵਿਭਾਗ ਨੇ ਫੋਟੋ ਹਟਾਉਣ ਬਾਰੇ ਸਪੱਸ਼ਟ ਕੀਤਾ ਕਿ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਵੱਲੋਂ ਪੀੜਤਾਂ ਦੀ ਪਛਾਣ ਦੀ ਸੁਰੱਖਿਆ ਲਈ ਇਸ ਤਸਵੀਰ ’ਤੇ ਇਤਰਾਜ਼ ਜਤਾਏ ਜਾਣ ਤੋਂ ਬਾਅਦ ਇਸਨੂੰ ਆਰਜ਼ੀ ਤੌਰ ’ਤੇ ਹਟਾਇਆ ਗਿਆ ਸੀ। ਇਸ ਤਸਵੀਰ ਵਿੱਚ ਐਪਸਟੀਨ ਦਾ ਕੋਈ ਵੀ ਪੀੜਤ ਨਹੀਂ ਦਿਖਾਇਆ ਗਿਆ ਹੈ।

**ਕਿਹੜੀ ਤਸਵੀਰ ਹਟਾਈ ਗਈ ਸੀ ?**

ਐਪਸਟੀਨ ਫਾਈਲ ਦੀਆਂ ਤਸਵੀਰਾਂ ਵਿੱਚ ਟਰੰਪ ਔਰਤਾਂ ਦੇ ਇੱਕ ਸਮੂਹ ਦੇ ਨਾਲ ਖੜ੍ਹੇ ਦਿਖਾਈ ਦੇ ਰਹੇ ਸਨ, ਜਦੋਂ ਕਿ ਦੂਜੀ ਤਸਵੀਰ ਵਿੱਚ ਉਹ ਆਪਣੀ ਪਤਨੀ ਮੇਲਾਨੀਆ, ਐਪਸਟੀਨ ਅਤੇ ਐਪਸਟੀਨ ਦੀ ਹੁਣ ਦੋਸ਼ੀ ਕਰਾਰ ਦਿੱਤੀ ਜਾ ਚੁੱਕੀ ਸਹਿਯੋਗੀ ਘਿਸਲੇਨ ਮੈਕਸਵੈੱਲ ਦੇ ਨਾਲ ਨਜ਼ਰ ਆ ਰਹੇ ਸਨ। ਇਸ ਵਿੱਚ ਬਦਨਾਮ ਫਾਈਨਾਂਸਰ ਦੀ ਸਾਬਕਾ ਰਾਸ਼ਟਰਪਤੀ ਬਿੱਲ ਕਲਿੰਟਨ ਅਤੇ ਪੋਪ ਜੌਨ ਪਾਲ 99 ਦੇ ਨਾਲ ਦੀਆਂ ਤਸਵੀਰਾਂ ਵੀ ਸ਼ਾਮਲ ਸਨ।



**ਤਸਵੀਰਾਂ ਕਿਉਂ ਹਟਾਈਆਂ ਗਈਆਂ ਸਨ ?**

ਨਿਆਂ ਵਿਭਾਗ ਨੇ ਕਿਹਾ ਕਿ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਵੱਲੋਂ ਪੀੜਤਾਂ ਦੀ ਪਛਾਣ ਦੀ ਸੁਰੱਖਿਆ ਲਈ ਇਨ੍ਹਾਂ ਤਸਵੀਰਾਂ ’ਤੇ ਇਤਰਾਜ਼ ਜਤਾਉਣ ਤੋਂ ਬਾਅਦ, ਸਮੀਖਿਆ ਲਈ ਇਨ੍ਹਾਂ ਨੂੰ ਆਰਜ਼ੀ ਤੌਰ ’ਤੇ ਹਟਾ ਦਿੱਤਾ ਗਿਆ ਸੀ। ਹਾਲਾਂਕਿ, ਆਨਲਾਈਨ ਵਿਰੋਧ ਤੋਂ ਬਾਅਦ, ਉਨ੍ਹਾਂ ਨੇ ਇਸ ਨੂੰ ਬਹਾਲ ਕਰ ਦਿੱਤਾ ਅਤੇ ਸਪੱਸ਼ਟ ਕੀਤਾ ਕਿ ਤਸਵੀਰ ਵਿੱਚ ਐਪਸਟੀਨ ਦਾ ਕੋਈ ਵੀ ਪੀੜਤ ਨਹੀਂ ਦਿਖਾਇਆ ਗਿਆ ਹੈ। ਨਿਆਂ ਵਿਭਾਗ ਨੇ ਸੋਸ਼ਲ ਮੀਡੀਆ ’ਤੇ ਇੱਕ ਪੋਸਟ ਵਿੱਚ ਕਿਹਾ ਕਿ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਨੇ ਪੀੜਤਾਂ ਦੀ ਸੁਰੱਖਿਆ ਲਈ ਸੰਭਾਵਿਤ ਅਗਲੀ ਕਾਰਵਾਈ ਵਾਸਤੇ ਰਾਸ਼ਟਰਪਤੀ ਟਰੰਪ ਦੀ ਇੱਕ ਤਸਵੀਰ ਨੂੰ ਚਿੰਨ੍ਹਿਤ ਕੀਤਾ ਸੀ। ਨਿਆਂ ਵਿਭਾਗ ਨੇ ਕਿਹਾ ਕਿ ਅਗਲੀ ਸਮੀਖਿਆ ਲਈ ਤਸਵੀਰ ਨੂੰ ਆਰਜ਼ੀ ਤੌਰ ’ਤੇ ਹਟਾ ਦਿੱਤਾ ਗਿਆ ਸੀ। ਸਮੀਖਿਆ ਤੋਂ ਬਾਅਦ ਇਹ ਨਿਰਧਾਰਤ ਕੀਤਾ ਗਿਆ ਕਿ ਇਸ ਤਸਵੀਰ ਵਿੱਚ ਐਪਸਟੀਨ ਦੇ ਕਿਸੇ ਵੀ ਪੀੜਤ ਦੇ ਹੋਣ ਦਾ ਕੋਈ ਸਬੂਤ ਨਹੀਂ ਹੈ ਅਤੇ ਇਸ ਨੂੰ ਬਿਨਾਂ ਕਿਸੇ ਬਦਲਾਅ ਜਾਂ ਸੰਪਾਦਨ ਦੇ ਮੁੜ ਪੋਸਟ ਕਰ ਦਿੱਤਾ ਗਿਆ ਹੈ।

## ਕੈਲੀਫ਼ੋਰਨੀਆ ’ਚ 60 ਸਾਲਾ ਪੰਜਾਬਣ ਹੋਟਲ ਮਾਲਕਨ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਲਾਂਗਬੀਚ ’ਤੇ ਦਹਾਕਿਆਂ ਤੋਂ ਆਪਣੇ ਪਤੀ ਨਾਲ ਨਟਰਾਜ ਕੁਜਿਨ ਆਫ਼ ਇੰਡੀਆ ਨਾਮੀ ਹੋਟਲ ਚਲਾ ਰਹੀ ਪੰਜਾਬਣ ਬੀਬੀ ਬੱਬਲਜੀਤ ਬਬਲੀ ਕੌਰ (60) ਨੂੰ ਸੰਘੀ ਏਜੰਟਾਂ ਵੱਲੋਂ ਗ੍ਰਿਫ਼ਤਾਰ ਕਰ ਲੈਣ ਦੀ ਖ਼ਬਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਉਸ ਨੂੰ ਉਸ ਦੇ ਗਰੀਨ ਕਾਰਡ ਦਰਖਾਸਤ ਨਾਲ ਸਬੰਧਤ ਬਾਇਓਮੈਟ੍ਰਿਕ ਜਾਂਚ ਪੜਤਾਲ ਦੌਰਾਨ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਸਮੇ ਉਸ ਨੂੰ ਵਿਕਟਰਵਿਲੇ ਨੇੜੇ ਐਡੀਲਾਂਟੋ ਵਿਖੇ ਇਮੀਗ੍ਰੇਸ਼ਨ ਐਂਡ ਕਸਟਮ ਇਨਫ਼ੋਰਸਮੈਂਟ (ਆਈ ਸੀ ਈ) ਡਿਟੈਨਸ਼ਨ ਸੈਂਟਰ ਵਿਖੇ ਰਖਿਆ ਗਿਆ ਹੈ। ਪਿਛਲੇ 30 ਸਾਲ ਤੋਂ ਲਾਂਗਬੀਚ ਭਾਈਚਾਰੇ ਨਾਲ ਜੁੜੀ ਰਹੀ ਬੱਬਲਜੀਤ ਕੌਰ ਦੀ ਗ੍ਰਿਫ਼ਤਾਰੀ ਕਾਰਨ ਸਥਾਨਕ ਵਾਸੀ ਪ੍ਰੇਸ਼ਾਨ ਹਨ। ਲਾਂਗ ਬੀਚ ਦੀ ਪ੍ਰਤੀਨਿੱਧਤਾ ਕਰਦੀ ਕਾਂਗਰਸਮੈਨ ਰਾਬਰਟ ਗਾਰਸੀਆ ਨੇ ਸੰਘੀ ਅਧਿਕਾਰੀਆਂ ਨਾਲ ਸੰਪਰਕ ਕਰਕੇ ਬੇਨਤੀ ਕੀਤੀ ਹੈ ਕਿ ਬੱਬਲਜੀਤ ਕੌਰ ਨੂੰ ਰਿਹਾਅ ਕੀਤਾ ਜਾਵੇ। ਗਾਰਸੀਆ ਦੇ ਦਫ਼ਤਰ ਨੇ ਕਿਹਾ ਹੈ ਕਿ ਉਹ ਮਾਮਲੇ ਉਪਰ ਨਜਰ ਰੱਖ ਰਹੇ ਹਨ। ਦੂਸਰੇ ਪਾਸੇ ਉਸ ਦਾ ਪਰਿਵਾਰ ਉਸ ਦੀ ਰਿਹਾਈ ਲਈ ਕਾਨੂੰਨੀ ਚਾਰਾਜੋਈ ਕਰ ਰਿਹਾ ਹੈ। ਬੱਬਲਜੀਤ ਕੌਰ ਦਾ ਪਰਿਵਾਰ 1990 ਵਿਆਂ ਦੇ ਅੱਧ ਵਿੱਚ ਅਮਰੀਕਾ ਆਇਆ ਸੀ। ਪਰਿਵਾਰ ਅਨੁਸਾਰ ਬੱਬਲਜੀਤ ਕੌਰ ਨੂੰ ਹੋਰ ਗ੍ਰਿਫ਼ਤਾਰ ਕੀਤੇ ਲੋਕਾਂ ਨਾਲ ਰੱਖਿਆ ਗਿਆ ਹੈ ਜਿਥੇ ਉਸ ਲਈ ਰਹਿ ਸਕਣਾ ਬਹੁਤ ਮੁਸ਼ਕਿਲ ਭਰਿਆ ਹੈ।



## ਅਮਰੀਕਾ ਦੇ ਵਿਕਾਸ ’ਚ ਹੁਨਰਮੰਦ ਭਾਰਤੀਆਂ ਦਾ ਵੱਡਾ ਯੋਗਦਾਨ : ਐਲਨ ਮਸਕ

ਵਾਸ਼ਿੰਗਟਨ/ਏ.ਟੀ.ਨਿਊਜ਼: ਟੈਸਲਾ ਦੇ ਸੀਈਓ ਐਲਨ ਮਸਕ ਨੇ ਦਾਅਵਾ ਕੀਤਾ ਕਿ ਅਮਰੀਕਾ ਨੂੰ ਹੁਨਰਮੰਦ ਭਾਰਤੀਆਂ ਤੋਂ ਬਹੁਤ ਲਾਭ ਹੋਇਆ ਹੈ।

ਇਮੀਗ੍ਰੇਸ਼ਨ ਨੀਤੀਆਂ ਅਤੇ ਆਲਮੀ ਪ੍ਰਤਿਭਾ ਨੂੰ ਆਕਰਸ਼ਿਤ ਕਰਨ ਦੀ ਮਹੱਤਤਾ ਬਾਰੇ ਚੱਲ ਰਹੀਆਂ ਚਰਚਾਵਾਂ ਦੌਰਾਨ, ਟੈਸਲਾ ਦੇ ਸੀਈਓ ਐਲਨ ਮਸਕ ਨੇ ਸੰਯੁਕਤ ਰਾਜ ਅਮਰੀਕਾ ਵਿੱਚ ਭਾਰਤੀ ਪ੍ਰਤਿਭਾ ਦੇ ਮਹੱਤਵਪੂਰਨ ਯੋਗਦਾਨ ਨੂੰ ਸਵੀਕਾਰ ਕੀਤਾ ਅਤੇ ਕਿਹਾ ਕਿ ਦੇਸ਼ ਨੂੰ ਹੁਨਰਮੰਦ ਭਾਰਤੀਆਂ ਤੋਂ ਬਹੁਤ ਲਾਭ ਹੋਇਆ ਹੈ।



ਇੱਕ ਇੰਟਰਵਿਊ ਵਿੱਚ, ਮਸਕ ਨੇ ਇਮੀਗ੍ਰੇਸ਼ਨ ਨੀਤੀਆਂ ਅਤੇ ਉੱਦਮਤਾ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ, ‘ ਮੇਰਾ ਖ਼ਿਆਲ ਹੈ ਕਿ ਅਮਰੀਕਾ ਨੂੰ ਅਮਰੀਕਾ ਆਏ ਪ੍ਰਤਿਭਾਸ਼ਾਲੀ ਭਾਰਤੀਆਂ ਤੋਂ ਬਹੁਤ ਲਾਭ ਹੋਇਆ ਹੈ। ਮੇਰਾ ਮਤਲਬ ਹੈ, ਅਮਰੀਕਾ ਨੂੰ ਭਾਰਤ ਤੋਂ ਪ੍ਰਤਿਭਾ ਦਾ ਬਹੁਤ ਵੱਡਾ ਲਾਭ ਹੋਇਆ ਹੈ।’ ਉਨ੍ਹਾਂ ਕਿਹਾ ਕਿ ਭਾਰਤੀ ਮੂਲ ਦੇ ਕਈ ਵਿਅਕਤੀਆਂ ਨੇ ਅਮਰੀਕੀ ਅਰਥਵਿਵਸਥਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਜਿਸ ਨਾਲ ਵਿਕਾਸ ਨੂੰ ਹੁਲਾਰਾ ਮਿਲਿਆ ਹੈ। ਉਨ੍ਹਾਂ ਨੇ ਇਮੀਗ੍ਰੇਸ਼ਨ ਨੀਤੀਆਂ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ ਅਤੇ ਬਾਇਡਨ ਪ੍ਰਸ਼ਾਸਨ ਦੀ ਸਰਹੱਦੀ ਨਿਯੰਤਰਣ ਦੀ ਘਾਟ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਖੁੱਲ੍ਹੀਆਂ ਸਰਹੱਦਾਂ ਨੁਕਸਾਨਦੇਹ ਸਨ ਕਿਉਂਕਿ ਉਨ੍ਹਾਂ ਨੇ ਅਪਰਾਧੀਆਂ ਨੂੰ ਵੀ ਅਮਰੀਕਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਸੀ।

# ਸੈਨਟਾ ਕਲਾਰਾ, ਕੈਲੀਫ਼ੋਰਨੀਆ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

ਸੈਨਟਾ ਕਲਾਰਾ/ਕੈਲੀਫ਼ੋਰਨੀਆ / ਏ.ਟੀ.ਨਿਊਜ਼: ਬੀਤੇ ਦਿਨੀਂ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਾਕਾ ਸਰਹਿੰਦ ’ਤੇ ਸਮਰਪਿਤ ਧਾਰਮਿਕ ਕਵੀ ਦਰਬਾਰ ਸੈਨਟਾ ਕਲਾਰਾ ਕੈਲੀਫ਼ੋਰਨੀਆ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਭਾਈ ਹਰਪ੍ਰੀਤ ਸਿੰਘ ਨੇ ਕਵੀਆਂ ਦੀ ਜਾਣ ਪਛਾਣ ਕਰਵਾਉਂਦਿਆਂ ਕਿਹਾ ਕਿ ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਆਪਣੇ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ। ਅਸੀਂ ਧੰਨਵਾਦੀ ਹਾਂ ਕਿ ਉਹ ਸਮਾਂ ਕੱਢ ਕੇ ਯੋਗਦਾਨ ਪਾ ਰਹੇ ਹਨ। ਇਸ ਮੌਕੇ ਮੰਚ ਸੰਭਾਲਦਿਆਂ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਕਿਹਾ ਕਿ ਪਹਾੜੀ ਰਾਜਿਆਂ ਦੇ ਜਰਨੈਲਾਂ ਨੇ ਝੂਠੀਆਂ ਕਸਮਾਂ ਖਾ ਕੇ ਕਿਹਾ ਸੀ ਕਿ ਗੁਰੂ ਸਾਹਿਬ ਜੀ ਨੂੰ ਕਿਲਾ ਆਨੰਦਪੁਰ ਛੱਡ ਦੇਣ ’ਤੇ ਸੁਰੱਖਿਅਤ ਜਾਣ ਦਿੱਤਾ ਜਾਵੇਗਾ, ਕੋਈ ਹਮਲਾ ਨਹੀਂ ਕੀਤਾ ਜਾਵੇਗਾ। ਦਸੰਬਰ 20-21 ਦੀ ਵਿਚਕਾਰਲੀ ਰਾਤ ਗੁਰੂ ਸਾਹਿਬ ਜੀ ਨੇ ਆਨੰਦਪੁਰ ਛੱਡ ਦਿੱਤਾ। ਇੱਥੋਂ ਹੀ ਚਮਕੌਰ ਸਾਹਿਬ ਦੀ ਜੰਗ ਅਤੇ ਸਾਕਾ ਸਰਹਿੰਦ ਸ਼ੁਰੂ ਹੁੰਦਾ ਹੈ। ਸਿਰਸਾ ਨਦੀ ’ਤੇ ਘਮਸਾਨ ਦਾ ਯੁੱਧ ਹੋਇਆ। ਦੋ ਵੱਡੇ ਸਾਹਿਬਜ਼ਾਦੇ ਚਮਕੌਰ ਸਾਹਿਬ ਜੀ ਦੀ ਜੰਗ ਵਿੱਚ ਸ਼ਹੀਦ ਹੋ ਗਏ। ਮਾਤਾ ਗੁਜ਼ਰੀ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਰਸੋਈਏ ਗੰਗੂ ਨੇ ਸਰਹਿੰਦ ਦੇ ਨਵਾਬ ਕੋਲ ਕੈਦ ਕਰਵਾ ਦਿੱਤਾ। ਇਸਲਾਮ ਨਾ ਕਬੂਲ ਕਰਨ ’ਤੇ ਤਿੰਨਾਂ ਨੇ ਸ਼ਹੀਦੀ ਪਾਈ। ਸਿਰਫ਼ 7-9 ਸਾਲ ਦੀ ਉਮਰ ਦੇ ਸਾਹਿਬਜ਼ਾਦੇ ਧਰਮ ਦੇ ਸਿਦਕ ਤੋਂ ਨਹੀਂ ਹਾਰੇ। ਕਵੀ ਦਰਬਾਰਾ ਵਿੱਚ ਕਵੀ ਤਰਲੋਚਨ ਸਿੰਘ ਦੁਪਾਲਪੁਰੀ, ਤਰਸੇਮ ਸਿੰਘ ਸੁਮੰਨ, ਜਸਦੀਪ ਸਿੰਘ ਫ਼ਰੀਮੋਂਟ, ਬਲਕਾਰ ਸਿੰਘ, ਅਮਰਜੀਤ ਸਿੰਘ ਮੁਲਤਾਨੀ, ਆਹਨ ਸਿੰਘ ਅਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਬੀਰ ਰਸ ਦੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਯਾਦਗਾਰੀ ਤਸਵੀਰਾਂ ਨਾਲ ਸਮਾਗਮ ਸੰਪੂਰਨ ਹੋਇਆ।






Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਰਾਜਾ ਚਾਰਲਸ ਦੀ ਵਫ਼ਾਦਾਰੀ ਦੀ ਸਹੁੰ ਕੈਨੇਡੀਅਨ ਸਿੱਖ ਵਕੀਲ ਨੇ ਚੁੱਕਣ ਤੋਂ ਕੀਤਾ ਇਨਕਾਰ

## ਅਦਾਲਤ ਵਿੱਚ ਅਪੀਲ ਕਰਕੇ ਬਦਲਵਾ ਲਿਆ ਕਾਨੂੰਨ

## ਅਦਾਲਤ ਨੇ ਮਨੁੱਖੀ ਅਜ਼ਾਦੀ, ਸੁਤੰਤਰ ਵਿਚਾਰ ਦੇ ਹੱਕ ਵਿੱਚ ਦਿੱਤਾ ਫ਼ੈਸਲਾ

ਅਲਬਰਟਾ/ਏ.ਟੀ.ਨਿਊਜ਼: ਜਦੋਂ ਪ੍ਰਭਜੋਤ ਸਿੰਘ ਵੜਿੰਗ ਅਲਬਰਟਾ ਵਿੱਚ ਵਕਾਲਤ ਦੇ ਪੇਸ਼ੇ ਵਿੱਚ ਦਾਖਲ ਹੋਣ ਦੀ ਤਿਆਰੀ ਕਰ ਰਿਹਾ ਸੀ, ਤਾਂ ਉਸ ਨੂੰ ਇੱਕ ਅਜਿਹੀ ਸ਼ਰਤ ਦਾ ਸਾਹਮਣਾ ਕਰਨਾ ਪਿਆ ਜਿਸ ਨੇ ਉਸ ਨੂੰ ਸੰਵਿਧਾਨਕ ਅਤੇ ਸੱਭਿਆਚਾਰਕ ਵਿਵਾਦ ਦੇ ਕੇਂਦਰ ਵਿੱਚ ਲਿਆਂਦਾ। ਪ੍ਰਾਂਤ ਵਿੱਚ ਸਾਰੇ ਨਵੇਂ ਵਕੀਲਾਂ ਨੂੰ 'ਕਿੰਗ ਚਾਰਲਸ' ਦੀ ਵਫ਼ਾਦਾਰੀ ਦੀ ਸਹੁੰ ਚੁੱਕਣੀ ਪੈਂਦੀ ਸੀ। ਵੜਿੰਗ ਲਈ, ਜੋ ਇੱਕ ਅੰਮ੍ਰਿਤਧਾਰੀ ਸਿੱਖ ਹੈ, ਇਹ ਸਹੁੰ ਉਸ ਦੇ ਧਾਰਮਿਕ ਵਿਸ਼ਵਾਸਾਂ ਨਾਲ ਗੰਭੀਰ ਟਕਰਾਅ ਪੈਦਾ ਕਰਦੀ ਸੀ।

ਚੁੱਪ-ਚਾਪ ਮੰਨਣ ਜਾਂ ਆਪਣੇ ਵਕਾਲਤ ਦੇ ਕਰੀਅਰ ਨੂੰ ਛੱਡਣ ਦੀ ਬਜਾਏ, ਵੜਿੰਗ ਨੇ ਇਸ ਨਿਯਮ ਨੂੰ ਅਦਾਲਤ ਵਿੱਚ ਚੁਣੌਤੀ ਦੇਣ ਦਾ ਫੈਸਲਾ ਕੀਤਾ। ਉਸ ਦਾ ਮਾਮਲਾ, ਜੋ 2022 ਵਿੱਚ ਦਾਇਰ ਕੀਤਾ ਗਿਆ ਸੀ, ਅੰਤ ਵਿੱਚ ਅਲਬਰਟਾ ਕੋਰਟ ਆਫ਼ ਅਪੀਲ ਤੱਕ ਪਹੁੰਚਿਆ। 16 ਦਸੰਬਰ, 2025 ਨੂੰ ਅਦਾਲਤ ਨੇ ਉਸ ਦੇ ਹੱਕ ਵਿੱਚ ਫੈਸਲਾ ਸੁਣਾਇਆ ਕਿ ਲਾਜ਼ਮੀ ਸਹੁੰ ਕੈਨੇਡੀਅਨ ਚਾਰਟਰ ਆਫ਼ ਰਾਈਟਸ ਐਂਡ ਫਰੀਡਮਜ ਅਧੀਨ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਰਦੀ ਹੈ ਅਤੇ ਅਦਾਲਤ ਨੇ ਪ੍ਰਾਂਤ ਨੂੰ ਇਸ ਸ਼ਰਤ ਨੂੰ 60 ਦਿਨਾਂ ਵਿੱਚ ਬਦਲਣ ਦਾ ਹੁਕਮ ਦਿੱਤਾ।




**ਕਿਉਂ ਸਿੱਖ ਵਕੀਲ ਨੇ ਅਦਾਲਤ ਵਿੱਚ ਚੁਣੌਤੀ ਦਿੱਤੀ ?**

ਉਸ ਸਮੇਂ ਅਲਬਰਟਾ ਵਿੱਚ ਨਵੇਂ ਵਕੀਲਾਂ ਨੂੰ ਬਾਰ ਵਿੱਚ ਦਾਖਲ ਹੋਣ ਦੀ ਸ਼ਰਤ ਵਜੋਂ ਰਾਜੇ ਦੀ ਵਫ਼ਾਦਾਰੀ ਦੀ ਸਹੁੰ ਚੁੱਕਣੀ ਪੈਂਦੀ ਸੀ। ਕੈਨੇਡਾ ਦੇ ਹੋਰ ਸੂਬਿਆਂ ਵਿੱਚ ਅਜਿਹੇ ਨਿਯਮ ਮੌਜੂਦ ਹਨ, ਪਰ ਜ਼ਿਆਦਾਤਰ ਸੂਬੇ ਉਨ੍ਹਾਂ ਨੂੰ ਲਾਜ਼ਮੀ ਨਹੀਂ ਬਣਾਉਂਦੇ ਜਾਂ ਬਦਲਵੀਂ ਪ੍ਰਮਾਣਿਕਤਾ ਦੀ ਇਜਾਜ਼ਤ ਦਿੰਦੇ ਹਨ।

ਵੜਿੰਗ ਨੇ ਦਲੀਲ ਦਿੱਤੀ ਕਿ ਇਹ ਸ਼ਰਤ ਉਸ ਨੂੰ ਆਪਣੇ ਧਾਰਮਿਕ ਫਰਜ਼ਾਂ ਅਤੇ ਵਕਾਲਤ ਕਰਨ ਦੀ ਯੋਗਤਾ ਵਿਚਕਾਰ ਚੋਣ ਕਰਨ ਲਈ ਮਜਬੂਰ ਕਰਦੀ ਹੈ। ਉਸ ਨੇ ਕਿਹਾ ਕਿ ਇਸ ਚਾਰਟਰ ਅਧੀਨ ਧਾਰਮਿਕ ਆਜ਼ਾਦੀ ਦੇ ਹੱਕ ਦੀ ਉਲੰਘਣਾ ਹੈ।

2023 ਵਿੱਚ ਹੇਠਲੀ ਅਦਾਲਤ ਨੇ ਵੜਿੰਗ ਦੇ ਮਾਮਲੇ ਨੂੰ ਖਾਰਜ ਕਰ ਦਿੱਤਾ ਸੀ, ਇਹ ਕਹਿ ਕੇ ਕਿ ਸਹੁੰ ਜ਼ਿਆਦਾਤਰ ਪ੍ਰਤੀਕਾਤਮਕ ਹੈ ਅਤੇ ਧਾਰਮਿਕ ਆਜ਼ਾਦੀ ਉੱਤੇ ਕੋਈ ਉਲੰਘਣਾ ਨਹੀਂ ਕਰਦੀ। ਵੜਿੰਗ ਨੇ ਇਸ ਫੈਸਲੇ ਨੂੰ ਅਪੀਲ ਕੀਤੀ ਅਤੇ ਮਾਮਲਾ ਅਲਬਰਟਾ ਦੀ ਸਭ ਤੋਂ ਉੱਚੀ ਅਦਾਲਤ ਤੱਕ ਪਹੁੰਚਿਆ।

ਦਸੰਬਰ 2025 ਵਿੱਚ ਅਲਬਰਟਾ ਕੋਰਟ ਆਫ਼ ਅਪੀਲ ਦੇ ਤਿੰਨ ਜੱਜਾਂ ਦੇ ਇੱਕਮੁੱਠ ਪੈਨਲ ਨੇ ਪਿਛਲੇ ਫੈਸਲੇ ਨੂੰ ਪਲਟ ਦਿੱਤਾ। ਜੱਜਾਂ ਨੇ ਫੈਸਲਾ ਕੀਤਾ ਕਿ ਸਹੁੰ ਸਿਰਫ਼ ਪ੍ਰਤੀਕਾਤਮਕ ਨਹੀਂ ਹੈ ਅਤੇ ਇਹ ਵੜਿੰਗ ਉੱਤੇ ਅਸਲ ਅਤੇ ਕਾਫ਼ੀ ਬੋਝ ਪਾਉਂਦੀ ਹੈ, ਕਿਉਂਕਿ ਉਸ ਦੇ ਪੇਸ਼ੇਵਰ ਭਵਿੱਖ ਨੂੰ ਉਸ ਦੇ ਵਿਸ਼ਵਾਸ ਦੀ ਉਲੰਘਣਾ ਉੱਤੇ ਸ਼ਰਤਬੱਧ ਕਰਦੀ ਹੈ।

**ਅਦਾਲਤ ਨੇ ਕੀ ਫੈਸਲਾ ਕੀਤਾ ?**

ਕੋਰਟ ਆਫ਼ ਅਪੀਲ ਨੇ ਫੈਸਲਾ ਕੀਤਾ ਕਿ ਲਾਜ਼ਮੀ ਸਹੁੰ ਚਾਰਟਰ ਦੇ ਧਾਰਾ 2(ਏ) ਦੀ ਉਲੰਘਣਾ ਕਰਦੀ ਹੈ, ਜੋ ਵਿਚਾਰਾਂ ਅਤੇ ਧਰਮ ਦੀ ਆਜ਼ਾਦੀ ਦੀ ਰੱਖਿਆ ਕਰਦੀ ਹੈ। ਅਦਾਲਤ ਨੇ ਇਸ ਸ਼ਰਤ ਨੂੰ ਲਾਜ਼ਮੀ ਕਰਾਰ ਨਾ ਦਿੰਦਿਆਂ ਅਜ਼ਾਦੀ ਮੁਢਲਾ ਹੱਕ ਦਰਸਾਉਂਦਿਆਂ ਪ੍ਰਾਂਤ ਨੂੰ ਇਸ ਮੁੱਦੇ ਨੂੰ ਹੱਲ ਕਰਨ ਦਾ ਹੁਕਮ ਦਿੱਤਾ। ਜੱਜਾਂ ਨੇ ਕਈ ਸੰਭਵ ਹੱਲ ਸੁਝਾਏ: ਸਹੁੰ ਨੂੰ ਪੂਰੀ ਤਰ੍ਹਾਂ ਖਤਮ ਕਰੋ, ਇਸ ਦਾ ਬਦਲ ਦੇਵੋ ਜਾਂ ਇਸ ਦੇ ਸ਼ਬਦਾਂ ਨੂੰ ਬਦਲ ਕੇ ਰਾਜੇ ਨੂੰ ਲਾਜ਼ਮੀ ਵਫ਼ਾਦਾਰੀ ਹਟਾਉ।

**ਪ੍ਰਭਜੋਤ ਸਿੰਘ ਵੜਿੰਗ ਕੌਣ ਹਨ ?**

ਪ੍ਰਭਜੋਤ ਸਿੰਘ ਵਿਰਿੰਗ ਅਲਬਰਟਾ ਦੇ ਐਡਮਿੰਟਨ ਵਿੱਚ ਰਹਿਣ ਵਾਲਾ ਕੈਨੇਡੀਅਨ ਵਕੀਲ ਹੈ। ਉਸ ਨੇ ਡਹਿਲੌਜੀ ਯੂਨੀਵਰਸਿਟੀ ਤੋਂ ਲਾਅ ਦੀ ਡਿਗਰੀ ਹਾਸਲ ਕੀਤੀ ਅਤੇ ਸਹੁੰ ਦੇ ਮੁੱਦੇ ਉਸ ਸਮੇਂ ਉੱਠਿਆ ਜਦੋਂ ਉਹ ਆਪਣੀਆਂ ਵਕਾਲਤ ਦੀਆ ਸ਼ਰਤਾਂ ਪੂਰੀਆਂ ਕਰ ਚੁਕਾ ਸੀ।

(ਬਾਕੀ ਸਫ਼ਾ 26 'ਤੇ)

# ਰੂਸ ਵਿੱਚ ਹੁਣ ਭਾਰਤੀ ਵਿਦਿਆਰਥੀਆਂ ਨੂੰ ਬਿਨਾਂ ਦਾਖ਼ਲਾ ਪ੍ਰੀਖਿਆ ਦੇ ਮਿਲੇਗੀ ਸਕਾਲਰਸ਼ਿਪ

ਮਾਸਕੋ/ਏ.ਟੀ.ਨਿਊਜ਼: ਰੂਸ ਨੇ ਭਾਰਤੀ ਵਿਦਿਆਰਥੀਆਂ ਲਈ ਇੱਕ ਵੱਡਾ ਐਲਾਨ ਕੀਤਾ ਹੈ। ਸਰਕਾਰੀ ਸਕਾਲਰਸ਼ਿਪ ਹੁਣ ਰੂਸ ਵਿੱਚ ਭਾਰਤੀ ਵਿਦਿਆਰਥੀਆਂ ਨੂੰ ਬਿਨਾਂ ਕਿਸੇ ਪ੍ਰਵੇਸ਼ ਪ੍ਰੀਖਿਆ ਦੇ ਉਪਲਬਧ ਹੋਵੇਗੀ। ਇਹ ਸਕਾਲਰਸ਼ਿਪ ਅੰਡਰਗ੍ਰੈਜੁਏਟ ਤੋਂ ਲੈ ਕੇ ਉੱਚ ਸਿੱਖਿਆ ਤੱਕ ਦੇ ਕੋਰਸਾਂ ਲਈ ਦਿੱਤੀ ਜਾਂਦੀ ਹੈ। ਚੋਣ ਅਕਾਦਮਿਕ ਰਿਕਾਰਡ ਅਤੇ ਪੋਰਟਫੋਲੀਓ ਦੇ ਆਧਾਰ 'ਤੇ ਹੁੰਦੀ ਹੈ ਰੂਸੀ ਪ੍ਰਸ਼ਾਸਨ ਦੇ ਅਨੁਸਾਰ, ਸਕਾਲਰਸ਼ਿਪ ਅੰਡਰਗ੍ਰੈਜੁਏਟ ਤੋਂ ਲੈ ਕੇ ਪੀ.ਐੱਚ.ਡੀ. ਅਤੇ ਐਡਵਾਂਸਡ ਸਿਖਲਾਈ ਤੱਕ ਦੇ ਕੋਰਸਾਂ ਨੂੰ ਕਵਰ ਕਰਦੀ ਹੈ, ਜਿਸ ਵਿੱਚ ਦਵਾਈ, ਇੰਜੀਨੀਅਰਿੰਗ, ਫਾਰਮੇਸੀ ਅਤੇ ਸਪੇਸ ਸਟੱਡੀਜ਼ ਵਰਗੇ ਵਿਸ਼ੇ ਸ਼ਾਮਲ ਹਨ। ਬਹੁਤ ਸਾਰੇ ਕੋਰਸ ਅੰਗਰੇਜ਼ੀ ਵਿੱਚ ਉਪਲਬਧ ਹਨ। ਜਿਹੜੇ ਲੋਕ ਰੂਸੀ ਨਹੀਂ ਜਾਣਦੇ, ਉਨ੍ਹਾਂ ਲਈ ਇੱਕ ਸਾਲ ਦਾ ਤਿਆਰੀ ਭਾਸ਼ਾ ਕੋਰਸ ਉਪਲਬਧ ਹੈ। ਜੋ ਵਿਦਿਆਰਥੀ ਰੂਸੀ ਸਿੱਖਣਾ ਚਾਹੁੰਦੇ ਹਨ, ਉਹ ਆਪਣੀ ਮੁੱਖ ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਸਾਲ ਦਾ ਤਿਆਰੀ ਭਾਸ਼ਾ ਕੋਰਸ ਕਰ ਸਕਦੇ ਹਨ।



ਰੂਸੀ ਸੰਘ 2026-27 ਅਕਾਦਮਿਕ ਸਾਲ ਲਈ ਆਪਣੇ ਸਰਕਾਰੀ ਸਕਾਲਰਸ਼ਿਪ ਪ੍ਰੋਗਰਾਮ ਲਈ ਭਾਰਤੀ ਵਿਦਿਆਰਥੀਆਂ ਨੂੰ ਸੱਦਾ ਦੇ ਰਿਹਾ ਹੈ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਭਾਰਤੀ ਵਿਦਿਆਰਥੀਆਂ ਨੂੰ ਰੂਸ ਵਿੱਚ ਵੱਖ-ਵੱਖ ਵਿਸ਼ਿਆਂ ਅਤੇ ਯੂਨੀਵਰਸਿਟੀਆਂ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨਾ ਹੈ।

**ਅਰਜ਼ੀ ਪ੍ਰਕਿਰਿਆ ਹੋਈ ਸ਼ੁਰੂ**

ਇੱਕ ਰਿਪੋਰਟ ਅਨੁਸਾਰ, ਸਕਾਲਰਸ਼ਿਪ ਲਈ ਅਰਜ਼ੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ ਅਤੇ ਵਿਦਿਆਰਥੀਆਂ ਨੂੰ ਮਾਸਕੋ, ਸੇਂਟ ਪੀਟਰਸਬਰਗ, ਕਾਜ਼ਾਨ, ਵਲਾਦੀਵੋਸਤੋਕ, ਕੈਲਿਨਿਨਗ੍ਰਾਡ ਅਤੇ ਹੋਰ ਖੇਤਰਾਂ ਸਮੇਤ ਕਈ ਰੂਸੀ ਯੂਨੀਵਰਸਿਟੀਆਂ ਵਿੱਚ ਪੜ੍ਹਨ ਦਾ ਮੌਕਾ ਮਿਲ ਸਕਦਾ ਹੈ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਸਕਾਲਰਸ਼ਿਪ ਲਈ ਚੋਣ ਪ੍ਰਕਿਰਿਆ ਵਿੱਚ ਕੋਈ ਦਾਖਲਾ ਪ੍ਰੀਖਿਆ ਸ਼ਾਮਲ ਨਹੀਂ ਹੈ। ਉਮੀਦਵਾਰਾਂ ਦੀ ਚੋਣ ਉਨ੍ਹਾਂ ਦੀਆਂ ਪਿਛਲੀਆਂ ਅਕਾਦਮਿਕ ਪ੍ਰਾਪਤੀਆਂ ਅਤੇ ਪੋਰਟਫੋਲੀਓ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਇਸ ਪੋਰਟਫੋਲੀਓ ਵਿੱਚ ਖੋਜ ਪੱਤਰ, ਸਿਫਾਰਸ਼ ਪੱਤਰ, ਰਾਸ਼ਟਰੀ ਜਾਂ ਅੰਤਰਰਾਸ਼ਟਰੀ ਮੁਕਾਬਲਿਆਂ ਅਤੇ ਓਲੰਪੀਆਡਾਂ ਤੋਂ ਸਰਟੀਫਿਕੇਟ, ਅਤੇ ਹੋਰ ਸਹਾਇਕ ਦਸਤਾਵੇਜ਼ ਸ਼ਾਮਲ ਹੋ ਸਕਦੇ ਹਨ। ਇਹ ਪ੍ਰਕਿਰਿਆ ਦੋ ਪੜਾਵਾਂ ਵਿੱਚ ਪੂਰੀ ਕੀਤੀ ਜਾਵੇਗੀ

ਪਹਿਲਾ ਪੜਾਅ 15 ਜਨਵਰੀ ਤੱਕ ਚੱਲੇਗਾ। ਇਸ ਵਿੱਚ ਦਸਤਾਵੇਜ਼ ਤਸਦੀਕ ਅਤੇ ਸ਼ੁਰੂਆਤੀ ਚੋਣ ਪ੍ਰਕਿਰਿਆ ਸ਼ਾਮਲ ਹੈ। ਦੂਜੇ ਪੜਾਅ ਵਿੱਚ, ਰੂਸੀ ਵਿਗਿਆਨ ਅਤੇ ਉੱਚ ਸਿੱਖਿਆ ਮੰਤਰਾਲਾ, ਭਾਗ ਲੈਣ ਵਾਲੀਆਂ ਯੂਨੀਵਰਸਿਟੀਆਂ ਦੇ ਸਹਿਯੋਗ ਨਾਲ, ਵਿਦਿਆਰਥੀਆਂ ਨੂੰ ਸੰਸਥਾਵਾਂ ਵਿੱਚ ਵੰਡਦਾ ਹੈ ਅਤੇ ਜ਼ਰੂਰੀ ਵੀਜ਼ਾ-ਸਬੰਧਤ ਦਸਤਾਵੇਜ਼ ਜਾਰੀ ਕਰਦਾ ਹੈ। ਦਿਲਚਸਪੀ ਰੱਖਣ ਵਾਲੇ ਉਮੀਦਵਾਰ ਅਧਿਕਾਰਤ ਵੈੱਬਸਾਈਟ 'ਤੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

# ਅਲਬਰਟਾ ਦੀ ਆਜ਼ਾਦੀ ਲਈ ਪੈ ਸਕਦੀਆਂ ਹਨ ਵੋਟਾਂ

## ਕੈਨੇਡਾ 'ਚ ਰਹਿਣਾ ਜਾਂ ਵੱਖਰੇ ਹੋਣ ਦੀ ਚੋਣ ਬਾਰੇ ਲੋਕ ਦੇਣਗੇ ਆਪਣਾ ਫ਼ੈਸਲਾ



ਵੈਨਕੂਵਰ/ਏ.ਟੀ. ਨਿਊਜ਼: ਕੈਨੇਡਾ ਦੇ ਅਲਬਟਾ ਸੂਬੇ ਦੀ ਮੁੱਖ ਮੰਤਰੀ ਵੱਲੋਂ ਕੁੱਝ ਮਹੀਨੇ ਪਹਿਲਾਂ ਉਠਾਈ ਗਈ ਵੱਖਰੇ ਹੋਣ ਦੀ ਮੰਗ ਲਈ ਰਿਫਰੈਂਡਮ (ਲੋਕ ਮਤ) ਕਰਾਏ ਜਾਣ ਦੀ ਮੰਗ ਨੂੰ ਉਥੋਂ ਦੀ ਚੋਣ ਏਜੰਸੀ ਨੇ ਪ੍ਰਵਾਨ ਕਰ ਲਿਆ ਹੈ। ਪਰ ਉਸ ਤੋਂ ਪਹਿਲਾਂ ਮੰਗ ਕਰਨ ਵਾਲਿਆਂ ਨੂੰ ਇਸ ਮੰਗ ਦੀ ਪਟੀਸ਼ਨ 'ਤੇ 1 ਲੱਖ 78 ਹਜਾਰ ਲੋਕਾਂ ਦੇ ਦਸਤਖ਼ਤ ਕਰਾਉਣੇ ਪੈਣਗੇ। ਏਜੰਸੀ ਵੱਲੋਂ ਦਿੱਤੇ ਗਏ ਫੈਸਲੇ ਉੱਤੇ ਵੱਖ ਵੱਖ ਲੋਕਾਂ ਵੱਲੋਂ ਆਪਣੇ ਪ੍ਰਤੀਕਰਮ ਦਿੱਤੇ ਗਏ ਹਨ।ਕੁੱਝ ਇਸ ਨੂੰ ਅਜਾਦੀ ਦਾ ਪ੍ਰਗਟਾਵਾ ਅਤੇ ਕੁਝ ਦੇਸ਼ ਦੀ ਅਖੰਡਤਾ 'ਤੇ ਹਮਲਾ ਦੱਸ ਰਹੇ ਹਨ। ਏਜੰਸੀ ਵਲੋਂ ਦੱਸਿਆ ਗਿਆ ਕਿ ਮੰਗ ਪੇਸ਼ਕਾਰ ਅਲਬਰਟਾ ਪਰੌਸਪੈਰਿਟੀ ਪ੍ਰੋਜੈਕਟ ਦੇ ਸੀ ਈ ਓ ਮਿੱਚ ਸਿਲਵਾਸਤਰੇ ਜਨਵਰੀ ਦੇ ਅੰਤ ਤੱਕ ਵਿੱਤੀ ਅਫਸਰ ਨਿਯੁਕਤ ਕੀਤਾ ਜਾਏਗਾ, ਜੋ ਦਸਤਖ਼ਤੀ ਮੁਹਿੰਮ ਦੀ ਦੇਖ ਰੇਖ ਕਰੇਗਾ।ਜੇ ਚਾਰ ਮਹੀਨਿਆਂ ਵਿੱਚ ਲੋੜੀਂਦੀ ਗਿਣਤੀ ਵਿੱਚ ਲੋਕਾਂ ਦੇ ਦਸਤਖ਼ਤ ਹੁੰਦੇ ਹਨ ਤਾਂ ਲੋਕ-ਮਤ ਦੀ ਤਰੀਕ ਦਾ ਐਲਾਨ ਕੀਤਾ ਜਾ ਸਕਦਾ ਹੈ। (ਬਾਕੀ ਸਫ਼ਾ 27 'ਤੇ)

# ਸਿਡਨੀ ਵਿੱਚ ਬੌਂਡੀ ਬੀਚ 'ਤੇ ਅੱਤਵਾਦੀ ਹਮਲੇ ਦੌਰਾਨ ਬਹਾਦਰ ਸਿੱਖ ਨੌਜਵਾਨ ਨੇ ਕਿਵੇਂ ਬਚਾਈਆਂ ਜਾਨਾਂ ?

## 15 ਲੋਕ ਮਰੇ ਸਨ ਇਸ ਗੋਲੀ ਕਾਂਡ ਵਿੱਚ, ਵਿਦੇਸ਼ੀ ਅਖ਼ਬਾਰਾਂ ਤੇ ਆਸਟ੍ਰੇਲੀਅਨ ਸਰਕਾਰ ਵੱਲੋਂ ਸਿੰਘ ਦੀ ਸ਼ਲਾਘਾ

14 ਦਸੰਬਰ 2025 ਨੂੰ ਆਸਟ੍ਰੇਲੀਆ ਦੇ ਮਸ਼ਹੂਰ ਬੌਂਡੀ ਬੀਚ ਨੇੜੇ ਆਰਚਰ ਪਾਰਕ ਵਿੱਚ ਇੱਕ ਭਿਆਨਕ ਜਿਹਾਦੀ ਹਮਲਾ ਹੋਇਆ ਸੀ, ਜਿਸ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਹ ਘਟਨਾ ਹਨੂਕਾ ਦੇ ਜਸ਼ਨ ਦੌਰਾਨ ਵਾਪਰੀ ਸੀ, ਜਿੱਥੇ ਯਹੂਦੀ ਭਾਈਚਾਰੇ ਦੇ ਲੋਕ ਇਕੱਠੇ ਹੋਏ ਸਨ। ਪਿਓ-ਪੁੱਤ ਦੀ ਜੋੜੀ ਸਾਜਿਦ ਅਕਰਮ ਅਤੇ ਨਵੀਦ ਅਕਰਮ ਨੇ ਬੰਦੂਕਾਂ ਨਾਲ ਗੋਲੀਆਂ ਚਲਾਈਆਂ ਅਤੇ 15 ਨਿਰਦੋਸ਼ ਲੋਕਾਂ ਨੂੰ ਮਾਰ ਦਿੱਤਾ ਸੀ, ਜਿਨ੍ਹਾਂ ਵਿੱਚ ਇੱਕ ਬੱਚਾ ਵੀ ਸ਼ਾਮਲ ਸੀ। ਇਹ ਹਮਲਾ ਯਹੂਦੀ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਸੀ ਅਤੇ ਇਸ ਨੂੰ ਅੱਤਵਾਦੀ ਵਾਰਦਾਤ ਕਿਹਾ ਗਿਆ ਸੀ। ਪੁਲਿਸ ਨੇ ਜਲਦੀ ਪਹੁੰਚ ਕੇ ਹਮਲਾਵਰਾਂ ਨੂੰ ਦਬੋਚ ਲਿਆ। ਸਾਜਿਦ ਅਕਰਮ ਨੂੰ ਪੁਲਿਸ ਨੇ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਅਤੇ ਨਵੀਦ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਹਮਲੇ ਨੇ ਨਾ ਸਿਰਫ਼ ਆਸਟ੍ਰੇਲੀਆ ਨੂੰ ਸਦਮੇ ਵਿੱਚ ਪਾ ਦਿੱਤਾ ਬਲਕਿ ਪੂਰੀ ਦੁਨੀਆ ਵਿੱਚ ਨਫ਼ਰਤ, ਨਸਲਵਾਦ ਅਤੇ ਅੱਤਵਾਦ ਵਿਰੋਧੀ ਚਰਚਾ ਨੂੰ ਤੇਜ਼ ਕਰ ਦਿੱਤਾ। ਪਰ ਇਸ ਭਿਆਨਕ ਘਟਨਾ ਵਿੱਚ ਇੱਕ ਰੌਸ਼ਨੀ ਵੀ ਚਮਕੀ - ਨਿਊਜ਼ੀਲੈਂਡ ਵਾਸੀ ਸਿੱਖ ਨੌਜਵਾਨ ਅਮਨਦੀਪ ਸਿੰਘ ਬੋਲਾ ਦੀ ਬਹਾਦਰੀ ਨੇ ਕਈ ਜਾਨਾਂ ਬਚਾਈਆਂ ਅਤੇ ਮੀਡੀਆ ਨੇ ਉਸ ਨੂੰ ਹੀਰੋ ਵਜੋਂ ਪੇਸ਼ ਕਰ ਦਿੱਤਾ।

**ਅਮਨਦੀਪ ਸਿੰਘ ਬੋਲਾ ਕੌਣ ਹੈ ?**

ਅਮਨਦੀਪ ਸਿੰਘ ਬੋਲਾ 34 ਸਾਲਾਂ ਦਾ ਨੌਜਵਾਨ ਹੈ ਜੋ ਨਿਊਜ਼ੀਲੈਂਡ ਵਿੱਚ ਜੰਮਿਆ ਅਤੇ ਵੱਡਾ ਹੋਇਆ ਹੈ। ਉਹ ਤੀਜੀ ਪੀੜ੍ਹੀ ਦੇ ਸਿੱਖ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਉਸ ਦੇ ਪਰਿਵਾਰ ਦੀਆਂ ਜੜ੍ਹਾਂ ਪੰਜਾਬ ਦੇ ਨਵਾਂਸ਼ਹਿਰ ਜ਼ਿਲ੍ਹੇ ਦੇ ਪਿੰਡ ਨੌਰਾ ਵਿੱਚ ਹਨ। ਉਸ ਦੇ ਪੜਦਾਦਾ ਪੂਨਾ ਸਿੰਘ ਬੋਲਾ 1916 ਵਿੱਚ ਨਿਊਜ਼ੀਲੈਂਡ ਗਏ ਸਨ ਅਤੇ ਉਹ ਪਹਿਲੇ ਸਿੱਖ ਪ੍ਰਵਾਸੀਆਂ ਵਿੱਚੋਂ ਇੱਕ ਸਨ।



ਅਮਨਦੀਪ ਦੇ ਪਿਤਾ ਮਨਜੀਤ ਸਿੰਘ ਬੋਲਾ ਨਿਊਜ਼ੀਲੈਂਡ ਵਿੱਚ ਜੰਮੇ ਅਤੇ ਉਸ ਦੀ ਮਾਂ ਹਰਵਿੰਦਰ ਕੌਰ ਲੁਧਿਆਣਾ ਤੋਂ ਹੈ। ਅਮਨਦੀਪ ਆਸਟ੍ਰੇਲੀਆ ਵਿੱਚ 6-7 ਸਾਲਾਂ ਤੋਂ ਰਹਿ ਰਿਹਾ ਹੈ ਅਤੇ ਪਰਸਨਲ ਟ੍ਰੇਨਰ ਵਜੋਂ ਕੰਮ ਕਰਦਾ ਹੈ। ਉਹ ਜਿਮ ਵਿੱਚ ਲੋਕਾਂ ਨੂੰ ਟ੍ਰੇਨਿੰਗ ਦਿੰਦਾ ਹੈ ਅਤੇ ਤੰਦਰੁਸਤੀ ਲਈ ਪ੍ਰੇਰਿਤ ਕਰਦਾ ਹੈ।

(ਬਾਕੀ ਸਫ਼ਾ 26 'ਤੇ)

## ਅੰਤਰਰਾਸ਼ਟਰੀ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਅਖ਼ਬਾਰਾਂ ਨੇ ਕੀ ਕਿਹਾ ?

ਇਸ ਘਟਨਾ ਨੇ ਦੁਨੀਆ ਭਰ ਦੇ ਮੀਡੀਆ ਵਿੱਚ ਚਰਚਾ ਪੈਦਾ ਕੀਤੀ। ਨਿਊਜ਼ੀਲੈਂਡ ਹੈਰਲਡ ਨੇ ਉਸ ਨੂੰ 'ਕਿਵੀ ਹੀਰੋ' (ਨਿਊਜ਼ੀਲੈਂਡ ਵਾਸੀ ਹੀਰੋ) ਕਿਹਾ। ਲਿਖਿਆ ਕਿ ਨਿਊਜ਼ੀਲੈਂਡ ਵਾਸੀ ਅਮਨਦੀਪ ਨੇ ਹਮਲਾਵਰ ਨੂੰ ਕਾਬੂ ਕੀਤਾ ਅਤੇ ਉਸ ਨੇ ਨਾਇਕ ਵਜੋਂ ਭੂਮਿਕਾ ਨਿਭਾਈ।

ਐੱਸਬੀਐੱਸ ਨਿਊਜ਼ (ਆਸਟ੍ਰੇਲੀਆ) ਨੇ ਲਿਖਿਆ ਕਿ ਅਮਨਦੀਪ ਨੇ ਅੱਤਵਾਦੀ ਹਮਲਾਵਰ ਦਬੋਚਕੇ ਮਨੁੱਖਤਾ ਦੇ ਹਿਤ ਵਿੱਚ ਇਤਿਹਾਸ ਸਿਰਜਿਆ ਹੈ।

ਆਸਟ੍ਰੇਲੀਆ ਵਿੱਚ ਭਾਰਤੀ ਕਮਿਊਨਿਟੀ ਅਖ਼ਬਾਰ ਨੇ ਲਿਖਿਆ ਅਤੇ ਕਿਹਾ ਕਿ ਉਸ ਨੇ ਖ਼ਤਰੇ ਵੱਲ ਭੱਜ ਕੇ ਹਮਲਾਵਰ ਨੂੰ ਰੋਕਿਆ।

ਇਕਨਾਮਿਕ ਟਾਈਮਜ਼ ਯੂਕੇ ਨੇ ਹਮਲਾਵਰਾਂ ਦੇ ਹੈਦਰਾਬਾਦ ਨਾਲ ਸੰਬੰਧ ਬਾਰੇ ਲਿਖਿਆ ਪਰ ਅਮਨਦੀਪ ਦੀ ਬਹਾਦਰੀ ਦੀ ਤਾਰੀਫ ਕੀਤੀ ਹੈ।

ਇਸ ਤਰ੍ਹਾਂ ਮੀਡੀਆ ਨੇ ਅੱਤਵਾਦ ਨੂੰ ਰੋਕਣ ਅਤੇ ਸਿੱਖ ਹੀਰੋ ਦੀ ਬਹਾਦਰੀ ਨੂੰ ਉਤਸ਼ਾਹਿਤ ਕੀਤਾ ਹੈ।

ਇਹ ਘਟਨਾ ਭਿਆਨਕ ਸੀ ਪਰ ਅਮਨਦੀਪ ਸਿੰਘ ਵਰਗੇ ਲੋਕਾਂ ਨੇ ਉਮੀਦ ਜਗਾਈ ਹੈ। ਉਸ ਨੇ ਵਿਖਾਇਆ ਕਿ ਸਿੱਖ ਮਨੁੱਖਤਾ ਦੇ ਮਸੀਹੇ ਹਨ। ਆਸਟ੍ਰੇਲੀਆ ਅਤੇ ਦੁਨੀਆ ਨੇ ਇਸ ਤੋਂ ਸਿੱਖਿਆ ਲੈ ਕੇ ਨਫ਼ਰਤ ਵਿਰੋਧੀ ਉਪਰਾਲੇ ਵਧਾਏ ਹਨ।

# ਕੀ ਕਹਿੰਦੇ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਨਤੀਜੇ ?



## ਅਗਲੀਆਂ ਵਿਧਾਨ ਸਭਾ ਚੋਣਾਂ 'ਤੇ ਵੀ ਇਹਨਾਂ ਨਤੀਜਿਆਂ ਦਾ ਪਵੇਗਾ ਪ੍ਰਭਾਵ

## ਆਮ ਆਦਮੀ ਪਾਰਟੀ ਨੂੰ ਸਖ਼ਤ ਟੱਕਰ ਦੇ ਰਿਹੈ ਸ਼੍ਰੋਮਣੀ ਅਕਾਲੀ ਦਲ

## ਕਾਂਗਰਸ ਨੂੰ ਲੈ ਬੈਠੀ ਉਸ ਦੀ ਅੰਦਰੂਨੀ ਫੁੱਟ

ਜਗਮੋਹਨ ਸਿੰਘ 'ਲੱਕੀ'

**ਪੰਜਾਬ 'ਚ ਪੈ ਰਹੀ ਕੜਾਕੇ ਦੀ ਠੰਡ ਦੌਰਾਨ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਨਤੀਜਿਆਂ ਨੇ ਸਿਆਸਤ 'ਚ ਗਰਮੀ ਲਿਆ ਦਿੱਤੀ ਹੈ। ਇਹਨਾਂ ਚੋਣ ਨਤੀਜਿਆਂ ਤੋਂ ਹਰ ਸਿਆਸੀ ਪਾਰਟੀ ਆਪੋ ਆਪਣੇ ਅਰਥ ਕੱਢ ਰਹੀ ਹੈ। ਪੰਜਾਬ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਹੋਣ ਵਿੱਚ ਇੱਕ ਸਾਲ ਦਾ ਸਮਾਂ ਪਿਆ ਹੈ ਪਰ ਇਹਨਾਂ ਚੋਣਾਂ ਸਬੰਧੀ ਮਾਹੌਲ ਹੁਣੇ ਤੋਂ ਬਣਨ ਲੱਗ ਪਿਆ ਹੈ। ਵੱਖ ਵੱਖ ਸਿਆਸੀ ਪਾਰਟੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਆਪਣੀਆਂ ਤਿਆਰੀਆਂ ਵਿੱਚ ਲੱਗੀਆਂ ਹੋਈਆਂ ਹਨ।**











ਪੰਜਾਬ 'ਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦਾ ਮੇਲਾ ਆਮ ਆਦਮੀ ਪਾਰਟੀ ਨੇ ਲੁੱਟ ਲਿਆ ਹੈ। ਅਕਾਲੀ ਦਲ ਬਾਦਲ ਦੂਜੇ ਨੰਬਰ 'ਤੇ ਆਇਆ ਹੈ, ਜਦੋਂ ਕਿ ਕਾਂਗਰਸ ਤੀਜੇ ਅਤੇ ਭਾਜਪਾ ਚੌਥੇ ਨੰਬਰ 'ਤੇ ਆਈਆਂ ਹਨ। ਆਮ ਆਦਮੀ ਪਾਰਟੀ ਦੇ ਕਨਵੀਨਰ ਕੇਜਰੀਵਾਲ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਦੀਆਂ 70 ਫ਼ੀਸਦੀ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਸੀਟਾਂ 'ਤੇ ਆਮ ਆਦਮੀ ਪਾਰਟੀ ਜਿੱਤੀ ਹੈ। ਉਹਨਾਂ ਇਹ ਵੀ ਕਿਹਾ ਹੈ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਸੰਤੁਸ਼ਟ ਹਨ। ਦੂਜੇ ਪਾਸੇ ਅਕਾਲੀ ਦਲ ਬਾਦਲ ਅਤੇ ਕਾਂਗਰਸ ਦੇ ਆਗੂ ਦੋਸ਼ ਲਗਾ ਰਹੇ ਹਨ ਕਿ ਇਹ ਚੋਣਾਂ ਆਮ ਆਦਮੀ ਪਾਰਟੀ ਨੇ ਧੱਕੇਸ਼ਾਹੀ ਨਾਲ ਜਿੱਤੀਆਂ ਹਨ। ਅਕਾਲੀ ਦਲ ਬਾਦਲ ਦੇ ਆਗੂ ਪਾਰਟੀ ਦੀ ਚੰਗੀ ਕਾਰਗੁਜ਼ਾਰੀ ਨੂੰ ਵੇਖਦਿਆਂ ਕਾਫ਼ੀ ਹੌਂਸਲੇ ਵਿੱਚ ਹਨ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਅਕਸਰ ਨਵੀਂ ਸਰਕਾਰ ਬਣਨ ਦੇ ਇੱਕ ਸਾਲ ਦੇ ਅੰਦਰ ਹੋ ਜਾਂਦੀਆਂ ਹਨ ਜਦੋਂ ਤੱਕ ਸੱਤਾ ਵਿਰੋਧੀ ਲਹਿਰ ਨਹੀਂ ਬਣੀ ਹੁੰਦੀ ਪਰ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਦੇ ਚਾਰ ਸਾਲ ਬਾਅਦ ਇਹ ਚੋਣਾਂ ਹੋਈਆਂ ਹਨ, ਜਿਸ ਕਾਰਨ ਕਾਫ਼ੀ ਅਹਿਮੀਅਤ ਰੱਖਦੀਆਂ ਹਨ। ਕਿਸੇ ਵੀ ਸਰਕਾਰ ਦੇ ਚਾਰ ਸਾਲਾਂ ਦੇ ਕਾਰਜਕਾਲ ਤੋਂ ਬਾਅਦ ਅਕਸਰ ਸੱਤਾ ਵਿਰੋਧੀ ਲਹਿਰ ਬਣ ਜਾਂਦੀ ਹੈ ਅਤੇ ਉਸ ਸਮੇਂ ਹੋਣ ਵਾਲੀਆਂ ਚੋਣਾਂ ਤੇ ਸੱਤਾ ਵਿਰੋਧੀ ਲਹਿਰ ਦਾ ਪ੍ਰਭਾਵ ਹੁੰਦਾ ਹੈ ਪਰ ਇਹਨਾਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਇਹ ਦਰਸਾਉਂਦੀਹੈ ਕਿ ਪੰਜਾਬ ਵਿੱਚ ਅਜੇ ਸੱਤਾ ਵਿਰੋਧੀ ਲਹਿਰ ਤੇਜ਼ ਨਹੀਂ ਹੋਈ।

ਪੰਜਾਬ ਦੇ ਇਤਿਹਾਸ ਵਿੱਚ ਹੁਣ ਤੱਕ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਨਤੀਜਿਆਂ 'ਤੇ ਨਜ਼ਰ ਮਾਰਦਿਆਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਅਕਸਰ ਸੱਤਾਧਾਰੀ ਪਾਰਟੀ ਦੇ ਉਮੀਦਵਾਰ ਵਧੇਰੇ ਜਿੱਤਦੇ ਹਨ ਕਿਉਂਕਿ ਆਮ ਲੋਕਾਂ ਨੂੰ ਪਤਾ ਹੁੰਦਾ ਹੈ ਕਿ ਜੇ ਸੱਤਾਧਾਰੀ ਧਿਰ ਦੇ ਉਮੀਦਵਾਰ ਜਿੱਤਣਗੇ ਤਾਂ ਉਹਨਾਂ ਦੇ ਹਲਕੇ ਵਿੱਚ ਵਿਕਾਸ ਕੰਮ ਤੇਜੀ ਨਾਲ ਹੋਣਗੇ ਜੇ ਵਿਰੋਧੀ ਪਾਰਟੀਆਂ ਦੇ ਉਮੀਦਵਾਰ ਜਿੱਤ ਜਾਣਗੇ ਤਾਂ ਸਰਕਾਰ ਵਿਰੋਧੀ ਮੈਂਬਰਾਂ ਦੇ ਹਲਕਿਆਂ ਵਿੱਚ ਵਿਕਾਸ ਕੰਮ ਕਰਨ ਤੋਂ ਗੁਰੇਜ਼ ਕਰਦੀ ਹੈ ਅਤੇ ਵਿਰੋਧੀ ਉਮੀਦਵਾਰ ਵੀ ਜਿੱਤਣ ਤੋਂ ਬਾਅਦ ਕਹਿੰਦੇ ਹਨ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਦਾ ਇੰਤਜ਼ਾਰ ਕਰੋ ਅਤੇ ਉਹਨਾਂ ਚੋਣਾਂ ਤੋਂ ਬਾਅਦ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਹੀ ਉਹਨਾਂ ਦੇ ਹਲਕੇ ਵਿੱਚ ਵਿਕਾਸ ਕੰਮ ਹੋਣਗੇ। ਆਮ ਲੋਕ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਇਸ ਕਾਰਨ ਅਕਸਰ ਉਹ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਵਿਰੋਧੀ ਉਮੀਦਵਾਰਾਂ ਦੀ ਥਾਂ ਸੱਤਾਧਾਰੀ ਧਿਰ ਦੇ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਜਿਤਾ ਦਿੰਦੇ ਹਨ। ਇਸ ਤੋਂ ਇਲਾਵਾ ਸੱਤਾਧਾਰੀ ਧਿਰ ਦੇ ਉਮੀਦਵਾਰਾਂ ਨੂੰ ਆਪਣੀ ਸਰਕਾਰ ਦੀ ਵੀ ਹਮਾਇਤ ਮਿਲੀ ਹੁੰਦੀ ਹੈ, ਜਿਸ ਕਾਰਨ ਉਹਨਾਂ ਦੀ ਜਿੱਤ ਅਸਾਨੀ ਨਾਲ ਹੋ ਜਾਂਦੀ ਹੈ।

ਇਹ ਠੀਕ ਹੈ ਕਿ ਆਮ ਆਦਮੀ ਪਾਰਟੀ ਇਹਨਾਂ ਚੋਣਾਂ ਵਿੱਚ ਜਿੱਤ ਹਾਸਲ ਕਰਨ ਵਿੱਚ ਕਾਮਯਾਬ ਹੋ ਗਈ ਹੈ ਪਰ ਆਮ ਆਦਮੀ ਪਾਰਟੀ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਉਸ ਦੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਵਿਰੋਧੀ ਪਾਰਟੀਆਂ ਖਾਸ ਕਰਕੇ ਅਕਾਲੀ ਦਲ ਬਾਦਲ ਪਹਿਲਾਂ ਨਾਲੋਂ ਕਾਫ਼ੀ ਮਜ਼ਬੂਤ ਹੁੰਦਾ ਜਾ ਰਿਹਾ ਹੈ ਅਤੇ ਅਕਾਲੀ ਦਲ ਬਾਦਲ ਹੁਣੇ ਤੋਂ ਅਗਲੀਆਂ ਵਿਧਾਨ ਸਭਾ ਚੋਣਾ ਵਿੱਚ ਆਮ ਆਦਮੀ ਪਾਰਟੀ ਨੂੰ ਸਖ਼ਤ ਟੱਕਰ ਦੇਣ ਲਈ ਪੂਰੀ ਤਿਆਰੀ ਕਰ ਰਿਹਾ ਹੈ। ਆਮ ਆਦਮੀ ਪਾਰਟੀ ਵੱਲੋਂ ਸੱਤਾ ਪ੍ਰਾਪਤੀ ਤੋਂ ਬਾਅਦ ਸਿੱਖ ਮਸਲਿਆਂ ਤੋਂ ਮੂੰਹ ਮੋੜ ਲੈਣ ਕਾਰਨ ਅਤੇ ਅਹਿਮ ਸਿੱਖ ਮਸਲੇ ਖਾਸ ਕਰਕੇ ਬੇਅਦਬੀ ਮਾਮਲਿਆਂ ਨੂੰ ਹਲ਼ ਨਾ ਕਰਨ ਕਾਰਨ ਵੱਡੀ ਗਿਣਤੀ ਸਿੱਖ ਆਮ ਆਦਮੀ ਪਾਰਟੀ ਨਾਲ ਨਾਰਾਜ਼ ਹੋ ਗਏ ਹਨ, ਜਿਸ ਦਾ ਫਾਇਦਾ ਅਕਾਲੀ ਦਲ ਬਾਦਲ ਉਠਾ ਰਿਹਾ ਹੈ ਅਤੇ ਆਮ ਆਦਮੀ ਪਾਰਟੀ ਤੋਂ ਨਿਰਾਸ਼ ਹੋਏ ਸਿੱਖ ਮੁੜ ਅਕਾਲੀ ਦਲ ਬਾਦਲ ਨਾਲ ਜੁੜ ਰਹੇ ਹਨ। ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਤਰਨ ਤਾਰਨ ਜ਼ਿਮਨੀ ਚੋਣ ਵਿੱਚ ਭਾਵੇਂ ਆਮ ਆਦਮੀ ਪਾਰਟੀ ਦੀ ਜਿੱਤ ਹੋਈ ਸੀ ਪਰ ਅਕਾਲੀ ਦਲ ਬਾਦਲ ਦੀ ਹਾਰ ਵੀ ਜਿੱਤ ਵਰਗੀ ਹੋਈ ਸੀ। ਉਸ ਸਮੇਂ ਇਹ ਗੱਲ ਉਭਰ ਕੇ ਸਾਹਮਣੇ ਆਈ ਸੀ ਕਿ ਅਕਾਲੀ ਦਲ ਬਾਦਲ ਦੇ ਮੁਕਾਬਲੇ ਦੂਜੇ ਅਕਾਲੀ ਦਲਾਂ ਅਤੇ ਪੰਥਕ ਪਾਰਟੀਆਂ ਦਾ ਉਮੀਦਵਾਰ ਨਾ ਹੁੰਦਾ ਤਾਂ ਜਿੱਤ ਅਕਾਲੀ ਉਮੀਦਵਾਰ ਦੀ ਹੋ ਸਕਦੀ ਸੀ। ਇਸ ਗੱਲ ਨੂੰ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਚੇਤੇ ਰੱਖਣਾ ਚਾਹੀਦਾ ਹੈ। ਇਸ ਤੋਂ ਇਲਾਵਾ ਅਕਾਲੀ ਆਗੂਆਂ ਨੂੰ ਵੀ ਚਾਹੀਦਾ ਹੈ ਕਿ ਉਹ ਦੂਜੇ ਨੰਬਰ 'ਤੇ ਆਉਣ ਦੀ ਖੁਸ਼ੀ ਵਿੱਚ ਅਗਲੀਆਂ ਚੋਣਾਂ ਦੀਆਂ ਤਿਆਰੀਆਂ ਸਬੰਧੀ ਢਿੱਲੇ ਨਾ ਪੈਣ ਜਾਣ ਸਗੋਂ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਡਟ ਕੇ ਤਿਆਰੀ ਕਰਨ।

ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਗਲੀਆਂ ਵਿਧਾਨ ਸਭਾ ਚੋਣਾਂ ਸਬੰਧੀ ਬਹੁਤ ਉਤਸ਼ਾਹਿਤ ਹਨ। ਉਹਨਾਂ ਵੱਲੋਂ ਹੁਣੇ ਤੋਂ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਪਾਰਟੀ ਦੇ ਉਮੀਦਵਾਰਾਂ ਦਾ ਐਲਾਨ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਉਹਨਾਂ ਨੇ ਪਹਿਲ਼ਾਂ ਤਰਨ ਤਾਰਨ ਜ਼ਿਮਨੀ ਚੋਣ ਵਿੱਚ ਦੂਜੇ ਨੰਬਰ 'ਤੇ ਆਈ ਅਕਾਲੀ ਦਲ ਦੀ ਮਹਿਲ਼ਾ ਉਮੀਦਵਾਰ ਬਾਰੇ ਐਲਾਨ ਕਰ ਦਿੱਤਾ ਸੀ ਕਿ ਉਹ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਤਰਨ ਤਾਰਨ ਹਲ਼ਕੇ ਤੋਂ ਅਕਾਲੀ ਦਲ ਬਾਦਲ ਦੇ ਉਮੀਦਵਾਰ ਹੋਣਗੇ। ਇਸ ਤੋਂ ਇਲਾਵਾ ਸੁਖਬੀਰ ਬਾਦਲ ਨੇ ਪਿਛਲੇ ਦਿਨੀਂ ਆਪਣੇ ਬਾਰੇ ਵੀ ਐਲਾਨ ਕਰ ਦਿੱਤਾ ਹੈ ਕਿ ਉਹ ਗਿੱਦੜਬਾਹਾ ਹਲ਼ਕੇ ਤੋਂ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਚੋਣ ਲੜਨਗੇ। ਆਉਣ ਵਾਲੇ ਦਿਨਾਂ ਦੌਰਾਨ ਅਕਾਲੀ ਦਲ ਬਾਦਲ ਵੱਲੋਂ ਅ ਗਲੀਆਂ ਵਿਧਾਨ ਸਭਾ ਚੋਣਾਂ ਲਈ ਹੋਰ ਵੀ ਉਮੀਦਵਾਰਾਂ ਦਾ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਅਗਲੀਆਂ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ ਕਰਨ ਵਿੱਚ ਅਕਾਲੀ ਦਲ ਬਾਦਲ ਬਾਜੀ ਮਾਰ ਗਿਆ ਹੈ। ਜਦੋਂ ਕਿ ਦੂਜੀਆਂ ਸਿਆਸੀ ਪਾਰਟੀਆਂ ਨੇ ਅਗਲੀਆਂ ਚੋਣਾਂ ਸਬੰਧੀ ਅਜੇ ਗੋਹਲ਼ੇ ਵਿਚੋਂ ਪੂਣੀ ਵੀ ਨਹੀਂ ਕੱਤੀ।

ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਨਤੀਜਿਆਂ ਤੋਂ ਪਤਾ ਚਲਦਾ ਹੈ ਕਿ ਪੰਜਾਬ ਵਿੱਚ ਭਾਵੇਂ ਅਜੇ ਸੱਤਾ ਵਿਰੋਧੀ ਲਹਿਰ ਪੂਰੀ ਤਰ੍ਹਾਂ ਮਜ਼ਬੂਤ ਨਹੀਂ ਹੋਈ ਪਰ ਅਕਾਲੀ ਦਲ ਬਾਦਲ ਸਮੇਤ ਹੋਰ ਵਿਰੋਧੀ ਪਾਰਟੀਆਂ ਮਜ਼ਬੂਤ ਜਰੂਰ ਹੋ ਰਹੀਆਂ ਹਨ। ਜੇ ਕਾਂਗਰਸ ਵੀ ਆਪਣੀ ਫੁੱਟ 'ਤੇ ਕਾਬੂ ਪਾ ਲਵੇ ਤਾਂ ਉਹ ਵੀ ਅਗਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਵੱਡੀ ਚੁਣੌਤੀ ਦੇ ਸਕਦੀ ਹੈ। ਇਸ ਤੋਂ ਇਲਾਵਾ ਭਾਜਪਾ ਦੇ ਕਈ ਉਮੀਦਵਾਰ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਜਿੱਤ ਗਏ ਹਨ। ਇਥੋਂ ਤੱਕ ਕਿ ਤਰਨ ਤਾਰਨ ਵੱਲ ਦੇ ਇੱਕ ਪੰਥਕ ਹਲ਼ਕੇ ਵਿੱਚ ਭਾਜਪਾ ਉਮੀਦਵਾਰ ਦੀ ਜਿੱਤ ਹੋ ਗਈ ਹੈ। ਜਿਸ ਤੋਂ ਪਤਾ ਚਲਦਾ ਹੈ ਕਿ ਸ਼ਹਿਰਾਂ ਤੱਕ ਸੀਮਿਤ ਰਹਿਣ ਵਾਲੀ ਪਾਰਟੀ ਭਾਜਪਾ ਹੁਣ ਪਿੰਡਾਂ ਵਿੱਚ ਵੀ ਮਜ਼ਬੂਤ ਹੋ ਰਹੀ ਹੈ ਅਤੇ ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਹ ਪਾਰਟੀ ਵੀ ਆਮ ਆਦਮੀ ਪਾਰਟੀ ਨੂੰ ਸਖ਼ਤ ਮੁਕਾਬਲਾ ਦੇਵੇਗੀ।

ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਸਬੰਧੀ ਉਹਨਾਂ ਦਾ ਰਾਹ ਸੁਖਾਲਾ ਨਹੀਂ ਹੈ। ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੱਖ- ਵੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਵਿਚਾਲੇ ਗਹਿਗੱਚ ਮੁਕਾਬਲੇ ਹੋਣ ਦੀ ਸੰਭਾਵਨਾ ਹੁਣੇ ਤੋਂ ਬਣ ਗਈ ਹੈ।

# ਆਮ ਆਦਮੀ ਪਾਰਟੀ ਵੱਲੋਂ 'ਪੇਂਡੂ ਦੰਗਲ' ਵਿੱਚ ਜਿੱਤ ਦਾ ਸਿਆਸੀ ਅਸਰ ਕੀ ਹੋਵੇਗਾ ?

## ਕੀ ਡਾਇਨਾਸੋਰ ਮੁੜ ਪਰਤ ਆਇਆ ਹੈ ? * 2027 ਵਿਧਾਨ ਸਭਾ ਚੋਣਾਂ ਲਈ ਸਾਰੀਆਂ ਪਾਰਟੀਆਂ ਨੇ ਬਣਾਈ ਰਣਨੀਤੀ

ਪੰਜਾਬ ਦੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ, ਜਿਨ੍ਹਾਂ ਨੂੰ 'ਪੇਂਡੂ ਦੰਗਲ' ਵਜੋਂ ਵੀ ਜਾਣਿਆ ਜਾਂਦਾ ਹੈ, ਨੇ ਰਾਜਨੀਤਿਕ ਮਾਹੌਲ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ। ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਨੇ ਇਨ੍ਹਾਂ ਚੋਣਾਂ ਵਿੱਚ ਵੱਡੀ ਜਿੱਤ ਹਾਸਲ ਕਰਕੇ ਆਪਣੀ ਪੇਂਡੂ ਪਕੜ ਨੂੰ ਮਜ਼ਬੂਤ ਕੀਤਾ ਹੈ, ਜਦਕਿ ਵਿਰੋਧੀ ਪਾਰਟੀਆਂ ਜਿਵੇਂ ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ), ਇੰਡੀਅਨ ਨੈਸ਼ਨਲ ਕਾਂਗਰਸ (ਕਾਂਗਰਸ) ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਵੀ ਆਪਣੇ ਰਵਾਇਤੀ ਖੇਤਰਾਂ ਵਿੱਚ ਚੰਗਾ ਪ੍ਰਦਰਸ਼ਨ ਕਰਕੇ ਆਉਣ ਵਾਲੀਆਂ ਚੋਣਾਂ ਲਈ ਚੁਣੌਤੀ ਪੇਸ਼ ਕੀਤੀ ਹੈ। ਇਹ ਨਤੀਜੇ ਨਾ ਸਿਰਫ਼ ਪੇਂਡੂ ਵਿਕਾਸ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰਨਗੇ ਬਲਕਿ 2027 ਵਿਧਾਨ ਸਭਾ ਚੋਣਾਂ ਲਈ ਵੀ ਇੱਕ ਵੱਡਾ ਸੰਕੇਤ ਹਨ।

ਪੰਜਾਬ ਰਾਜ ਚੋਣ ਕਮਿਸ਼ਨ ਨੇ 17 ਦਸੰਬਰ ਨੂੰ ਐਲਾਨੇ ਨਤੀਜਿਆਂ ਵਿੱਚ ਖੁਲਾਸਾ ਕੀਤਾ ਕਿ 'ਆਪ' ਨੇ ਜ਼ਿਲ੍ਹਾ ਪ੍ਰੀਸ਼ਦ ਦੇ 346 ਜ਼ੋਨਾਂ ਵਿੱਚੋਂ 218 ਜ਼ੋਨਾਂ ਉੱਤੇ ਕਬਜ਼ਾ ਕੀਤਾ ਹੈ, ਜਦਕਿ ਕਾਂਗਰਸ ਨੂੰ 62, ਅਕਾਲੀ ਦਲ ਨੂੰ 46, ਭਾਜਪਾ ਨੂੰ 7, ਬਹੁਜਨ ਸਮਾਜ ਪਾਰਟੀ (ਬੀਐੱਸਪੀ) ਨੂੰ 3 ਅਤੇ ਆਜ਼ਾਦ ਉਮੀਦਵਾਰਾਂ ਨੂੰ 10 ਜ਼ੋਨ ਮਿਲੇ ਹਨ। ਇਸੇ ਤਰ੍ਹਾਂ ਪੰਚਾਇਤ ਸੰਮਤੀ ਦੇ 2838 ਜ਼ੋਨਾਂ ਵਿੱਚ ਆਪ ਨੇ 1531 ਜ਼ੋਨ ਜਿੱਤੇ, ਕਾਂਗਰਸ ਨੇ 612, ਅਕਾਲੀ ਦਲ ਨੇ 445, ਭਾਜਪਾ ਨੇ 73, ਬੀ.ਐੱਸ.ਪੀ. ਨੇ 28 ਅਤੇ ਆਜ਼ਾਦਾਂ ਨੇ 144 ਜ਼ੋਨਾਂ ਉੱਤੇ ਜਿੱਤ ਹਾਸਲ ਕੀਤੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਇਸ ਨੂੰ ਪਾਰਟੀ ਦੇ ਲੋਕ ਪੱਖੀ ਕੰਮਾਂ ਦਾ ਨਤੀਜਾ ਦੱਸਿਆ ਦੂਸਰੇ ਪਾਸੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਅਸੀਂ ਨਤੀਜਿਆਂ ਤੋਂ ਸੰਤੁਸ਼ਟ ਹਾਂ ਪਰ ਆਪ ਨੇ ਵਿਰੋਧੀ ਉਮੀਦਵਾਰਾਂ ਨੂੰ ਡਰਾ-ਧਮਕਾ ਕੇ ਅਤੇ ਨਾਮਜ਼ਦਗੀ ਪੱਤਰਾਂ ਵਿੱਚ ਰੁਕਾਵਟ ਪਾ ਕੇ ਚੋਣਾਂ ਨੂੰ ਪ੍ਰਭਾਵਿਤ ਕੀਤਾ ਹੈ। ਅਸਲ ਲੜਾਈ 2027 ਵਿਧਾਨ ਸਭਾ ਚੋਣਾਂ ਵਿੱਚ ਹੋਵੇਗੀ, ਜਿੱਥੇ 'ਆਪ' ਨੂੰ ਕੋਈ ਪ੍ਰਸ਼ਾਸਨਿਕ ਸਮਰਥਨ ਨਹੀਂ ਮਿਲੇਗਾ। ਅਕਾਲੀ ਦਲ ਦੇ ਆਗੂਆਂ ਨੇ ਵੀ ਇਸੇ ਤਰ੍ਹਾਂ ਦੇ ਇਲਜ਼ਾਮ ਲਗਾਏ ਅਤੇ ਕਿਹਾ ਕਿ ਪੇਂਡੂ ਲੋਕ ਅਕਾਲੀ ਨਾਲ ਦੁਬਾਰਾ ਜੁੜ ਰਹੇ ਹਨ। ਸ਼ੋਸ਼ਲ ਮੀਡੀਆ ਉੱਪਰ ਅਕਾਲੀ ਦਲ ਆਖ ਰਿਹਾ ਹੈ ਕਿ ਡਾਇਨਾਸੋਰ ਫਿਰ ਮੁੜ ਆਇਆ ਹੈ। ਜਦ ਕਿ ਭਗਵੰਤ ਮਾਨ ਨੇ ਕਿਹਾ ਸੀ ਕਿ ਨਾ ਅਕਾਲੀ ਦਲ ਮੁੜ ਰਾਜਨੀਤੀ ਵਿੱਚ ਸਥਾਪਤ ਹੋਵੇਗਾ, ਨਾ ਡਾਇਨਾਸੋਰ ਮੁੜ ਪਰਤੇਗਾ। ਚੋਣ ਨਤੀਜਿਆਂ ਨੂੰ ਜ਼ਿਲ੍ਹਾਵਾਰ ਵੇਖੀਏ ਤਾਂ 'ਆਪ' ਨੇ ਮਾਝੇ ਅਤੇ ਮਾਲਵੇ ਵਿੱਚ ਮੋਹਰੀ ਪੁਜ਼ੀਸ਼ਨ ਬਣਾਈ ਹੈ।

(ਬਾਕੀ ਸਫ਼ਾ 26 'ਤੇ)

# ਪੰਜਾਬ ਦੇ ਤਿੰਨ ਸ਼ਹਿਰਾਂ ਨੂੰ ਮਿਲਿਆ 'ਪਵਿੱਤਰ ਸ਼ਹਿਰ' ਦਾ ਦਰਜਾ, ਰਾਜਪਾਲ ਨੇ ਦਿੱਤੀ ਮਨਜ਼ੂਰੀ

## ਮੀਟ ਅਤੇ ਸ਼ਰਾਬ 'ਤੇ ਪੂਰਨ ਰੋਕ, ਕਿਰਨਜੋਤ ਕੌਰ ਵੱਲੋਂ ਝਟਕੇ 'ਤੇ ਪਾਬੰਦੀ ਮਰਿਆਦਾ ਵਿਰੁੱਧ ਕਰਾਰ

### ਪਵਿੱਤਰ ਸ਼ਹਿਰਾਂ ਵਿੱਚ ਪਾਬੰਦੀਆਂ ਲਾਗੂ ਕਰਨ ਦੀ ਚੁਣੌਤੀ ਅਤੇ ਸਿੱਖ ਬੁੱਧੀਜੀਵੀਆਂ ਦੀ ਵੰਡੀ ਰਾਏ

ਪੰਜਾਬ ਸਰਕਾਰ ਨੇ ਹਾਲ ਹੀ ਵਿੱਚ ਇੱਕ ਅਹਿਮ ਫੈਸਲੇ ਨਾਲ ਤਿੰਨ ਮਹੱਤਵਪੂਰਨ ਧਾਰਮਿਕ ਸ਼ਹਿਰਾਂ – ਅੰਮ੍ਰਿਤਸਰ ਦੀ ਪੁਰਾਣੀ ਵਾਲਡ ਸਿਟੀ, ਸ੍ਰੀ ਆਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ 'ਪਵਿੱਤਰ ਸ਼ਹਿਰ' ਐਲਾਨ ਕੇ ਉਨ੍ਹਾਂ ਵਿੱਚ ਮੀਟ, ਸ਼ਰਾਬ, ਤੰਬਾਕੂ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਿਕਰੀ ਅਤੇ ਵਰਤੋਂ 'ਤੇ ਪੂਰੀ ਪਾਬੰਦੀ ਲਗਾ ਦਿੱਤੀ ਹੈ। ਇਹ ਫੈਸਲਾ 15 ਦਸੰਬਰ 2025 ਨੂੰ ਜਾਰੀ ਅਧਿਕਾਰਤ ਨੋਟੀਫਿਕੇਸ਼ਨ ਨਾਲ ਲਾਗੂ ਹੋਇਆ ਸੀ, ਜਿਸ ਨੂੰ ਹੁਣੇ ਜਿਹੇ ਪੰਜਾਬ ਦੇ ਰਾਜਪਾਲ ਨੇ ਸੰਵਿਧਾਨਕ ਮਨਜ਼ੂਰੀ ਦਿੱਤੀ ਹੈ। ਇਸ ਨਾਲ ਪੰਜਾਬ ਵਿੱਚ ਧਾਰਮਿਕ ਅਤੇ ਸਮਾਜਿਕ ਵਿਵਾਦ ਖੜ੍ਹਾ ਹੋ ਗਿਆ ਹੈ, ਖਾਸ ਕਰਕੇ ਮੀਟ ਦੀ ਪਾਬੰਦੀ ਨੂੰ ਲੈ ਕੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੀ ਮੈਂਬਰ ਅਤੇ ਸੀਨੀਅਰ ਅਕਾਲੀ ਆਗੂ ਬੀਬੀ ਕਿਰਨਜੋਤ ਕੌਰ ਨੇ ਇਸ ਨੂੰ ਸਿੱਖ ਮਰਿਆਦਾ ਵਿਰੁੱਧ ਕਰਾਰ ਦਿੱਤਾ ਹੈ ਅਤੇ ਸਰਕਾਰ 'ਤੇ ਸਿੱਖਾਂ ਦਾ 'ਬ੍ਰਾਹਮਣੀਕਰਨ' ਕਰਨ ਦਾ ਇਲਜ਼ਾਮ ਲਗਾਇਆ ਹੈ।

ਇਹ ਫੈਸਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਗੁਰਪੁਰਬ ਨੂੰ ਸਮਰਪਿਤ ਵਿਸ਼ੇਸ਼ ਵਿਧਾਨ ਸਭਾ ਇਜਲਾਸ ਵਿੱਚ ਪਾਸ ਕੀਤੇ ਗਏ ਮਤੇ ਦੇ ਅਧਾਰ 'ਤੇ ਲਿਆ ਗਿਆ ਹੈ। ਇਹ ਇਜਲਾਸ 24 ਨਵੰਬਰ 2025 ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਇਆ ਸੀ, ਜੋ ਚੰਡੀਗੜ੍ਹ ਤੋਂ ਬਾਹਰ ਵਿਧਾਨ ਸਭਾ ਦਾ ਪਹਿਲਾ ਵਿਸ਼ੇਸ਼ ਇਜਲਾਸ ਸੀ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਇਨ੍ਹਾਂ ਸ਼ਹਿਰਾਂ ਨੂੰ ਪਵਿੱਤਰ ਦਰਜਾ ਦੇਣ ਦਾ ਪ੍ਰਸਤਾਵ ਰੱਖਿਆ ਸੀ, ਜਿਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ। ਰਾਜਪਾਲ ਨੇ 15 ਦਸੰਬਰ ਨੂੰ ਇਸ ਨੂੰ ਮਨਜ਼ੂਰੀ ਦੇ ਕੇ ਲਾਗੂ ਕਰ ਦਿੱਤਾ ਸੀ। ਨੋਟੀਫਿਕੇਸ਼ਨ ਅਨੁਸਾਰ, ਇਨ੍ਹਾਂ ਖੇਤਰਾਂ ਵਿੱਚ ਸ਼ਰਾਬ, ਮੀਟ (ਮਾਸਾਹਾਰੀ ਵਸਤੂਆਂ ਸਮੇਤ), ਤੰਬਾਕੂ, ਸਿਗਰਟ, ਗੁਟਖਾ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਿਕਰੀ, ਸਟੋਰੇਜ ਅਤੇ ਵਰਤੋਂ 'ਤੇ ਪੂਰੀ ਪਾਬੰਦੀ ਹੈ। ਇਸ ਨਾਲ ਧਾਰਮਿਕ ਸਥਾਨਾਂ ਦੀ ਪਵਿੱਤਰਤਾ ਬਰਕਰਾਰ ਰੱਖਣ, ਨਸ਼ਿਆਂ 'ਤੇ ਰੋਕ ਲਗਾਉਣ ਅਤੇ ਸੰਗਤ ਨੂੰ ਸਾਫ਼-ਸੁਥਰਾ ਮਾਹੌਲ ਪ੍ਰਦਾਨ ਕਰਨ ਦਾ ਉਦੇਸ਼ ਹੈ।

ਇਹ ਤਿੰਨ ਸ਼ਹਿਰ ਸਿੱਖ ਧਰਮ ਦੇ ਪੰਜ ਤਖ਼ਤਾਂ ਵਿੱਚੋਂ ਤਿੰਨ ਨਾਲ ਜੁੜੇ ਹੋਏ ਹਨ। ਅੰਮ੍ਰਿਤਸਰ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਹੈ, ਜੋ ਸਿੱਖਾਂ ਦਾ ਸਭ ਤੋਂ ਵੱਡਾ ਧਾਰਮਿਕ ਕੇਂਦਰ ਹੈ। ਸ੍ਰੀ ਆਨੰਦਪੁਰ ਸਾਹਿਬ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਹੈ, ਜਿੱਥੇ ਖਾਲਸਾ ਪੰਥ ਦੀ ਸਿਰਜਣਾ ਹੋਈ ਸੀ। ਤਲਵੰਡੀ ਸਾਬੋ (ਬਠਿੰਡਾ ਜ਼ਿਲ੍ਹੇ ਵਿੱਚ) ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਹੈ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰਨਤਾ ਪ੍ਰਦਾਨ ਕੀਤੀ ਸੀ। ਇਨ੍ਹਾਂ ਸਥਾਨਾਂ ਦੀ ਧਾਰਮਿਕ ਅਤੇ ਇਤਿਹਾਸਕ ਮਹੱਤਤਾ ਨੂੰ ਵੇਖਦਿਆਂ ਸਰਕਾਰ ਨੇ ਇਹ ਕਦਮ ਚੁੱਕਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਨੂੰ ਗੁਰੂ ਸਾਹਿਬਾਨ ਦੀ ਵਿਰਾਸਤ ਨੂੰ ਸਨਮਾਨ ਦੇਣ ਵਾਲਾ ਫੈਸਲਾ ਦੱਸਿਆ ਹੈ। ਉਨ੍ਹਾਂ ਨੇ ਕਿਹਾ, 'ਇਹ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਪੂਰਾ ਕਰਨ ਵਾਲਾ ਕਦਮ ਹੈ। ਇਸ ਨਾਲ ਨਸ਼ਿਆਂ ਨੂੰ ਰੋਕ ਕੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਮੱਦਦ ਮਿਲੇਗੀ ਅਤੇ ਧਾਰਮਿਕ ਸਥਾਨਾਂ ਦੀ ਪਵਿੱਤਰਤਾ ਬਰਕਰਾਰ ਰਹੇਗੀ।' ਸਰਕਾਰ ਨੇ ਇਨ੍ਹਾਂ ਸ਼ਹਿਰਾਂ ਨੂੰ ਵਿਕਸਤ ਕਰਨ ਲਈ ਵੀ ਯੋਜਨਾਵਾਂ ਘੋਸ਼ਿਤ ਕੀਤੀਆਂ ਹਨ, ਜਿਵੇਂ ਕਿ ਬੁਨਿਆਦੀ ਢਾਂਚੇ ਦਾ ਵਿਕਾਸ, ਸਾਫ਼-ਸਫ਼ਾਈ ਅਤੇ ਧਾਰਮਿਕ ਟੂਰਿਜ਼ਮ ਨੂੰ ਉਤਸ਼ਾਹਿਤ ਕਰਨਾ।



ਪਰ ਇਸ ਫੈਸਲੇ ਨੇ ਵਿਵਾਦ ਵੀ ਪੈਦਾ ਕਰ ਦਿੱਤਾ ਹੈ, ਖਾਸ ਕਰਕੇ ਮੀਟ ਦੀ ਪਾਬੰਦੀ ਨੂੰ ਲੈ ਕੇ। ਬੀਬੀ ਕਿਰਨਜੋਤ ਕੌਰ, ਜੋ ਮਾਸਟਰ ਤਾਰਾ ਸਿੰਘ ਜੀ ਦੀ ਪੋਤਰੀ ਵੀ ਹਨ ਅਤੇ ਐੱਸ.ਜੀ.ਪੀ.ਸੀ. ਦੀ ਮੈਂਬਰ ਹਨ, ਨੇ ਸੋਸ਼ਲ ਮੀਡੀਆ 'ਤੇ ਬਿਆਨ ਜਾਰੀ ਕਰਕੇ ਸਖ਼ਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਨੇ ਕਿਹਾ, 'ਇਹ ਫੈਸਲਾ ਸਿੱਖਾਂ ਨੂੰ ਬ੍ਰਾਹਮਣੀਕਰਨ ਵੱਲ ਧੱਕਣ ਵਾਲਾ ਹੈ। ਸਿੱਖ ਰਹਿਤ ਮਰਿਆਦਾ ਵਿੱਚ ਤੰਬਾਕੂ ਅਤੇ ਕੁੱਠਾ (ਹਲਾਲ) ਮੀਟ ਨੂੰ ਬੱਜਰ ਕੁਰਹਿਤ ਮੰਨਿਆ ਗਿਆ ਹੈ, ਪਰ ਝਟਕਾ ਮੀਟ ਸਿੱਖਾਂ ਦਾ ਹੱਕ ਹੈ ਅਤੇ ਇਸ 'ਤੇ ਪਾਬੰਦੀ ਗਲਤ ਹੈ।' ਬੀਬੀ ਜੀ ਨੇ ਇਤਿਹਾਸਕ ਹਵਾਲੇ ਵੀ ਦਿੱਤੇ ਹਨ। ਉਨ੍ਹਾਂ ਨੇ ਕਿਹਾ ਕਿ 1935 ਵਿੱਚ ਅਕਾਲੀ ਦਲ ਨੇ ਝਟਕਾ ਮੀਟ ਦੇ ਹੱਕ ਵਿੱਚ 'ਝਟਕਾ ਕਾਨਫਰੰਸ' ਕੀਤੀ ਸੀ। ਗੁਰੂ ਨਾਨਕ ਦੇਵ ਜੀ ਨਾਲ ਜੁੜੀ ਸਾਖੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਕੁਰੂਕਸ਼ੇਤਰ ਵਿੱਚ ਸੂਰਜ ਗ੍ਰਹਿਣ ਸਮੇਂ ਹਿਰਨ ਦਾ ਮਾਸ ਰਿੰਨ੍ਹਿਆ ਗਿਆ ਸੀ ਅਤੇ ਗੁਰੂ ਸਾਹਿਬਾਨ ਨੇ ਸ਼ਿਕਾਰ ਕੀਤਾ ਅਤੇ ਮੀਟ ਖਾਧਾ ਹੈ। ਉਨ੍ਹਾਂ ਨੇ ਐੱਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਕੋਲ ਤੁਰੰਤ ਇਤਰਾਜ਼ ਜਤਾਉਣ ਅਤੇ ਸਿੱਖ ਮਰਿਆਦਾ ਨੂੰ ਬਚਾਉਣ। ਬੀਬੀ ਜੀ ਨੇ ਕਿਹਾ ਕਿ ਇਹ ਫੈਸਲਾ ਡੇਰੇਦਾਰਾਂ ਦੀ ਮਰਿਆਦਾ ਨੂੰ ਅੱਗੇ ਵਧਾਉਂਦਾ ਹੈ, ਜੋ ਸਿੱਖੀ ਨਾਲ ਨਹੀਂ ਮਿਲਦੀ।

ਸਿੱਖ ਧਰਮ ਵਿੱਚ ਮੀਟ ਖਾਣ ਨੂੰ ਲੈ ਕੇ ਲੰਮੇ ਸਮੇਂ ਤੋਂ ਬਹਿਸ ਚੱਲ ਰਹੀ ਹੈ। ਸਿੱਖ ਰਹਿਤ ਮਰਿਆਦਾ ਅਨੁਸਾਰ, ਕੁੱਠਾ (ਹਲਾਲ) ਮੀਟ ਖਾਣਾ ਬੱਜਰ ਕੁਰਹਿਤ ਹੈ, ਪਰ ਝਟਕਾ ਮੀਟ (ਇੱਕ ਵਾਰ ਵਿੱਚ ਮਾਰ ਕੇ ਤਿਆਰ ਕੀਤਾ ਮੀਟ) ਨੂੰ ਮਨਜ਼ੂਰੀ ਹੈ। ਅਕਾਲ ਤਖ਼ਤ ਸਾਹਿਬ ਵੱਲੋਂ 1980 ਵਿੱਚ ਜਾਰੀ ਹੁਕਮਨਾਮੇ ਵਿੱਚ ਵੀ ਅੰਮ੍ਰਿਤਧਾਰੀ ਸਿੱਖਾਂ ਨੂੰ ਝਟਕਾ ਮੀਟ ਖਾਣ ਦੀ ਇਜਾਜ਼ਤ ਦਿੱਤੀ ਗਈ ਹੈ। ਕਈ ਸਿੱਖ ਵਿਦਵਾਨ ਅਤੇ ਜਥੇਬੰਦੀਆਂ ਝਟਕਾ ਮੀਟ ਨੂੰ ਸਿੱਖੀ ਵਿੱਚ ਮਨਜ਼ੂਰ ਮੰਨਦੀਆਂ ਹਨ, ਜਦਕਿ ਕੁਝ ਵਿਦਵਾਨ ਇਸ ਨੂੰ ਵੈਜੀਟੇਰੀਅਨਿਜ਼ਮ ਨਾਲ ਜੋੜਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਮੀਟ ਖਾਣ ਨੂੰ ਲੈ ਕੇ ਕੋਈ ਸਿੱਧੀ ਪਾਬੰਦੀ ਨਹੀਂ ਹੈ। ਗੁਰੂ ਨਾਨਕ ਦੇਵ ਜੀ ਨੇ ਮੀਟ ਅਤੇ ਵੈਜੀਟੇਰੀਅਨ ਭੋਜਨ ਨੂੰ ਬਰਾਬਰ ਮੰਨਿਆ ਹੈ ਅਤੇ ਕਿਹਾ ਹੈ ਕਿ ਅਸਲ ਵਿੱਚ ਮਨ ਦੀ ਸ਼ੁੱਧਤਾ ਮਹੱਤਵਪੂਰਨ ਹੈ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਵਿੱਚ ਝਟਕਾ ਨੂੰ ਰਵਾਇਤੀ ਤੌਰ 'ਤੇ ਅਪਣਾਇਆ ਸੀ, ਜੋ ਮੁਸਲਿਮ ਹਲਾਲ ਵਿਰੁੱਧ ਇੱਕ ਵਿਰੋਧ ਵਜੋਂ ਵੀ ਵੇਖਿਆ ਜਾਂਦਾ ਹੈ। ਇਤਿਹਾਸ ਵਿੱਚ ਸਿੱਖਾਂ ਨੇ ਸ਼ਿਕਾਰ ਅਤੇ ਯੁੱਧ ਵਿੱਚ ਮੀਟ ਨੂੰ ਭੋਜਨ ਵਜੋਂ ਵਰਤਿਆ ਹੈ। ਇਸ ਲਈ ਬੀਬੀ ਕਿਰਨਜੋਤ ਕੌਰ ਵਰਗੇ ਆਗੂ ਇਸ ਪਾਬੰਦੀ ਨੂੰ ਸਿੱਖ ਪਰੰਪਰਾ ਵਿਰੁੱਧ ਮੰਨਦੇ ਹਨ।

ਅਕਾਲ ਤਖ਼ਤ ਸਾਹਿਬ ਦੀ ਰਾਏ ਵੀ ਅਹਿਮ ਹੈ। ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਰਕਾਰ ਨੇ ਪੂਰੇ ਵੇਰਵੇ ਨਹੀਂ ਸਾਂਝੇ ਕੀਤੇ ਅਤੇ ਇਹ ਫੈਸਲਾ ਧਾਰਮਿਕ ਭਾਵਨਾਵਾਂ ਲਈ ਹੈ ਜਾਂ ਰਾਜਨੀਤਿਕ ਲਾਭ ਲਈ, ਇਸ ਨੂੰ ਵੇਖਣ ਦੀ ਲੋੜ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਅਜੇ ਤੱਕ ਸਪੱਸ਼ਟ ਸਮਰਥਨ ਜਾਂ ਵਿਰੋਧ ਨਹੀਂ ਜਤਾਇਆ, ਪਰ ਇਹ ਮਾਮਲਾ ਗੰਭੀਰਤਾ ਨਾਲ ਵਿਚਾਰ ਅਧੀਨ ਹੈ। ਸ਼੍ਰੋਮਣੀ ਕਮੇਟੀ ਨੇ ਵੀ ਅਜੇ ਰਸਮੀ ਬਿਆਨ ਨਹੀਂ ਜਾਰੀ ਕੀਤਾ, ਪਰ ਅੰਦਰੂਨੀ ਚਰਚਾ ਚੱਲ ਰਹੀ ਹੈ। ਕਈ ਸਿੱਖ ਜਥੇਬੰਦੀਆਂ ਨੇ ਇਸ ਫੈਸਲੇ ਨੂੰ ਸਵਾਗਤ ਕੀਤਾ ਹੈ, ਉਹ ਕਹਿੰਦੀਆਂ ਹਨ ਕਿ ਇਹ ਧਾਰਮਿਕ ਪਵਿੱਤਰਤਾ ਲਈ ਜ਼ਰੂਰੀ ਹੈ। ਅੰਮ੍ਰਿਤਸਰ ਦੇ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ ਨੇ ਕਿਹਾ, 'ਜ਼ਿਆਦਾਤਰ ਸੰਗਤ ਨੂੰ ਨਸ਼ੇ ਅਤੇ ਮੀਟ ਤੋਂ ਰਹਿਤ ਮਾਹੌਲ ਪਸੰਦ ਹੈ। ਇਹ ਫੈਸਲਾ ਸੰਗਤ ਦੀਆਂ ਭਾਵਨਾਵਾਂ ਨੂੰ ਸਨਮਾਨ ਦਿੰਦਾ ਹੈ।'

ਡਾਕਟਰ ਪਰਮਜੀਤ ਸਿੰਘ ਮਾਨਸਾ ਵਰਗੇ ਵਿਦਵਾਨ ਕਹਿੰਦੇ ਹਨ ਕਿ ਧਾਰਮਿਕ ਮਰਿਆਦਾ ਨੂੰ ਸਰਕਾਰੀ ਕਾਨੂੰਨ ਨਾਲ ਨਹੀਂ ਜੋੜਨਾ ਚਾਹੀਦਾ। ਉਨ੍ਹਾਂ ਨੇ ਕਿਹਾ, 'ਸਿੱਖੀ ਵਿੱਚ ਝਟਕਾ ਮੀਟ ਨੂੰ ਲੈ ਕੇ ਵਿਅਕਤੀਗਤ ਚੋਣ ਹੈ। ਸਰਕਾਰ ਨੂੰ ਇਸ ਵਿੱਚ ਨਹੀਂ ਪੈਣਾ ਚਾਹੀਦਾ।' ਵਿਰੋਧੀ ਪਾਰਟੀਆਂ ਨੇ ਵੀ ਇਸ ਨੂੰ ਨਿਸ਼ਾਨਾ ਬਣਾਇਆ ਹੈ। ਕਾਂਗਰਸ ਆਗੂ ਰਾਜਾ ਵੜਿੰਗ ਨੇ ਕਿਹਾ, 'ਪਹਿਲਾਂ ਵਾਲੀਆਂ ਪਾਬੰਦੀਆਂ ਨਹੀਂ ਲਾਗੂ ਹੋ ਰਹੀਆਂ, ਨਵੀਆਂ ਕਿਵੇਂ ਹੋਣਗੀਆਂ? ਇਹ ਸਿਰਫ਼ ਰਾਜਨੀਤਿਕ ਸਟੰਟ ਹੈ।' ਸ਼੍ਰੋਮਣੀ ਅਕਾਲੀ ਦਲ ਨੇ ਵੀ ਇਸ ਨੂੰ ਵੋਟ ਬੈਂਕ ਪਾਲਿਟਿਕਸ ਕਰਾਰ ਦਿੱਤਾ ਹੈ।

ਇਥੇ ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਦੀ ਪੁਰਾਣੇ ਸ਼ਹਿਰ ਵਿੱਚ ਪਹਿਲਾਂ ਹੀ ਕੁਝ ਪਾਬੰਦੀਆਂ ਹਨ, ਜਿਵੇਂ 1957 ਤੋਂ ਸ਼ਰਾਬ ਦੀਆਂ ਦੁਕਾਨਾਂ 'ਤੇ ਬੈਨ ਅਤੇ ਦਰਬਾਰ ਸਾਹਿਬ ਦੇ 300 ਮੀਟਰ ਆਲੇ-ਦੁਆਲੇ ਨਸ਼ੇ 'ਤੇ ਰੋਕ। ਪਰ ਜ਼ਮੀਨੀ ਪੱਧਰ 'ਤੇ ਇਹ ਨਿਯਮ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦੇ। ਤੰਗ ਗਲੀਆਂ, ਹਜ਼ਾਰਾਂ ਹੋਟਲ ਅਤੇ ਟੂਰਿਸਟਾਂ ਦੀ ਭੀੜ ਕਾਰਨ ਗੈਰ-ਕਨੂੰਨੀ ਸ਼ਰਾਬ, ਮੀਟ ਅਤੇ ਨਸ਼ਿਆਂ ਦੀ ਸਪਲਾਈ ਚੱਲਦੀ ਰਹਿੰਦੀ ਹੈ। ਆਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਵਿੱਚ ਵੀ ਛੋਟੀਆਂ ਦੁਕਾਨਾਂ ਅਤੇ ਵਪਾਰੀ ਮੌਜੂਦ ਹਨ। ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਡੂੰਘੀ ਹੈ, ਅਤੇ ਲੋਕ ਪੁੱਛ ਰਹੇ ਹਨ ਕਿ ਜੇ ਪਵਿੱਤਰ ਸ਼ਹਿਰਾਂ ਵਿੱਚ ਨਸ਼ੇ ਬੰਦ ਕਰਨੇ ਹਨ, ਤਾਂ ਪੂਰੇ ਸੂਬੇ ਵਿੱਚ ਡਰੱਗਜ਼ ਵਪਾਰ ਕਿਉਂ ਨਹੀਂ ਰੋਕਿਆ ਜਾ ਰਿਹਾ? ਨੋਟੀਫਿਕੇਸ਼ਨ ਵਿੱਚ ਨਸ਼ੀਲੇ ਪਦਾਰਥਾਂ 'ਤੇ ਪਾਬੰਦੀ ਦਾ ਜ਼ਿਕਰ ਹੈ, ਪਰ ਇਸ ਨੂੰ ਲਾਗੂ ਕਰਨ ਲਈ ਪੁਲਿਸ ਅਤੇ ਪ੍ਰਸ਼ਾਸਨ ਨੂੰ ਮਜ਼ਬੂਤ ਕਦਮ ਚੁੱਕਣੇ ਪੈਣਗੇ। ਨਹੀਂ ਤਾਂ ਅਜਿਹੇ ਫੈਸਲੇ ਸਿਰਫ਼ ਐਲਾਨ ਬਣ ਕੇ ਰਹਿ ਜਾਂਦੇ ਹਨ।

## ਕੌਮੀ ਇਨਸਾਫ਼ ਮੋਰਚੇ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਤੇਜ਼ ਕਰਨ ਦਾ ਐਲਾਨ

ਚੰਡੀਗੜ੍ਹ/ਏ.ਟੀ.ਨਿਊਜ਼: ਕੌਮੀ ਇਨਸਾਫ਼ ਫਰੰਟ (ਕੌਮੀ ਇਨਸਾਫ਼ ਮੋਰਚਾ) ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਅਤੇ ਭਾਰਤੀ ਜੇਲ੍ਹਾਂ ਵਿੱਚ ਬੰਦ ਹੋਰ ਸਿਆਸੀ ਕੈਦੀਆਂ ਦੀ ਰਿਹਾਈ ਲਈ ਸੰਘਰਸ਼ ਤੇਜ਼ ਕਰਨ ਦਾ ਫੈਸਲਾ ਕੀਤਾ ਹੈ।

ਪਿਛਲੇ ਦਿਨੀਂ ਚੰਡੀਗੜ੍ਹ ਦੇ ਕਿਸਾਨ ਭਵਨ ਵਿਖੇ ਹੋਈ ਇੱਕ ਵਿਸ਼ੇਸ਼ ਮੀਟਿੰਗ ਵਿੱਚ ਫਰੰਟ ਨੇ 26 ਜਨਵਰੀ ਨੂੰ 'ਕਾਲਾ ਦਿਵਸ' ਮਨਾਉਣ ਸਣੇ ਕਈ ਵਿਰੋਧ ਪ੍ਰਦਰਸ਼ਨਾਂ ਦਾ ਐਲਾਨ ਕੀਤਾ। ਸਾਬਕਾ ਜੱਜ ਜਸਟਿਸ ਰਣਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਪੰਜਾਬ ਅਤੇ ਗੁਆਂਢੀ ਰਾਜਾਂ ਦੀਆਂ ਲਗਭਗ 50 ਕਿਸਾਨ ਜਥੇਬੰਦੀਆਂ, ਪੰਥਕ ਸੰਸਥਾਵਾਂ ਅਤੇ ਸਮਾਜਿਕ ਤੇ ਸਿਆਸੀ ਸਮੂਹਾਂ ਦੇ ਆਗੂਆਂ ਨੇ ਸ਼ਿਰਕਤ ਕੀਤੀ।

ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਮੋਹਾਲੀ-ਚੰਡੀਗੜ੍ਹ ਸਰਹੱਦ 'ਤੇ ਚੱਲ ਰਹੇ ਮੋਰਚੇ ਦੇ ਤਿੰਨ ਸਾਲ ਪੂਰੇ ਹੋਣ ਮੌਕੇ 7 ਜਨਵਰੀ ਨੂੰ ਇੱਕ ਵੱਡਾ ਇਕੱਠ ਕੀਤਾ ਜਾਵੇਗਾ।

ਇਸ ਸਬੰਧੀ 5 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 7 ਜਨਵਰੀ ਨੂੰ ਭੋਗ ਪੈਣ ਤੋਂ ਬਾਅਦ ਇੱਕ ਵੱਡੀ ਕਾਨਫਰੰਸ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਇਹ ਮੋਰਚਾ 7 ਜਨਵਰੀ 2023 ਤੋਂ ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀ ਦੇ ਮਾਮਲਿਆਂ ਵਿੱਚ ਸਜ਼ਾਵਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦੀਆਂ ਮੰਗਾਂ ਨੂੰ ਲੈ ਕੇ ਲਗਾਤਾਰ ਜਾਰੀ ਹੈ ਆਗੂਆਂ ਨੇ ਕੇਂਦਰ ਅਤੇ ਪੰਜਾਬ ਸਰਕਾਰ 'ਤੇ ਉਨ੍ਹਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ 12 ਜਨਵਰੀ ਨੂੰ ਪੰਜਾਬ ਦੇ ਸਾਰੇ ਟੋਲ ਪਲਾਜ਼ੇ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਲੋਕਾਂ ਲਈ ਮੁਫ਼ਤ ਕਰ ਦਿੱਤੇ ਜਾਣਗੇ।

ਇਸ ਤੋਂ ਬਾਅਦ 26 ਜਨਵਰੀ ਨੂੰ ਪੂਰੇ ਪੰਜਾਬ ਵਿੱਚ 'ਕਾਲਾ ਦਿਵਸ' ਮਨਾਇਆ ਜਾਵੇਗਾ ਅਤੇ ਦੇਸ਼-ਵਿਦੇਸ਼ ਵਿੱਚ ਵੱਸਦੇ ਪੰਜਾਬੀਆਂ ਨੂੰ ਵੀ ਇਸ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਹੈ। ਜੇਕਰ ਸਰਕਾਰ ਫਿਰ ਵੀ ਕੋਈ ਹੁੰਗਾਰਾ ਨਹੀਂ ਦਿੰਦੀ, ਤਾਂ ਫਰੰਟ ਵੱਲੋਂ ਫਰਵਰੀ ਮਹੀਨੇ ਵਿੱਚ ਚੰਡੀਗੜ੍ਹ ਸਥਿਤ ਰਾਜ ਭਵਨ ਵੱਲ ਰੋਸ ਮਾਰਚ ਕੱਢਿਆ ਜਾਵੇਗਾ।

ਇਸ ਦੇ ਨਾਲ ਹੀ ਫਰੰਟ ਨੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਚੱਲ ਰਹੇ ਅੰਦੋਲਨਾਂ ਦਾ ਸਮਰਥਨ ਕਰਦਿਆਂ ਬਿਜਲੀ ਸੋਧ ਬਿੱਲ 2025, ਬੀਜ ਬਿੱਲ 2025 ਅਤੇ ਮਗਨਰੇਗਾ ਦੀ ਥਾਂ ਲਿਆਂਦੇ ਜਾ ਰਹੇ ਨਵੇਂ ਕਾਨੂੰਨਾਂ ਦਾ ਵਿਰੋਧ ਕੀਤਾ। ਮੋਰਚੇ ਨੇ ਭਾਰਤ-ਪਾਕਿਸਤਾਨ ਲਾਂਘੇ ਨੂੰ ਖੋਲ੍ਹਣ ਦੀ ਮੰਗ ਵੀ ਦੁਹਰਾਈ। ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਪੰਥ ਲਈ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹਾਂ : ਗਿਆਨੀ ਹਰਪ੍ਰੀਤ ਸਿੰਘ

ਚੰਡੀਗੜ੍ਹ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਪੁਨਰ-ਸੁਰਜੀਤੀ ਦੇ ਪ੍ਰਧਾਨ ਅਤੇ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਅਤੇ ਪੰਥ ਦੇ ਹਿੱਤ ਹੇਠ ਅਸਤੀਫ਼ਾ ਦੇਣ ਦੀ ਪੇਸ਼ਕਸ਼ ਕੀਤੀ ਹੈ।

ਸੂਤਰਾਂ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਚੰਡੀਗੜ੍ਹ ਵਿੱਚ ਬੀਤੇ ਦਿਨੀਂ ਹੋਈ ਪਾਰਟੀ ਮੀਟਿੰਗ ਵਿੱਚ ਸਵੈ-ਇੱਛਾ ਨਾਲ ਆਪਣਾ ਅਹੁਦਾ ਛੱਡਣ ਦੀ ਪੇਸ਼ਕਸ਼ ਕੀਤੀ ਸੀ। ਇਸ ਪਾਰਟੀ ਦੇ ਕੁਝ ਆਗੂਆਂ ਦਰਮਿਆਨ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸਮਿਤੀ ਚੋਣਾਂ ਦੌਰਾਨ ਮਤਭੇਦ ਹੋਏ ਸਨ ਕਿਉਂਕਿ ਪਾਰਟੀ ਨੇ ਕੁਝ ਆਜ਼ਾਦ ਉਮੀਦਵਾਰਾਂ ਦਾ ਸਮਰਥਨ ਕੀਤਾ ਸੀ। ਇਸ ਤੋਂ ਕਈ ਆਗੂ ਨਾਰਾਜ਼ ਸਨ।

ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਦੋ ਦਿਨ ਪਹਿਲਾਂ ਇਹ ਕਹਿ ਕੇ ਚਰਚਾ ਛੇੜ ਦਿੱਤੀ ਸੀ ਕਿ ਉਹ ਕਦੇ ਵੀ ਕਿਸੇ ਖਾਸ ਧੜੇ ਨਾਲ ਸਬੰਧਿਤ ਨਹੀਂ ਸਨ। ਉਨ੍ਹਾਂ ਕਿਹਾ ਸੀ ਕਿ ਉਨ੍ਹਾਂ (ਇਆਲੀ) ਨੂੰ ਅਕਾਲ ਤਖਤ ਸਾਹਿਬ ਵੱਲੋਂ ਡਿਊਟੀਆਂ ਸੌਂਪੀਆਂ ਗਈਆਂ ਸਨ ਤੇ ਅਕਾਲੀ ਦਲ ਨੂੰ ਬਹਾਲ ਕਰਨ ਲਈ ਉਨ੍ਹਾਂ ਇਮਾਨਦਾਰੀ ਨਾਲ ਕੰਮ ਕੀਤਾ ਸੀ ਪਰ ਉਹ ਕਦੇ ਵੀ ਕਿਸੇ ਰਾਜਨੀਤਕ ਧੜੇ ਨਾਲ ਸਬੰਧਿਤ ਨਹੀਂ ਸੀ।

ਇਹ ਮਾਮਲਾ ਜਦੋਂ ਕੱਲ੍ਹ ਹੋਈ ਮੀਟਿੰਗ ਵਿੱਚ ਉਠਾਇਆ ਗਿਆ ਤਾਂ ਗਿਆਨੀ ਹਰਪ੍ਰੀਤ ਸਿੰਘ ਨੇ ਕਥਿਤ ਤੌਰ 'ਤੇ ਦੁਹਰਾਇਆ ਕਿ ਉਹ ਪੰਜਾਬ ਅਤੇ ਸਿੱਖ ਪੰਥ ਦੇ ਹਿੱਤ ਲਈ ਆਏ ਹਨ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸਕੱਤਰ ਜਨਰਲ ਗੁਰਪ੍ਰਤਾਪ ਸਿੰਘ ਵਡਾਲਾ, ਜੋ ਮੀਟਿੰਗ ਵਿੱਚ ਸ਼ਾਮਲ ਹੋਏ, ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਅਸਤੀਫ਼ੇ ਬਾਰੇ ਸਿੱਧਾ ਜ਼ਿਕਰ ਨਹੀਂ ਕੀਤਾ ਪਰ ਇੰਨਾ ਜ਼ਰੂਰ ਕਿਹਾ ਕਿ ਉਹ ਪੰਥ ਲਈ ਕੁਝ ਵੀ ਕੁਰਬਾਨੀ ਦੇਣ ਲਈ ਤਿਆਰ ਹਨ। ਇਹ ਮੀਟਿੰਗ ਸੁਖਾਵੇਂ ਮਾਹੌਲ ਵਿੱਚ ਹੋਈ। ਮੀਟਿੰਗ ਵਿੱਚ ਸਾਰਿਆਂ ਨੇ ਆਪਣੇ ਸ਼ੰਕਿਆਂ ਨੂੰ ਦੂਰ ਕਰਨ ਲਈ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਮੂਲ ਰੂਪ ਵਿੱਚ ਇੱਕ ਧਾਰਮਿਕ ਖੇਤਰ ਸੀ ਅਤੇ ਉਹ ਉਦੋਂ ਹੀ ਰਾਜਨੀਤਕ ਖੇਤਰ ਵਿੱਚ ਆਏ ਜਦੋਂ ਕੁਝ ਲੋਕਾਂ ਨੇ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ (ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਦਾ ਹਵਾਲਾ ਦਿੰਦੇ ਹੋਏ) ਨੂੰ ਚੁਣੌਤੀ ਦਿੱਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਸ ਨੂੰ ਚੁਣੌਤੀ ਵਜੋਂ ਲਿਆ ਪਰ ਜੇਕਰ ਉਨ੍ਹਾਂ ਦੀ ਭੂਮਿਕਾ 'ਤੇ ਅਸਹਿਮਤੀ ਸੀ ਤਾਂ ਉਹ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹਨ।

ਸਾਬਕਾ ਅਕਾਲੀ ਸੰਸਦ ਮੈਂਬਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਜੋ ਕਿ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਪਾਰਟੀ ਨਾਲ ਵੀ ਜੁੜੇ ਹੋਏ ਹਨ, ਨੇ ਕਿਹਾ ਕਿ ਮੀਟਿੰਗ ਵਿੱਚ ਸਾਰਿਆਂ ਨੇ ਆਪਣੇ ਦਿਲ ਦੀ ਗੱਲ ਕੀਤੀ ਅਤੇ ਇਹ ਗੱਲਬਾਤ ਦਾ ਇੱਕ ਆਮ ਤਰੀਕਾ ਸੀ।



# 'ਡੰਕੀ' ਰੂਟ ਅਪਨਾਉਣ ਲਈ ਮਜ਼ਬੂਰ ਕਿਉਂ ਹੁੰਦੇ ਹਨ ਨੌਜਵਾਨ ?

## ਪੰਜਾਬ ਅਤੇ ਹਰਿਆਣਾ ਦੇ ਨੌਜਵਾਨਾਂ 'ਚ ਵਿਦੇਸ਼ ਜਾਣ ਦਾ ਵਧਿਆ ਰੁਝਾਨ

## ਵਿਦੇਸ਼ਾਂ ਦੀ ਖੁਸ਼ਹਾਲ ਜ਼ਿੰਦਗੀ 'ਚ ਭੁੱਲ ਜਾਂਦੀਆਂ ਨੇ 'ਡੰਕੀ ਰੂਟ' ਦੀਆਂ ਔਕੜਾਂ

**ਰਿਚਾ ਤੰਵਰ**
(ਸਾਬਕਾ ਡਾਇਰੈਕਟਰ, ਮਹਿਲਾ ਅਧਿਐਨ ਖੋਜ ਕੇਂਦਰ, ਕੁਰੂਕਸ਼ੇਤਰ ਯੂਨੀਵਰਸਿਟੀ।)

ਚੰਗੇ ਭਵਿੱਖ ਦੀ ਭਾਲ 'ਚ ਦੂਰ-ਦੁਰਾਡੇ ਦੇ ਦੇਸ਼ਾਂ ਵੱਲ ਪਰਵਾਸ ਕਰਨ ਵਾਲੇ ਲੋਕਾਂ ਦਾ ਪਹਿਲਾ ਜ਼ਿਕਰ ਉੱਨ੍ਹੀਵੀਂ ਸਦੀ ਦੇ ਅਖ਼ੀਰਲੇ ਸਾਲਾਂ ਦੇ ਪੰਜਾਬ ਦੇ ਜ਼ਿਲ੍ਹਾ ਪੱਧਰੀ ਗਜ਼ਟਾਂ ਵਿੱਚ ਮਿਲਦਾ ਹੈ। ਇਹ ਉਹ ਲੋਕ ਸਨ ਜੋ ਕਿ ਅਸਲ ਵਿੱਚ ਪਿੰਡਾਂ ਦੇ ਕਠੋਰ ਤੇ ਨੀਰਸ ਜੀਵਨ ਤੋਂ ਮੁਕਤੀ ਚਾਹੁੰਦੇ ਸਨ। ਉਦਾਹਰਨ ਵਜੋਂ ਹੁਸ਼ਿਆਰਪੁਰ ਗਜ਼ਟੀਅਰ (1894) ਦੱਸਦਾ ਹੈ ਕਿ ਪੱਕੇ ਮਕਾਨ ਸਭ ਤੋਂ ਪਹਿਲਾਂ ਉਨ੍ਹਾਂ ਪਰਿਵਾਰਾਂ ਦੇ ਬਣੇ, ਜਿਨ੍ਹਾਂ ਦੇ ਰਿਸ਼ਤੇਦਾਰ ਆਸਟ੍ਰੇਲੀਆ, ਅਮਰੀਕਾ ਅਤੇ ਬਾਅਦ ਵਿੱਚ ਕੈਨੇਡਾ ਚਲੇ ਗਏ ਸਨ। ਇਹ ਰੁਝਾਨ ਵੀਹਵੀਂ ਸਦੀ ਦੌਰਾਨ ਤੇਜ਼ੀ ਨਾਲ ਵਧਿਆ। ਇਸ ਤੋਂ ਛੇਤੀ ਬਾਅਦ ਜਿਸ ਤਰ੍ਹਾਂ ਦਾ ਪੰਜਾਬ ਅੱਜਕੱਲ੍ਹ ਨਜ਼ਰ ਆਉਂਦਾ ਹੈ, ਲਗਭਗ ਹਰ ਪਿੰਡ ਵਿੱਚ ਦੌਲਤ ਦਾ ਪ੍ਰਵਾਹ ਦੇਖਣ ਨੂੰ ਮਿਲਿਆ, ਆਲੀਸ਼ਾਨ ਕੋਠੀਆਂ ਦਾ ਨਿਰਮਾਣ ਪੈਸੇ ਦੀ ਆਮਦ ਦਾ ਗਵਾਹ ਬਣਿਆ। ਬੇਸ਼ੱਕ, ਇਨ੍ਹਾਂ ਦਹਾਕਿਆਂ 'ਚ ਪਰਵਾਸ ਕਰਨ ਵਾਲੇ ਜ਼ਿਆਦਾਤਰ ਲੋਕਾਂ ਨੇ ਬਹੁਤ ਤਰੱਕੀ ਕੀਤੀ।

ਦਿਲਚਸਪ ਗੱਲ ਇਹ ਹੈ ਕਿ ਇਹ ਰੁਝਾਨ ਸ਼ੁਰੂ ਵਿੱਚ ਸਮਕਾਲੀ ਪੰਜਾਬ ਦੇ ਜ਼ਿਲ੍ਹਿਆਂ ਤੱਕ ਹੀ ਸੀਮਤ ਸੀ ਅਤੇ 1947 ਤੋਂ ਪਹਿਲਾਂ ਦੀ ਅੰਬਾਲਾ ਡਿਵੀਜ਼ਨ, ਜੋ ਹੁਣ ਹਰਿਆਣਾ ਦਾ ਹਿੱਸਾ ਹੈ, ਵਿੱਚ ਆਮ ਨਹੀਂ ਸੀ। ਹਰਿਆਣਵੀ ਨੌਜਵਾਨ ਇਸ ਦੌੜ 'ਚ ਸਿਰਫ਼ ਪਿਛਲੇ 30 ਜਾਂ ਇਸ ਦੇ ਆਸ-ਪਾਸ ਦੇ ਸਾਲਾਂ ਤੋਂ ਹੀ ਸ਼ਾਮਿਲ ਹੋਏ ਹਨ। ਮਹੱਤਵਪੂਰਨ ਤੌਰ 'ਤੇ ਇੱਥੋਂ ਵੀ ਪਰਵਾਸ ਕਰਨ ਵਾਲੇ ਪਹਿਲੇ ਨੌਜਵਾਨ ਸਿੱਖ ਕਿਸਾਨ ਹੀ ਸਨ।

'ਡੰਕੀ' ਰੂਟ ਅਜਿਹਾ ਸ਼ਬਦ ਹੈ, ਜੋ 15 ਸਾਲ ਪਹਿਲਾਂ ਸ਼ਾਇਦ ਕਿਸੇ ਨੇ ਸੁਣਿਆ ਵੀ ਨਹੀਂ ਸੀ। ਇਹ ਸ਼ਬਦ ਹੁਣ ਸਥਾਨਕ ਪੰਜਾਬੀ ਤੇ ਹਰਿਆਣਵੀ ਭਾਸ਼ਾ ਦਾ ਹਿੱਸਾ ਅਤੇ ਪੇਂਡੂ ਜੀਵਨ ਦਾ ਇੱਕ ਪ੍ਰਮੁੱਖ ਅੰਗ ਬਣ ਚੁੱਕਾ ਹੈ। ਜੋ ਗੱਲ ਹੈਰਾਨ ਕਰਨ ਵਾਲੀ ਹੈ, ਉਹ ਉਨ੍ਹਾਂ ਪਰਿਵਾਰਾਂ ਦੀ ਹੈ, ਜਿਨ੍ਹਾਂ ਲੋੜੀਂਦੇ ਪੈਸੇ ਦੇ ਪ੍ਰਬੰਧ ਲਈ ਆਪਣੀਆਂ ਥੋੜ੍ਹੀਆਂ ਜ਼ਮੀਨਾਂ ਤੱਕ ਵੇਚ ਦਿੱਤੀਆਂ ਹਨ, ਵੱਡੇ-ਵੱਡੇ ਕਰਜ਼ੇ ਚੁੱਕੇ ਹਨ ਤੇ ਕੁਝ ਕੇਸਾਂ ਵਿੱਚ ਆਪਣੇ ਘਰ ਤੇ ਦੁਕਾਨਾਂ ਵੀ ਗਹਿਣੇ ਰੱਖ ਦਿੱਤੀਆਂ ਹਨ। ਆਮ ਤੌਰ 'ਤੇ 25 ਲੱਖ ਤੋਂ ਲੈ ਕੇ 60 ਲੱਖ ਜਾਂ ਇਸ ਤੋਂ ਵੀ ਵੱਧ ਰੁਪਏ ਖ਼ਰਚੇ ਜਾਂਦੇ ਹਨ। 'ਡੰਕੀ' ਰੂਟ ਦੀ ਕਹਾਣੀ ਦਾ ਵਿੱਤੀ ਪਹਿਲੂ ਤਾਂ ਬਸ ਇੱਕ ਛੋਟਾ ਜਿਹਾ ਕਿੱਸਾ ਹੈ। ਆਪਣੇ ਉਨ੍ਹਾਂ ਨੌਜਵਾਨਾਂ ਦੀਆਂ ਤਸਵੀਰਾਂ ਅਸੀਂ ਦੇਖੀਆਂ ਹੀ ਹਨ ਜਿਨ੍ਹਾਂ 'ਡੰਕੀ' ਰੂਟ ਫੜਿਆ ਹੈ। ਕਈਆਂ ਨੂੰ ਦੇਖ ਕੇ ਤੁਹਾਡੀ ਨੀਂਦ ਉੱਡ ਜਾਂਦੀ ਹੈ।

ਇਸ ਤੋਂ ਵੀ ਵੱਧ ਹੈਰਾਨੀਜਨਕ ਹੈ ਕਿ ਜਿਨ੍ਹਾਂ ਪਰਿਵਾਰਾਂ ਦੀ ਨਿਯਮਤ



ਆਮਦਨ ਦਾ ਕੋਈ ਸਾਧਨ ਨਹੀਂ ਹੈ, ਜਿਵੇਂ ਕਿ ਦਿਹਾੜੀਦਾਰ ਮਜ਼ਦੂਰ ਅਤੇ ਖੇਤ ਮਜ਼ਦੂਰ, ਉਹ ਵੀ ਆਪਣੇ ਬੱਚਿਆਂ ਨੂੰ ਖੁਸ਼ਹਾਲ ਭਵਿੱਖ ਲਈ ਵਿਦੇਸ਼ ਭੇਜਣ ਦੀ ਇੱਛਾ ਰੱਖਦੇ ਹਨ। ਸਪੱਸ਼ਟ ਹੈ ਕਿ ਗ਼ੈਰ-ਕਾਨੂੰਨੀ ਪਰਵਾਸ ਨਾਲ ਜੁੜਿਆ ਸਾਰਾ ਦੁੱਖ ਤੇ ਕਠਿਨਾਈਆਂ ਵੀ ਨੌਜਵਾਨਾਂ ਨੂੰ ਇਸ ਤੋਂ ਦੂਰ ਨਹੀਂ ਕਰ ਸਕੀਆਂ। ਪਿੱਛੇ ਰਹਿ ਗਏ ਪਰਿਵਾਰਕ ਮੈਂਬਰਾਂ




ਦਾ ਦੁੱਖ-ਦਰਦ ਆਪਣੇ ਆਪ ਵਿੱਚ ਇੱਕ ਵੱਖਰੀ ਕਹਾਣੀ ਹੈ। ਹਰੇਕ ਪਿੰਡ ਵਿੱਚ ਅਜਿਹੀਆਂ ਜਵਾਨ ਪਤਨੀਆਂ, ਬੱਚੇ ਤੇ ਬਜ਼ੁਰਗ ਮੌਜੂਦ ਹਨ ਜਿਹੜੇ ਸਾਲਾਂਬੱਧੀ ਇਸ ਉਮੀਦ ਵਿੱਚ ਜਿਊਂਦੇ ਹਨ ਕਿ ਉਨ੍ਹਾਂ ਦੇ ਪਿਆਰੇ ਕਿਸੇ ਦਿਨ ਪਰਤ ਆਉਣਗੇ।

ਜਦੋਂ ਅਸੀਂ ਦੇਖਦੇ ਹਾਂ ਕਿ ਪਰਵਾਸ ਕਰਨ ਵਾਲੇ ਬੇਹੁਨਰ ਨੌਜਵਾਨ ਕਿਸ ਤਰ੍ਹਾਂ ਦੇ ਕੰਮ ਕਰਨ ਲੱਗੇ ਹੋਏ ਹਨ ਤਾਂ ਕਹਾਣੀ ਹੋਰ ਵੀ ਦਰਦਨਾਕ ਰੂਪ ਧਾਰ ਲੈਂਦੀ ਹੈ। ਉਹ ਮਾੜੇ ਹਾਲਾਤ 'ਚ ਰਹਿੰਦੇ ਹਨ, ਘੱਟ ਪੈਸਿਆਂ 'ਤੇ ਛੋਟੇ-ਮੋਟੇ ਕੰਮ ਕਰਦੇ ਹਨ, ਉਨ੍ਹਾਂ ਕੋਲ ਕੋਈ ਮੈਡੀਕਲ ਕਵਰ ਨਹੀਂ ਹੁੰਦਾ ਤੇ ਇਸ ਸਭ ਤੋਂ ਉੱਤੇ, ਨੇੜ ਭਵਿੱਖ ਵਿੱਚ ਆਪਣੇ ਅਜ਼ੀਜ਼ਾਂ ਨੂੰ ਮਿਲਣ ਦੀ ਉਨ੍ਹਾਂ ਕੋਲ ਸਿਰਫ਼ ਇੱਕ ਧੁੰਦਲੀ ਜਿਹੀ ਉਮੀਦ ਹੀ ਹੁੰਦੀ ਹੈ।

ਇਹ ਵੀ ਸਭ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਬਹੁਤ ਸਾਰੇ ਨੌਜਵਾਨ ਸੰਗਠਿਤ ਅਪਰਾਧਾਂ, ਖ਼ਾਸਕਰ ਨਸ਼ਿਆਂ ਅਤੇ ਇੱਥੋਂ ਤੱਕ ਕਿ ਮਨੁੱਖੀ ਤਸਕਰੀ ਵਿੱਚ ਵੀ ਸ਼ਾਮਿਲ ਹੋ ਗਏ ਹਨ। ਅਜਿਹਾ ਇਸ ਲਈ ਹੋ ਰਿਹਾ ਹੈ ਕਿਉਂਕਿ ਰੁਜ਼ਗਾਰ ਲਈ ਹੁਨਰ ਦੀ ਕਮੀ ਹੋਣ ਦੇ ਬਾਵਜੂਦ ਨੌਜਵਾਨ ਪੈਸਾ ਕਮਾਉਣ ਅਤੇ ਆਪਣੇ ਪਰਿਵਾਰਾਂ ਦੇ ਕਰਜ਼ੇ ਮੋੜਨ ਲਈ ਬੇਤਾਬ ਹਨ। ਜਿੰਨਾ ਜ਼ਿਆਦਾ ਕੋਈ ਵਿਅਕਤੀ ਕਾਹਲਾ ਹੁੰਦਾ ਹੈ, ਓਨਾ ਹੀ ਉਹ ਸੰਗਠਿਤ ਅਪਰਾਧ ਕਰਨ ਵਾਲਿਆਂ ਦੇ ਨੇੜੇ ਚਲਾ ਜਾਂਦਾ ਹੈ।



'ਡੰਕੀ' ਰੂਟ ਵਿੱਚ ਨੌਜਵਾਨਾਂ ਦੀ ਦਿਲਚਸਪੀ ਇਸ ਲਈ ਹੈ ਕਿਉਂਕਿ ਅਮਰੀਕਾ ਅਤੇ ਕੈਨੇਡਾ ਦੇ ਨਾਲ-ਨਾਲ ਦੁਨੀਆ ਦੇ ਹੋਰ ਹਿੱਸਿਆਂ ਵਿੱਚ ਵੀ ਅਜਿਹੇ ਅਟਾਰਨੀ (ਇਮੀਗ੍ਰੇਸ਼ਨ ਵਕੀਲ) ਮੌਜੂਦ ਹਨ, ਜੋ ਗ਼ੈਰ-ਕਾਨੂੰਨੀ ਆਵਾਸ ਨੂੰ ਕਾਨੂੰਨੀ ਬਣਾਉਣ ਦੇ ਮਾਹਿਰ ਹਨ। ਅਜਿਹਾ ਕਰਨ ਦਾ ਇੱਕ ਆਮ ਤਰੀਕਾ ਹੈ ਧਰਮ ਦੇ ਆਧਾਰ 'ਤੇ ਸਰਕਾਰ ਵੱਲੋਂ ਤੰਗ ਕੀਤੇ ਜਾਣ ਦਾ ਹਵਾਲਾ ਦੇ ਕੇ ਰਾਜਨੀਤਕ ਤੌਰ 'ਤੇ ਸ਼ਰਨ ਮੰਗਣਾ। ਕੁਝ ਤਾਂ ਵਿਸ਼ੇਸ਼ ਕਿਸਮ ਦੇ ਵੀਜ਼ੇ ਵੀ ਪ੍ਰਾਪਤ ਕਰ ਲੈਂਦੇ ਹਨ ਅਤੇ ਕਾਠਮੰਡੂ ਦੇ ਰਸਤੇ ਘਰ ਆਉਂਦੇ-ਜਾਂਦੇ ਹਨ, ਜਿਸ ਨਾਲ ਇਸ ਪ੍ਰਕਿਰਿਆ 'ਚ ਪਾਸਪੋਰਟ 'ਤੇ ਲੱਗਣ ਵਾਲੀ ਭਾਰਤੀ ਇਮੀਗ੍ਰੇਸ਼ਨ ਸਟੈਂਪ ਤੋਂ ਬਚਿਆ ਜਾਂਦਾ ਹੈ ਤਾਂ ਕਿ ਸਬੰਧਿਤ ਦੇਸ਼ ਵਿੱਚ ਦਾਇਰ ਕੀਤੇ ਗਏ ਸ਼ਰਨ ਮੰਗਣ ਦੇ ਕੇਸ ਦੀ ਭਰੋਸੇਯੋਗਤਾ ਬਣੀ ਰਹੇ।

'ਡੰਕੀ' ਰੂਟ ਦੇ ਇਸ ਚਿੰਤਾਜਨਕ ਵਰਤਾਰੇ ਨੂੰ ਕਈ ਕਾਰਕਾਂ ਰਾਹੀਂ ਸਮਝਿਆ ਜਾ ਸਕਦਾ ਹੈ। ਸਭ ਤੋਂ ਸੁਭਾਵਿਕ ਅਤੇ ਸੌਖਿਆਂ ਸਮਝ ਆ ਸਕਣ ਵਾਲਾ ਕਾਰਨ ਇਹ ਹੈ ਕਿ ਜਿਹੜੇ ਪਰਵਾਸੀ ਕੋਈ ਕੰਮ ਹਾਸਿਲ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਨ, ਉਹ ਪੈਸਾ ਭੇਜਦੇ ਹਨ। ਬਦਲੇ 'ਚ ਇਸ ਦੀ ਫੌਰੀ ਝਲਕ ਪਰਿਵਾਰ ਦੀ ਬਿਹਤਰ ਜੀਵਨ ਸ਼ੈਲੀ ਵਿੱਚੋਂ ਪੈਂਦੀ ਹੈ, ਜੋ ਹਰੇਕ ਦੀ ਨਜ਼ਰੀਂ ਚੜ੍ਹਦੀ ਹੈ- ਨਵੇਂ ਘਰ, ਲਿਸ਼ਕਦੀਆਂ ਕਾਰਾਂ, ਸ਼ਾਨਦਾਰ ਵਿਆਹ, ਪਹਿਲਾਂ ਨਾਲੋਂ ਵਧਿਆ ਖ਼ਰਚਾ ਆਦਿ। ਕਈ ਹੋਰ ਕਾਰਨ ਵੀ ਹਨ ਜੋ ਘੱਟ ਮਹੱਤਵਪੂਰਨ ਹੋ ਸਕਦੇ ਹਨ ਪਰ ਨੌਜਵਾਨਾਂ ਦੇ ਮਨਾਂ 'ਤੇ ਅਸਰ ਪਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਸਮੂਹਿਕ ਤੌਰ 'ਤੇ ਦੇਖੀਏ ਤਾਂ ਪੇਂਡੂ ਜੀਵਨ 'ਚ ਹਰ ਤਰ੍ਹਾਂ ਦੀਆਂ ਪਰਿਵਾਰਕ ਅਤੇ ਸਮਾਜਿਕ ਰੋਕਾਂ ਹੁੰਦੀਆਂ ਹਨ ਤੇ ਇੱਥੇ ਹੀ ਸੋਸ਼ਲ ਮੀਡੀਆ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਵਿਦੇਸ਼ੀ ਧਰਤੀ ਦੀਆਂ ਤਸਵੀਰਾਂ ਇੱਕ ਅਜਿਹੀ ਜੀਵਨ ਸ਼ੈਲੀ ਨੂੰ ਦਰਸਾਉਂਦੀਆਂ ਹਨ, ਜੋ ਉਦਾਰ, ਆਧੁਨਿਕ ਅਤੇ ਆਰਾਮਦਾਇਕ ਹੈ। ਸੰਖੇਪ ਵਿੱਚ ਆਖੀਏ ਤਾਂ ਇਹ ਭਾਰਤ ਵਰਗੇ ਰਵਾਇਤੀ ਪੇਂਡੂ ਭਾਈਚਾਰੇ ਦੇ ਕਿਸੇ ਵੀ ਸਮਾਜਿਕ ਦਬਾਅ ਤੋਂ ਮੁਕਤ ਹੈ। ਹਾਲਾਤ ਦੇ ਮਾਰੇ ਨੌਜਵਾਨ ਏਨੇ ਮਾਯੂਸ ਹੋ ਚੁੱਕੇ ਹੁੰਦੇ ਹਨ ਕਿ ਉਨ੍ਹਾਂ ਲਈ ਸੱਚ ਅਤੇ ਕਲਪਨਾ 'ਚ ਫ਼ਰਕ ਕਰਨਾ ਔਖਾ ਹੋ ਜਾਂਦਾ ਹੈ। ਇਹ ਵੀ ਸੱਚਾਈ ਹੈ ਕਿ ਜਿਹੜੇ ਲੋਕ ਕਦੇ-ਕਦਾਈਂ ਥੋੜ੍ਹੇ ਸਮੇਂ ਲਈ ਘਰ ਪਰਤਦੇ ਹਨ, ਉਹ ਅਕਸਰ ਅਜਿਹੀਆਂ ਗੱਲਾਂ ਸੁਣਾਉਂਦੇ ਹਨ ਜਿਨ੍ਹਾਂ 'ਚੋਂ ਇੱਕ ਅਜਿਹੀ ਜੀਵਨ ਸ਼ੈਲੀ ਝਲਕਦੀ ਹੈ, ਜੋ ਬਾਕੀ ਪਿੰਡ ਵਾਸੀਆਂ ਨੂੰ ਵੀ ਬਾਹਰ ਜਾਣ ਲਈ ਉਤਸ਼ਾਹਿਤ ਕਰਦੀ ਹੈ। ਇਸ ਨਾਲ ਸਮਾਜ 'ਚ ਇੱਕ ਵਿਸ਼ੇਸ਼ ਦਰਜਾ ਮਿਲਦਾ ਹੈ; ਵਿਦੇਸ਼ੀ ਕਮਾਈ ਵਾਲਾ ਪਰਿਵਾਰ ਕਈ ਪੌੜੀਆਂ ਉੱਤੇ ਚੜ੍ਹ ਜਾਂਦਾ ਹੈ ਤੇ ਉਸ ਦਾ ਆਦਰ ਕੀਤਾ ਜਾਂਦਾ ਹੈ।

ਮੇਰੀ ਰਾਇ 'ਚ, ਜ਼ਿਆਦਾ ਬੁਨਿਆਦੀ ਕਾਰਨ ਸਿੱਖਿਆ ਪ੍ਰਣਾਲੀ ਦੀ ਨਾਕਾਮੀ ਹੈ। ਡਿਗਰੀਆਂ ਤੋਂ ਰੁਜ਼ਗਾਰ ਲਈ ਜ਼ਰੂਰੀ ਉਹ ਹੁਨਰ ਨਹੀਂ ਮਿਲ ਰਿਹਾ ਜਿਸ ਦੀ ਯੋਗਤਾ ਪ੍ਰਾਪਤ ਵਿਅਕਤੀ ਤੋਂ ਉਮੀਦ ਕੀਤੀ ਜਾਂਦੀ ਹੈ। ਹੈਰਾਨੀ ਦੀ ਗੱਲ ਨਹੀਂ ਕਿ ਅਜਿਹੀਆਂ ਡਿਗਰੀਆਂ ਵਾਲੇ ਨੌਜਵਾਨਾਂ ਕੋਲ ਰੁਜ਼ਗਾਰ ਦਾ ਇੱਕੋ-ਇੱਕ ਰਸਤਾ ਸਰਕਾਰੀ ਨੌਕਰੀ ਬਚਦਾ ਹੈ ਜਿੱਥੇ ਸਿਰਫ਼ ਡਿਗਰੀ ਮਾਇਨੇ ਰੱਖਦੀ ਹੈ, ਨਾ ਕਿ ਹੁਨਰ। ਇਸ ਤਰ੍ਹਾਂ, ਸਾਡੇ ਕੋਲ ਇੱਕ ਅਜਿਹੀ ਸਥਿਤੀ ਬਣੀ ਹੋਈ ਹੈ ਜਿੱਥੇ ਹਰ ਸਰਕਾਰੀ ਅਹੁਦੇ ਲਈ ਹਜ਼ਾਰਾਂ ਲੋਕ ਕਤਾਰ ਵਿੱਚ ਖੜ੍ਹੇ ਹਨ। ਕਈ ਵਾਰ ਮੈਨੂੰ ਇਹ ਖ਼ਿਆਲ ਆਉਂਦਾ ਹੈ ਕਿ ਅਜਿਹੀ ਸਥਿਤੀ ਅਸਲ ਵਿੱਚ ਸੱਤਾ 'ਚ ਬੈਠੇ ਲੋਕਾਂ ਨੂੰ ਹਮੇਸ਼ਾ ਤੋਂ ਰਾਸ ਆਉਂਦੀ ਰਹੀ ਹੈ। ਸਰਪ੍ਰਸਤੀ, ਪੱਖਪਾਤ, ਕੁਨਬਾਪਰਵਰੀ ਅਤੇ ਭ੍ਰਿਸ਼ਟਾਚਾਰ ਕੁਦਰਤੀ ਤੌਰ 'ਤੇ ਇਸ ਦੇ ਮਗਰ-ਮਗਰ ਆਉਂਦੇ ਹਨ।

ਸਪੱਸ਼ਟ ਤੌਰ 'ਤੇ ਕੋਈ ਫੌਰੀ ਹੱਲ ਤਾਂ ਹੈ ਨਹੀਂ। ਇਸ ਦਾ ਜਵਾਬ ਸਕੂਲ, ਕਾਲਜ ਤੇ ਯੂਨੀਵਰਸਿਟੀ ਦੀ ਸਿੱਖਿਆ ਵਿੱਚ ਪਿਆ ਹੈ। ਮੈਰਿਟ ਦੇ ਆਧਾਰ 'ਤੇ ਅਧਿਆਪਕਾਂ ਤੇ ਫੈਕਲਟੀ ਨੂੰ ਭਰਤੀ ਕੀਤਾ ਜਾਵੇ, ਜਿਹੜੇ ਰੁਜ਼ਗਾਰ ਦੇਣ ਯੋਗ ਹੁਨਰ ਪ੍ਰਦਾਨ ਕਰ ਸਕਣ। ਅਧਿਐਨ ਦਰਸਾਉਂਦੇ ਹਨ ਕਿ ਮਿਆਰੀ ਸਿੱਖਿਆ ਦੇ ਮੌਕਿਆਂ ਦੀ ਕਮੀ ਨਸ਼ਿਆਂ ਦੀ ਵਰਤੋਂ ਤੇ ਅਪਰਾਧਾਂ ਦਾ ਕਾਰਨ ਹੈ। ਇਹ ਵੀ ਜ਼ਿਕਰਯੋਗ ਹੈ ਕਿ ਹਰਿਆਣਾ ਦੀਆਂ 70 ਫ਼ੀਸਦੀ ਤੋਂ ਵੱਧ ਸਨਅਤਾਂ ਐੱਨ ਸੀ ਆਰ ਵਿੱਚ ਹਨ। ਉਦਯੋਗਿਕ ਇਕਾਈਆਂ ਦੀ ਵਾਜਬ ਵੰਡ ਰੁਜ਼ਗਾਰ ਭਾਲਣ ਵਾਲੇ ਨੌਜਵਾਨਾਂ ਨੂੰ ਕੁਝ ਰਾਹਤ ਜ਼ਰੂਰ ਪ੍ਰਦਾਨ ਕਰ ਸਕਦੀ ਹੈ।



ਦਰਪਣ ਝੂਠ ਨਹੀਂ ਬੋਲਦਾ

# ਕੀ ਹੋਵੇਗਾ ਨਵੇਂ ਅਕਾਲੀ ਦਲ ਦਾ ਭਵਿੱਖ : ਸਿਆਸੀ ਹੋਂਦ ਬਚੇਗੀ ਜਾਂ ਖ਼ਤਮ ਹੋ ਜਾਵੇਗੀ ?

## ਇਆਲੀ ਕਾਰਨ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਅਸਤੀਫ਼ੇ ਦੀ ਪੇਸ਼ਕਸ਼

## ਮਨਪ੍ਰੀਤ ਸਿੰਘ ਇਆਲੀ ਨੇ ਖੇਡੀ ਆਪਣੀ ਸਿਆਸਤ : ਪੰਥਕ ਏਕਤਾ ਦੇ ਨਾਂਅ ਹੇਠ ਰਾਜਨੀਤੀ ਚਲਾਉਣ ਲੱਗੇ





ਪੰਜਾਬ ਦੀ ਸਿੱਖ ਸਿਆਸਤ ਵਿੱਚ ਇੱਕ ਵਾਰ ਫ਼ਿਰ ਤੂਫ਼ਾਨ ਖੜ੍ਹਾ ਹੋ ਰਿਹਾ ਹੈ। ਨਵੇਂ ਅਕਾਲੀ ਦਲ, ਜਿਸ ਨੂੰ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵੀ ਕਿਹਾ ਜਾਂਦਾ ਹੈ, ਦੀ ਸਥਾਪਨਾ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਨਾਲ ਹੋਈ ਸੀ। ਪਰ ਅੱਜ ਇਹ ਪਾਰਟੀ ਅੰਦਰੂਨੀ ਫ਼ੁੱਟ ਅਤੇ ਮੌਕਾਪ੍ਰਸਤੀ ਦੇ ਕਾਰਨ ਠੱਪ ਪਈ ਹੋਈ ਜਾਪਦੀ ਹੈ। ਪੰਜਾਬ ਦੀਆਂ ਪੇਂਡੂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਵੱਡੀ ਜਿੱਤ ਹਾਸਲ ਕੀਤੀ, ਜਦਕਿ ਕਾਂਗਰਸ ਦੂਜੇ ਤੇ ਅਕਾਲੀ ਦਲ ਤੀਜੇ ਨੰਬਰ 'ਤੇ ਰਿਹਾ। ਇਸ ਨਤੀਜੇ ਤੋਂ ਬਾਅਦ ਦਾਖਾ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਸੁਖਬੀਰ ਸਿੰਘ ਬਾਦਲ ਨੂੰ ਪੰਥਕ ਏਕਤਾ ਦਾ ਸੱਦਾ ਦਿੱਤਾ ਹੈ। ਪਰ ਸਵਾਲ ਇਹ ਉੱਠ ਰਿਹਾ ਹੈ ਕਿ ਕੀ ਨਵਾਂ ਅਕਾਲੀ ਦਲ ਆਪਣੀ ਸਿਆਸੀ ਹੋਂਦ ਸਥਾਪਤ ਕਰ ਸਕੇਗਾ, ਇਆਲੀ ਆਪਣੀ ਰਾਜਨੀਤੀ ਵਿੱਚ ਕਾਮਯਾਬ ਹੋਣਗੇ ?

ਨਵੇਂ ਅਕਾਲੀ ਦਲ ਦੀ ਸਥਾਪਨਾ ਅਗਸਤ 2025 ਵਿੱਚ ਹੋਈ ਸੀ, ਜਦੋਂ ਅਕਾਲ ਤਖਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ। ਇਹ ਪਾਰਟੀ ਸੁਖਬੀਰ ਸਿੰਘ ਬਾਦਲ ਵਾਲੇ ਅਕਾਲੀ ਦਲ ਤੋਂ ਅਲੱਗ ਹੋ ਕੇ ਬਣੀ ਸੀ, ਜਿਸ ਨੂੰ ਅਕਾਲ ਤਖਤ ਸਾਹਿਬ ਨੇ ਹੁਕਮਨਾਮੇ ਨਾਲ ਪੰਥਕ ਨਿਯਮਾਂ ਦੀ ਉਲੰਘਣਾ ਕਰਨ ਕਾਰਨ ਸਜ਼ਾ ਦਿੱਤੀ ਗਈ ਸੀ। ਪੰਥਕ ਏਕਤਾ ਅਤੇ ਸਿੱਖ ਮਨੋਰਥਾਂ ਨੂੰ ਅੱਗੇ ਵਧਾਉਣ ਦੇ ਨਾਂਅ 'ਤੇ ਬਣੀ ਇਸ ਪਾਰਟੀ ਵਿੱਚ ਸ਼ੁਰੂ ਤੋਂ ਹੀ ਅੰਦਰੂਨੀ ਮਤਭੇਦ ਨਜ਼ਰ ਆ ਰਹੇ ਹਨ। ਸਿਆਸੀ ਮਾਹਿਰਾਂ ਅਨੁਸਾਰ, ਇਸ ਪਾਰਟੀ ਨੂੰ ਅਜੇ ਤੱਕ ਜ਼ਮੀਨੀ ਪੱਧਰ 'ਤੇ ਮਜ਼ਬੂਤੀ ਨਹੀਂ ਮਿਲੀ ਹੈ ਅਤੇ ਪੇਂਡੂ ਚੋਣਾਂ ਵਿੱਚ ਇਸ ਦੇ ਕਮਜ਼ੋਰ ਪ੍ਰਦਰਸ਼ਨ ਨੇ ਇਸ ਨੂੰ ਹੋਰ ਕਮਜ਼ੋਰ ਕਰ ਦਿੱਤਾ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਹਾਲ ਹੀ ਵਿੱਚ ਚੰਡੀਗੜ੍ਹ ਵਿੱਚ ਹੋਈ ਪਾਰਟੀ ਮੀਟਿੰਗ ਵਿੱਚ ਅਸਤੀਫ਼ੇ ਦੀ ਪੇਸ਼ਕਸ਼ ਕੀਤੀ ਹੈ। ਗਿਆਨੀ ਹਰਪ੍ਰੀਤ ਨੇ ਕਿਹਾ ਕਿ ਉਹ ਪੰਥ ਅਤੇ ਪੰਜਾਬ ਦੇ ਹਿੱਤ ਲਈ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹਨ। ਇਹ ਪੇਸ਼ਕਸ਼ ਪਾਰਟੀ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸਮਿਤੀ ਚੋਣਾਂ ਦੌਰਾਨ ਉੱਠੇ ਮਤਭੇਦਾਂ ਕਾਰਨ ਦਿਤੀ ਗਈ ਹੈ। ਕੁਝ ਆਗੂਆਂ ਨੇ ਪਾਰਟੀ ਵੱਲੋਂ ਆਜ਼ਾਦ ਉਮੀਦਵਾਰਾਂ ਨੂੰ ਸਮਰਥਨ ਦੇਣ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ ਸੀ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਮੂਲ ਖੇਤਰ ਧਾਰਮਿਕ ਹੈ, ਅਤੇ ਉਹ ਰਾਜਨੀਤੀ ਵਿੱਚ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਚੁਣੌਤੀ ਮਿਲਣ ਕਾਰਨ ਆਏ ਸਨ। ਪਰ ਜੇਕਰ ਉਨ੍ਹਾਂ ਦੀ ਭੂਮਿਕਾ 'ਤੇ ਅਸਹਿਮਤੀ ਹੈ ਤਾਂ ਉਹ ਅਹੁਦਾ ਛੱਡ ਸਕਦੇ ਹਨ।

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨਗੀ ਛੱਡਣੀ ਪੈ ਸਕਦੀ ਹੈ ਕਿਉਂਕਿ ਪਾਰਟੀ ਵਿੱਚ ਮੌਕਾਪ੍ਰਸਤ ਲੀਡਰਾਂ ਨੇ ਉਨ੍ਹਾਂ ਨੂੰ ਚੱਲਣ ਨਹੀਂ ਦੇਣਾ। ਉਨ੍ਹਾਂ ਕੋਲ ਇਤਿਹਾਸ ਅਤੇ ਗੁਰਮਤਿ ਦੀ ਡੂੰਘੀ ਸਮਝ ਹੈ, ਪਰ ਅੰਦਰੂਨੀ ਧੜੇਬੰਦੀ ਨੇ ਪਾਰਟੀ ਨੂੰ ਕਮਜ਼ੋਰ ਕਰ ਦਿੱਤਾ ਹੈ। ਵਰਕਿੰਗ ਕਮੇਟੀ ਅਤੇ ਅਹੁਦੇਦਾਰਾਂ ਦੀ ਨਿਯੁਕਤੀ ਤੋਂ ਬਾਅਦ 50 ਦਿਨਾਂ ਦੇ ਗੈਪ ਨੇ ਸਾਬਤ ਕਰ ਦਿੱਤਾ ਕਿ ਪਾਰਟੀ ਫ਼ੈਸਲੇ ਲੈਣ ਵਿੱਚ ਅਸਮਰੱਥ ਹੈ।

ਗਿਆਨੀ ਹਰਪ੍ਰੀਤ ਸਿੰਘ ਨੂੰ ਸਮਰਥਨ ਦੇਣ ਵਾਲੇ ਆਗੂ ਜਿਵੇਂ ਬਾਬਾ ਸਰਬਜੋਤ ਸਿੰਘ ਬੇਦੀ ਅਤੇ ਰਵੀਇੰਦਰ ਸਿੰਘ ਨੇ ਕਿਹਾ ਹੈ ਕਿ ਉਹ ਜਥੇਦਾਰ ਨੂੰ ਨਹੀਂ ਛੱਡਣਗੇ ਅਤੇ ਪੰਥਕ ਜਮਾਤ ਅਕਾਲੀ ਦਲ ਨੂੰ ਮਜ਼ਬੂਤ ਕਰਨਗੇ। ਰਵੀਇੰਦਰ ਸਿੰਘ ਨੇ ਕਿਹਾ ਕਿ 'ਅਸੀਂ ਤੁਹਾਡੇ ਨਾਲ ਤਨ ਮਨ ਧਨ ਤੋਂ ਹਾਂ।' ਪਰ ਜੇ ਅੰਦਰੂਨੀ ਫ਼ੁੱਟ ਜਾਰੀ ਰਹੀ ਤਾਂ ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨਗੀ ਛੱਡ ਕੇ ਪੰਥਕ ਮਾਮਲਿਆਂ ਵੱਲ ਵਾਪਸ ਜਾਣਾ ਪੈ ਸਕਦਾ ਹੈ।

ਮਨਪ੍ਰੀਤ ਸਿੰਘ ਇਆਲੀ ਦੀ ਭੂਮਿਕਾ ਇਸ ਕਹਾਣੀ ਵਿੱਚ ਸਭ ਤੋਂ ਵਿਵਾਦਗ੍ਰਸਿਤ ਹੈ। ਉਨ੍ਹਾਂ ਨੇ ਪੇਂਡੂ ਚੋਣਾਂ ਤੋਂ ਬਾਅਦ ਪੰਥਕ ਏਕਤਾ ਦਾ ਸੱਦਾ ਦਿੱਤਾ ਅਤੇ ਸੁਖਬੀਰ ਬਾਦਲ ਨੂੰ ਇੱਕ ਮਹੀਨੇ ਦਾ ਸਮਾਂ ਦੇਣ ਦੀ ਗੱਲ ਕੀਤੀ। ਪਰ ਇਆਲੀ ਨੇ ਸ਼ਰਤ ਰੱਖੀ ਕਿ ਏਕਤਾ ਹੋਈ ਤਾਂ ਸੁਖਬੀਰ ਪ੍ਰਧਾਨ ਨਹੀਂ ਰਹਿ ਸਕਣਗੇ।

ਇਆਲੀ ਨੇ ਕਿਹਾ ਕਿ ਉਹ ਨਵੇਂ ਅਕਾਲੀ ਦਲ ਨਾਲ ਕੋਈ ਸਬੰਧ ਨਹੀਂ ਰੱਖਦੇ ਅਤੇ ਉਨ੍ਹਾਂ ਨੇ ਕਦੇ ਮੀਟਿੰਗਾਂ ਵਿੱਚ ਹਿੱਸਾ ਨਹੀਂ ਲਿਆ। ਯਾਦ ਰਹੇ ਕਿ ਇਆਲੀ ਨੇ ਨਵੇਂ ਅਕਾਲੀ ਦਲ ਦੇ ਸੀਨੀਅਰ ਵਾਈਸ ਪ੍ਰਧਾਨ ਦਾ ਅਹੁਦਾ ਸਵੀਕਾਰ ਕੀਤਾ ਸੀ, ਪਰ ਹੁਣ ਇਨਕਾਰ ਕਰ ਰਹੇ ਹਨ। ਇਆਲੀ ਨੇ ਆਪਣੀ ਚੋਣ ਮੁਹਿੰਮ ਵਿੱਚ ਅੰਮ੍ਰਿਤਪਾਲ ਸਿੰਘ ਅਤੇ ਸਤਵੰਤ ਕੌਰ ਦੀਆਂ ਤਸਵੀਰਾਂ ਵਰਤੀਆਂ, ਪਰ ਗਿਆਨੀ ਹਰਪ੍ਰੀਤ ਸਿੰਘ ਦੀ ਨਹੀਂ।

# ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਸਿੱਖ ਆਗੂ ਅਸੰਤੁਸ਼ਟ ਕਿਉਂ ?

## ਜਥੇਦਾਰ ਕਾਹਲੀ ਵਿੱਚ ਫ਼ੈਸਲੇ ਕਿਉਂ ਲੈ ਰਹੇ ਹਨ ?

## ਭਾਈ ਰਾਜੋਆਣਾ ਨੇ ਜਥੇਦਾਰ ਦੀ ਕਾਰਜਪ੍ਰਣਾਲੀ ਉੱਪਰ ਸਖ਼ਤ ਇਤਰਾਜ਼ ਕਿਉਂ ਪ੍ਰਗਟਾਏ ?



ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਹਾਲ ਹੀ ਵਿੱਚ ਪੰਜਾਬ ਦੇ ਮੈਂਬਰ ਪਾਰਲੀਮੈਂਟ ਅਤੇ ਰਾਜ ਸਭਾ ਮੈਂਬਰਾਂ ਨੂੰ ਇੱਕ ਪੱਤਰ ਲਿਖ ਕੇ ਹਦਾਇਤ ਕੀਤੀ ਸੀ ਕਿ ਉਹ ਕੇਂਦਰ ਸਰਕਾਰ ਤੋਂ ਮੰਗ ਕਰਨ ਕਿ ਵੀਰ ਬਾਲ ਦਿਵਸ ਨੂੰ ਬਦਲ ਕੇ ਸਾਹਿਬਜ਼ਾਦੇ ਸ਼ਹਾਦਤ ਦਿਵਸ ਵਜੋਂ ਮਨਾਇਆ ਜਾਵੇ। ਇਸ ਪੱਤਰ ਨੂੰ ਲੈ ਕੇ ਬੰਦੀ ਸਿੰਘ ਬਲਵੰਤ ਸਿੰਘ ਰਾਜੋਆਣਾ ਨੇ ਜਥੇਦਾਰ ਨੂੰ ਇੱਕ ਚਿੱਠੀ ਲਿਖ ਕੇ ਸਖ਼ਤ ਇਤਰਾਜ਼ ਜਤਾਇਆ ਹੈ। ਰਾਜੋਆਣਾ ਨੇ ਕਿਹਾ ਹੈ ਕਿ ਇਹ ਕਾਰਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਹਿਮੀਅਤ ਨੂੰ ਘੱਟ ਕਰਨ ਵਾਲੀ ਹੈ । ਇਸ ਘਟਨਾ ਨੇ ਇੱਕ ਵਾਰ ਫ਼ਿਰ ਸਿੱਖ ਸੰਗਤ ਵਿੱਚ ਇਹ ਸਵਾਲ ਖੜ੍ਹੇ ਕਰ ਦਿੱਤੇ ਹਨ ਕਿ ਜਥੇਦਾਰ ਸਾਹਿਬਾਨ ਤੋਂ ਸਿੱਖ ਆਗੂ ਅਤੇ ਸੰਗਤ ਕਿਉਂ ਅਸੰਤੁਸ਼ਟ ਹੈ ਅਤੇ ਉਹ ਕਾਹਲੀ ਵਿੱਚ ਫ਼ੈਸਲੇ ਕਿਉਂ ਲੈ ਰਹੇ ਹਨ ?

ਇਥੇ ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਨੇ 2022 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਦੀ ਸ਼ਹਾਦਤ ਨੂੰ ਯਾਦ ਕਰਨ ਲਈ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ ਸੀ। ਇਹ ਦਿਨ ਸਿੱਖ ਇਤਿਹਾਸ ਵਿੱਚ ਬਹੁਤ ਅਹਿਮ ਹੈ, ਕਿਉਂਕਿ ਇਨ੍ਹਾਂ ਛੋਟੇ ਸਾਹਿਬਜ਼ਾਦਿਆਂ ਨੇ ਧਰਮ ਅਤੇ ਨਿਆਂ ਲਈ ਆਪਣੀ ਜਾਨ ਵਾਰ ਦਿੱਤੀ ਸੀ। ਪਰ ਸਿੱਖ ਸੰਗਤ ਨੂੰ ਇਸ ਨਾਂ ਨਾਲ ਇਤਰਾਜ਼ ਹੈ ਕਿਉਂਕਿ ਉਹ ਇਸ ਨੂੰ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਜਾਂ 'ਸ਼ਹੀਦੀ ਦਿਵਸ' ਵਜੋਂ ਜਾਣਨਾ ਚਾਹੁੰਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ 'ਵੀਰ ਬਾਲ ਦਿਵਸ' ਨਾਂ ਨਾਲ ਸ਼ਹਾਦਤ ਦੀ ਗੰਭੀਰਤਾ ਘੱਟ ਜਾਂਦੀ ਹੈ ਅਤੇ ਇਹ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਨੇ ਵੀ ਇਸ ਨਾਂਅ ਨੂੰ ਬਦਲਣ ਦੀ ਮੰਗ ਕੀਤੀ ਸੀ। ਇਸੇ ਮੰਗ ਨੂੰ ਅੱਗੇ ਵਧਾਉਣ ਲਈ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਦੇ ਸਾਰੇ ਸਿੱਖ ਐੱਮਪੀਜ਼ ਨੂੰ ਪੱਤਰ ਲਿਖੇ ਅਤੇ ਉਨ੍ਹਾਂ ਨੂੰ ਪਾਰਲੀਮੈਂਟ ਵਿੱਚ ਇਹ ਮੁੱਦਾ ਉਠਾਉਣ ਲਈ ਕਿਹਾ।

ਉਨ੍ਹਾਂ ਨੇ ਕਿਹਾ ਕਿ ਸਿੱਖ ਸੰਗਤ ਇਸ ਨਾਂਅ ਨਾਲ ਸਹਿਮਤ ਨਹੀਂ ਹੈ ਅਤੇ ਇਸ ਨੂੰ ਬਦਲ ਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਹੀ ਨਾਂਅ ਦਿੱਤਾ ਜਾਵੇ। ਇਹ ਪੱਤਰ 8 ਦਸੰਬਰ 2025 ਨੂੰ ਲਿਖੇ ਗਏ ਸਨ ।

ਪਰ ਇਸ ਪੱਤਰ ਨੂੰ ਲੈ ਕੇ ਬਲਵੰਤ ਸਿੰਘ ਰਾਜੋਆਣਾ ਨੇ ਸਖ਼ਤ ਵਿਰੋਧ ਕੀਤਾ ਹੈ। ਰਾਜੋਆਣਾ, ਜੋ ਪਟਿਆਲਾ ਜੇਲ੍ਹ ਵਿੱਚ ਬੰਦ ਹਨ ਅਤੇ ਬੇਅੰਤ ਸਿੰਘ ਕਤਲ ਕੇਸ ਵਿੱਚ ਸਜ਼ਾ ਕੱਟ ਰਹੇ ਹਨ, ਨੇ ਜਥੇਦਾਰ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਵਾਜ਼ ਇੰਨੀ ਕਮਜ਼ੋਰ ਨਹੀਂ ਹੈ ਕਿ ਉਹ ਪਾਰਲੀਮੈਂਟ ਵਿੱਚ ਨਹੀਂ ਪਹੁੰਚ ਸਕੇ। ਉਨ੍ਹਾਂ ਨੇ ਕਿਹਾ ਕਿ ਜੇਕਰ ਐੱਮਪੀਜ਼ ਅਕਾਲ ਤਖਤ ਨੂੰ ਪੱਤਰ ਲਿਖਦੇ ਤਾਂ ਸਮਝ ਆਉਂਦੀ,ਪਰ ਅਕਾਲ ਤਖਤ ਵੱਲੋਂ ਐੱਮਪੀਜ਼ ਨੂੰ ਲਿਖਣਾ ਇਸ ਦੀ ਅਹਿਮੀਅਤ ਨੂੰ ਘਟਾਉਂਦਾ ਹੈ।

# ਨਵਾਂ ਸਾਲ ਦਾ ਜਸ਼ਨ ਰੱਦ: ਆਸਟ੍ਰੇਲੀਆ, ਫ਼ਰਾਂਸ ਅਤੇ ਜਰਮਨੀ ਵਿੱਚ ਨਹੀਂ ਲੱਗੇਗਾ ਮੇਲਾ ਤੇ ਨਾਚ- ਗਾਣਾ

## ਅੱਤਵਾਦੀ ਹਮਲੇ ਦੇ ਖ਼ਦਸੇ ਕਾਰਨ ਲੱਗੀਆਂ ਪਾਬੰਦੀਆਂ ਕਾਰਨ ਲੋਕ ਨਿਰਾਸ਼



ਸਿਡਨੀ (ਆਸਟ੍ਰੇਲੀਆ), ਪੈਰਿਸ (ਫ਼ਰਾਂਸ) ਅਤੇ ਬਰਲਿਨ (ਜਰਮਨੀ) - ਇਹ ਤਿੰਨ ਵੱਡੇ ਸ਼ਹਿਰ ਹਰ ਸਾਲ ਨਵੇਂ ਸਾਲ ਦੀ ਰਾਤ ਨੂੰ ਦੁਨੀਆ ਦੇ ਸਭ ਤੋਂ ਵੱਡੇ ਜਸ਼ਨਾਂ ਵਿੱਚੋਂ ਗਿਣੇ ਜਾਂਦੇ ਸਨ। ਹਜ਼ਾਰਾਂ ਲੋਕ ਮੇਲੇ ਵਿੱਚ ਇਕੱਠੇ ਹੁੰਦੇ ਹਨ, ਲੇਜ਼ਰ ਲਾਈਟ ਸ਼ੋਅ ਅਤੇ ਕੁਝ ਸਮੇਂ ਬਾਅਦ ਬਰਲਿਨ ਦੀ ਬ੍ਰਾਂਡਨਬਰਗ ਗੇਟ ਜਾਂ ਪੈਰਿਸ ਦੀ ਆਈਫ਼ਲ ਟਾਵਰ ਅੱਗੇ ਇਕੱਠੇ ਹੁੰਦੇ ਸਨ। ਪਰ ਇਸ ਵਾਰ 2025-26 ਦੇ ਨਵੇਂ ਸਾਲ ਵਿੱਚ ਇਹ ਵੱਡੇ ਜਨਤਕ ਸਮਾਰੋਹ ਨਹੀਂ ਹੋਣਗੇ। ਆਸਟ੍ਰੇਲੀਆ, ਫ਼ਰਾਂਸ ਅਤੇ ਜਰਮਨੀ ਨੇ ਆਪਣੇ ਸਭ ਤੋਂ ਵੱਡੇ ਨਿਊ ਈਅਰ ਈਵੈਂਟਸ ਨੂੰ ਰੱਦ ਕਰ ਦਿੱਤਾ ਹੈ।

ਸੁਰੱਖਿਆ ਏਜੰਸੀਆਂ ਨੇ ਇਨ੍ਹਾਂ ਤਿੰਨੇ ਦੇਸ਼ਾਂ ਨੂੰ ਇੱਕੋ ਜਿਹਾ ਖ਼ਤਰਾ ਵਾਲਾ ਅਲਰਟ ਦਿੱਤਾ ਹੈ। ਖ਼ੁਫ਼ੀਆ ਜਾਣਕਾਰੀ ਮੁਤਾਬਕ ਕੁਝ ਜਿਹਾਦੀ ਗਰੁੱਪ ਨਵੇਂ ਸਾਲ ਦੀ ਰਾਤ ਨੂੰ ਵੱਡੇ ਜਨਤਕ ਸਮਾਗਮਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਹੇ ਹਨ। ਇਸ ਖ਼ਤਰੇ ਨੂੰ ਬਹੁਤ ਉੱਚ ਪੱਧਰ ਦਾ ਮੰਨਿਆ ਗਿਆ ਹੈ।

ਆਸਟ੍ਰੇਲੀਆ ਵਿੱਚ ਸਿਡਨੀ ਹਾਰਬਰ ਬ੍ਰਿਜ ਅਤੇ ਓਪੇਰਾ ਹਾਊਸ ਅੱਗੇ ਹਰ ਸਾਲ ਲੱਖਾਂ ਲੋਕ ਇਕੱਠੇ ਹੁੰਦੇ ਸਨ। ਪਰ ਇਸ ਵਾਰ ਨਿਊ ਸਾਊਥ ਵੇਲਜ਼ ਸਰਕਾਰ ਨੇ ਐਲਾਨ ਕੀਤਾ ਕਿ ਸੁਰੱਖਿਆ ਪਹਿਲਾਂ ਅਤੇ ਇਸ ਲਈ ਵੱਡਾ ਜਨਤਕ ਜਸ਼ਨ ਨਹੀਂ ਹੋਵੇਗਾ। ਸਿਰਫ਼ ਛੋਟੇ-ਮੋਟੇ ਪ੍ਰਾਈਵੇਟ ਈਵੈਂਟ ਹੀ ਹੋ ਸਕਦੇ ਹਨ।

ਫ਼ਰਾਂਸ ਵਿੱਚ ਪੈਰਿਸ ਦੀ ਚੈਂਪਸ-ਏਲੀਜ਼ੀ ਸੜਕ 'ਤੇ ਹਰ ਸਾਲ ਲੱਖਾਂ ਲੋਕ ਇਕੱਠੇ ਹੁੰਦੇ ਸਨ। ਇਸ ਵਾਰ ਫ਼ਰਾਂਸੀਸੀ ਸਰਕਾਰ ਨੇ ਐਲਾਨ ਕੀਤਾ ਕਿ ਅੱਤਵਾਦੀ ਖ਼ਤਰੇ ਦੇ ਉੱਚ ਪੱਧਰ ਕਾਰਨ ਚੈਂਪਸ-ਏਲੀਜ਼ੀ 'ਤੇ ਕੋਈ ਵੱਡਾ ਜਸ਼ਨ ਨਹੀਂ ਹੋਵੇਗਾ। ਆਈਫ਼ਲ ਟਾਵਰ 'ਤੇ ਪਟਾਕੇ ਵੀ ਨਹੀਂ ਚਲਾਏ ਜਾਣਗੇ।

ਜਰਮਨੀ ਵਿੱਚ ਬਰਲਿਨ ਦੀ ਬ੍ਰਾਂਡਨਬਰਗ ਗੇਟ ਅੱਗੇ ਹਰ ਸਾਲ 5-6 ਲੱਖ ਲੋਕ ਇਕੱਠੇ ਹੁੰਦੇ ਸਨ। ਇਸ ਵਾਰ ਬਰਲਿਨ ਪੁਲਿਸ ਅਤੇ ਸਰਕਾਰ ਨੇ ਕਿਹਾ ਕਿ ਸੁਰੱਖਿਆ ਲਈ ਬਹੁਤ ਵੱਡਾ ਜੋਖਮ ਹੈ ਇਸ ਲਈ ਇਹ ਵੱਡਾ ਜਨਤਕ ਸਮਾਰੋਹ ਰੱਦ ਕੀਤਾ ਜਾ ਰਿਹਾ ਹੈ।

ਇਹ ਫ਼ੈਸਲਾ ਸੁਣ ਕੇ ਬਹੁਤ ਸਾਰੇ ਲੋਕ ਨਿਰਾਸ਼ ਹੋਏ ਹਨ। ਕਈ ਨੌਜਵਾਨਾਂ ਨੇ ਸੋਸ਼ਲ ਮੀਡੀਆ 'ਤੇ ਲਿਖਿਆ, ਅਸੀਂ ਹਰ ਸਾਲ ਇੰਤਜ਼ਾਰ ਕਰਦੇ ਹਾਂ, ਪਰ ਇਸ ਵਾਰ ਤਾਂ ਘਰ ਬੈਠ ਕੇ ਟੀਵੀ ਵੇਖਣਾ ਪਵੇਗਾ। ਕੁਝ ਲੋਕਾਂ ਨੇ ਕਿਹਾ ਕਿ ਅੱਤਵਾਦੀਆਂ ਨੇ ਸਾਡੇ ਜਸ਼ਨ ਖੋਹ ਲਏ ਹਨ।

ਪਰ ਲੋਕ ਸਰਕਾਰ ਦੇ ਫ਼ੈਸਲੇ ਨੂੰ ਸਹੀ ਮੰਨ ਰਹੇ ਹਨ। ਸੁਰੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਯੂਰਪ ਵਿੱਚ ਅੱਤਵਾਦੀ ਖ਼ਤਰਾ ਲਗਾਤਾਰ ਵਧ ਰਿਹਾ ਹੈ। ਖਾਸ ਕਰਕੇ ਇਸ ਸਮੇਂ ਇੱਕ ਜਿਹਾਦੀ ਗਰੁੱਪ ਨੇ ਵੱਡੇ ਸਮਾਗਮਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਧਮਕੀਆਂ ਦਿੱਤੀਆਂ ਹਨ। ਆਸਟ੍ਰੇਲੀਆ ਵਿੱਚ ਵੀ ਇਸੇ ਤਰ੍ਹਾਂ ਦੀ ਜਾਣਕਾਰੀ ਮਿਲੀ ਹੈ।



# ਪੰਜਾਬ ਵਿੱਚ ਕਬੱਡੀ ਖਿਡਾਰੀ ਗੈਂਗਸਟਰਾਂ ਦਾ ਨਿਸ਼ਾਨਾ ਕਿਉਂ ?

## ਖ਼ੂਨੀ ਖੇਡ: ਰਾਣਾ ਬਲਾਚੌਰੀਆ ਕਤਲ ਤੋਂ ਲੈ ਕੇ ਨਸ਼ਾ ਤਸਕਰੀ ਤੱਕ ਦੀ ਪੂਰੀ ਕਹਾਣੀ

## ਮੋਹਾਲੀ ਕਬੱਡੀ ਖਿਡਾਰੀ ਕਤਲ ਕਾਂਡ ਦਾ ਜ਼ਿੰਮੇਵਾਰ ਪੁਲਿਸ ਮੁਕਾਬਲੇ ਵਿੱਚ ਹਲਾਕ

## ਕਤਲ ਦਾ ਮੁੱਖ ਕਾਰਨ ਕਬੱਡੀ ਟੂਰਨਾਮੈਂਟਾਂ ਵਿੱਚ ਪੈਸੇ ਅਤੇ ਕੰਟਰੋਲ ਨੂੰ ਲੈ ਕੇ ਰੰਜਿਸ਼

ਪੰਜਾਬ ਵਿੱਚ ਇੱਕ ਵਾਰ ਫਿਰ ਗੈਂਗ ਵਾਰ ਅਤੇ ਕਤਲਾਂ ਦੀਆਂ ਵਾਰਦਾਤਾਂ ਨੇ ਲੋਕਾਂ ਨੂੰ ਡਰਾ ਦਿੱਤਾ ਹੈ। ਇਸ ਵਾਰ ਕਤਲ ਕਾਂਡ ਦੀ ਕਹਾਣੀ ਕਬੱਡੀ ਪ੍ਰਮੋਟਰ ਅਤੇ ਖਿਡਾਰੀ ਕੰਵਰ ਦਿਗਵਿਜੇ ਸਿੰਘ ਉਰਫ਼ ਰਾਣਾ ਬਲਚੌਰੀਆ ਦੇ ਕਤਲ ਦੀ ਹੈ, ਜੋ ਮੋਹਾਲੀ ਵਿੱਚ ਇੱਕ ਕਬੱਡੀ ਟੂਰਨਾਮੈਂਟ ਵਿੱਚ ਵਾਪਰੀ। ਇਹ ਘਟਨਾ ਨਾ ਸਿਰਫ਼ ਰਾਣਾ ਦੇ ਪਰਿਵਾਰ ਲਈ ਦੁੱਖ ਵਾਲੀ ਹੈ, ਸਗੋਂ ਪੰਜਾਬ ਦੇ ਨੌਜਵਾਨਾਂ ਅਤੇ ਖੇਡ ਜਗਤ ਲਈ ਵੀ ਇੱਕ ਵੱਡਾ ਝਟਕਾ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਵੱਡੇ ਖੁਲਾਸੇ ਕੀਤੇ ਹਨ ਅਤੇ ਕਿਹਾ ਹੈ ਕਿ ਇਹ ਕਤਲ ਕਬੱਡੀ ਵਿੱਚ ਦਬਦਬੇ ਨੂੰ ਲੈ ਕੇ ਵਾਪਰੀ ਰੰਜਿਸ਼ ਕਾਰਨ ਹੋਇਆ ਹੈ।

**ਰਾਣਾ ਬਲਾਚੌਰੀਆ ਕਤਲ ਕੇਸ- ਵਾਰਦਾਤ ਦੀ ਪੂਰੀ ਕਹਾਣੀ**

ਰਾਣਾ ਬਲਚੌਰੀਆ ਇੱਕ ਨਾਮੀ ਕਬੱਡੀ ਖਿਡਾਰੀ ਅਤੇ ਪ੍ਰਮੋਟਰ ਸੀ। ਉਹ ਨੌਜਵਾਨ ਖਿਡਾਰੀਆਂ ਨੂੰ ਟਰੇਨਿੰਗ ਦਿੰਦਾ ਸੀ ਅਤੇ ਕਈ ਟੀਮਾਂ ਚਲਾਉਂਦਾ ਸੀ। ਉਸ ਨੇ ਹਾਲ ਹੀ ਵਿੱਚ ਵਿਆਹ ਕੀਤਾ ਸੀ ਅਤੇ ਆਪਣੀ ਜ਼ਿੰਦਗੀ ਵਿੱਚ ਖੁਸ਼ ਸੀ। ਪਰ 15 ਦਸੰਬਰ 2025 ਨੂੰ ਮੋਹਾਲੀ ਵਿੱਚ ਬੈਦਵਾਨ ਸਪੋਰਟਸ ਕਲੱਬ ਵਿੱਚ ਚੱਲ ਰਹੇ ਇੱਕ ਕਬੱਡੀ ਟੂਰਨਾਮੈਂਟ ਵਿੱਚ ਅਚਾਨਕ ਗੋਲੀਆਂ ਚੱਲੀਆਂ। ਤਿੰਨ ਹਮਲਾਵਰਾਂ ਨੇ ਰਾਣਾ ਨੂੰ ਨੇੜੇ ਜਾ ਕੇ ਗੋਲੀਆਂ ਮਾਰੀਆਂ। ਰਾਣਾ ਨੂੰ ਸਿਰ ਵਿੱਚ ਗੋਲੀ ਲੱਗੀ ਅਤੇ ਉਹ ਹਸਪਤਾਲ ਵਿੱਚ ਮੌਤ ਨਾਲ ਲੜਦਾ ਰਿਹਾ, ਪਰ ਅਗਲੇ ਦਿਨ ਉਸ ਨੇ ਦਮ ਤੋੜ ਦਿੱਤਾ। ਇਹ ਵਾਰਦਾਤ ਬਹੁਤ ਡਰਾਉਣੀ ਸੀ ਕਿਉਂਕਿ ਹਮਲਾਵਰ ਆਮ ਲੋਕਾਂ ਵਾਂਗ ਆਏ ਅਤੇ ਰਾਣਾ ਨਾਲ ਸੈਲਫੀ ਲੈਣ ਦੇ ਬਹਾਨੇ ਨੇੜੇ ਆ ਗਏ।

ਪੁਲਿਸ ਨੇ ਤੁਰੰਤ ਜਾਂਚ ਸ਼ੁਰੂ ਕੀਤੀ। ਐੱਸ.ਐੱਸ.ਪੀ. ਮੋਹਾਲੀ ਹਰਮਨਦੀਪ ਸਿੰਘ ਹੰਸ ਨੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਵਾਰਦਾਤ ਵਿੱਚ ਤਿੰਨ ਸ਼ੂਟਰ ਸ਼ਾਮਲ ਸਨ। ਇਨ੍ਹਾਂ ਵਿੱਚੋਂ ਦੋ ਦੀ ਪਛਾਣ ਹੋ ਗਈ ਹੈ – ਅਦਿੱਤਿਆ ਕਪੂਰ ਉਰਫ਼ ਮੱਖਣ ਅਤੇ ਕਰਨ ਪਾਠਕ। ਇਹ ਦੋਵੇਂ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ ਅਤੇ ਬੰਬੀਹਾ ਗੈਂਗ ਨਾਲ ਜੁੜੇ ਹੋਏ ਹਨ। ਤਰਨਤਾਰਨ ਜ਼ਿਲ੍ਹੇ ਦੇ ਪਿੰਡ ਨੌਸ਼ਹਿਰਾ ਪੰਨੂਆ ਦਾ ਰਹਿਣ ਵਾਲਾ ਹਰਪਿੰਦਰ ਮਿੱਡੂ ਪੁਲੀਸ ਨਾਲ ਹੋਏ ਮੁਕਾਬਲੇ ਦੌਰਾਨ ਜ਼ਖ਼ਮੀ ਹੋ ਗਿਆ ਸੀ। ਹਸਪਤਾਲ ਵਿੱਚ ਇਲਾਜ ਦੌਰਾਨ ਉਸਨੇ ਦਮ ਤੋੜ ਦਿੱਤਾ ਸੀ। ਇਸ ਕਾਰਵਾਈ ਵਿੱਚ ਦੋ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋਏ ਹਨ, ਜਿਨ੍ਹਾਂ ਦਾ ਇਲਾਜ ਚੱਲ ਰਿਹਾ ਹੈ।

ਯਾਦ ਰਹੇ ਕਿ ਬੰਬੀਹਾ ਗੈਂਗ ਨੇ ਸੋਸ਼ਲ ਮੀਡੀਆ ਤੇ ਪੋਸਟ ਪਾ ਕੇ ਕਤਲ ਦੀ ਜ਼ਿੰਮੇਵਾਰੀ ਲਈ ਸੀ ਅਤੇ ਕਿਹਾ ਸੀ ਕਿ ਇਹ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦਾ ਬਦਲਾ ਹੈ। ਗੈਂਗਸਟਰਾਂ ਨੇ ਆਰੋਪ ਲਾਇਆ ਕਿ ਰਾਣਾ ਨੇ ਮੂਸੇਵਾਲਾ ਦੇ ਕਾਤਲਾਂ ਨੂੰ ਸਹਾਰਾ ਦਿੱਤਾ ਸੀ। ਪਰ ਪੁਲਿਸ ਨੇ ਇਸ ਨੂੰ ਰੱਦ ਕਰ ਦਿੱਤਾ ਅਤੇ ਕਿਹਾ ਕਿ ਰਾਣਾ ਦਾ ਮੂਸੇਵਾਲਾ ਕੇਸ ਨਾਲ ਕੋਈ ਲਿੰਕ ਨਹੀਂ ਮਿਲਿਆ। ਇਸ ਦੀ ਬਜਾਏ, ਕਤਲ ਦਾ ਮੁੱਖ ਕਾਰਨ ਕਬੱਡੀ ਟੂਰਨਾਮੈਂਟਾਂ ਵਿੱਚ ਪੈਸੇ ਅਤੇ ਨਿਯੰਤਰਣ ਨੂੰ ਲੈ ਕੇ ਰੰਜਿਸ਼ ਹੈ।

ਪੁਲਿਸ ਨੇ ਸੀ.ਸੀ.ਟੀ.ਵੀ. ਫ਼ੁਟੇਜ ਅਤੇ ਹੋਰ ਸਬੂਤਾਂ ਨਾਲ ਜਾਂਚ ਕੀਤੀ। ਉਨ੍ਹਾਂ ਨੇ ਦੱਸਿਆ ਕਿ ਰਾਣਾ ਨਾਲ ਗੈਂਗਸਟਰ ਜੱਗੂ ਭਗਵਾਨਪੁਰੀਆ ਅਤੇ ਡੋਨੀ ਬੱਲ ਵਰਗੇ ਨਾਂਵਾਂ ਨਾਲ ਲਿੰਕ ਦੀਆਂ ਖ਼ਬਰਾਂ ਆਈਆਂ ਹਨ, ਪਰ ਰਾਣਾ ਨੂੰ ਇੱਕ ਸਾਫ਼-ਸੁਥਰਾ ਆਦਮੀ ਮੰਨਿਆ ਜਾਂਦਾ ਹੈ। ਉਹ ਕਿਸੇ ਗੈਂਗ ਵਿੱਚ ਨਹੀਂ ਸੀ ਅਤੇ ਨੌਜਵਾਨਾਂ ਨੂੰ ਖੇਡ ਵੱਲ ਲਿਆਉਣ ਵਿੱਚ ਰੁੱਝਿਆ ਹੋਇਆ ਸੀ। ਪੁਲਿਸ ਨੇ ਬੰਬੀਹਾ ਗੈਂਗ ਦੇ ਸ਼ੂਟਰਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਅਤੇ ਕਿਹਾ ਕਿ 12 ਟੀਮਾਂ ਮੁਲਜ਼ਮਾਂ ਨੂੰ ਫੜਨ ਲਈ ਛਾਪੇ ਮਾਰ ਰਹੀਆਂ ਹਨ। ਐੱਸ.ਐੱਸ.ਪੀ. ਨੇ ਭਰੋਸਾ ਦਿੱਤਾ ਕਿ ਜਲਦੀ ਸਾਰੇ ਮੁਲਜ਼ਮ ਗ੍ਰਿਫ਼ਤਾਰ ਹੋ ਜਾਣਗੇ ਅਤੇ ਵਾਰਦਾਤ ਦੇ ਪਿੱਛੇ ਦਾ ਪੂਰਾ ਮਕਸਦ ਸਾਹਮਣੇ ਆਵੇਗਾ।



ਇਹ ਕਤਲ ਸੰਦੀਪ ਨੰਗਲ ਅੰਬੀਆਂ ਵਰਗੇ ਪੁਰਾਣੇ ਕੇਸ ਨਾਲ ਮਿਲਦਾ ਹੈ, ਜਿੱਥੇ ਵੀ ਕਬੱਡੀ ਵਿੱਚ ਰੰਜਿਸ਼ ਨੇ ਖ਼ੂਨ ਵਹਾਇਆ ਸੀ। ਰਾਣਾ ਦੀ ਮੌਤ ਨੇ ਪੰਜਾਬ ਵਿੱਚ ਗੈਂਗ ਵਾਰ ਅਤੇ ਕਾਨੂੰਨ ਵਿਵਸਥਾ ਤੇ ਨਵੀਂ ਚਰਚਾ ਛੇੜ ਦਿੱਤੀ ਹੈ। ਵਿਰੋਧੀ ਪਾਰਟੀਆਂ ਨੇ ਸਰਕਾਰ ਨੂੰ ਨਾਕਾਮ ਕਿਹਾ ਹੈ ਅਤੇ ਮੰਗ ਕੀਤੀ ਹੈ ਕਿ ਗੈਂਗਸ ਨੂੰ ਸਖ਼ਤੀ ਨਾਲ ਰੋਕਿਆ ਜਾਵੇ।

**2019 ਤੋਂ 2025 ਤੱਕ ਕਬੱਡੀ ਖਿਡਾਰੀਆਂ ਦੇ ਕਤਲ: ਖ਼ੂਨੀ ਰੰਜਿਸ਼ਾਂ ਦੀ ਲੜੀ**

ਪਿਛਲੇ ਛੇ ਸਾਲਾਂ ਵਿੱਚ ਪੰਜਾਬ ਵਿੱਚ ਕਬੱਡੀ ਖਿਡਾਰੀਆਂ ਅਤੇ ਪ੍ਰਮੋਟਰਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਘਟਨਾਵਾਂ ਵਧੀਆਂ ਹਨ। ਕਬੱਡੀ, ਜੋ ਪੰਜਾਬ ਦੀ ਪਹਿਚਾਣ ਹੈ, ਹੁਣ ਗੈਂਗ ਵਾਰ ਅਤੇ ਪੈਸੇ ਦੀ ਲੜਾਈ ਵਿੱਚ ਬਦਲ ਗਈ ਹੈ। ਰਿਪੋਰਟਾਂ ਮੁਤਾਬਕ, 2919 ਤੋਂ 2025 ਤੱਕ ਘੱਟੋ ਘੱਟ 5-7 ਨਾਮੀ ਕਬੱਡੀ ਖਿਡਾਰੀਆਂ ਜਾਂ ਪ੍ਰਮੋਟਰਾਂ ਦੇ ਕਤਲ ਹੋਏ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਕੇਸ ਰੰਜਿਸ਼ ਅਤੇ ਗੈਂਗ ਵਾਰ ਨਾਲ ਜੁੜੇ ਹਨ।

2019 ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਨੰਗਲ ਜੋਹਲ ਪਿੰਡ ਨੇੜੇ ਦੋ ਵਿਅਕਤੀਆਂ ਨੇ ਦੋ ਕਬੱਡੀ ਖਿਡਾਰੀਆਂ ਸੁਖਰਾਜ ਸਿੰਘ ਅਤੇ ਗੁਰਕਮਲ ਸਿੰਘ 'ਤੇ ਗੋਲੀਆਂ ਚਲਾ ਕੇ ਹਮਲਾ ਕੀਤਾ। ਦੋਵੇਂ ਕਬੱਡੀ ਖਿਡਾਰੀ ਜ਼ਖ਼ਮੀ ਹੋਏ ਪਰ ਬਚ ਗਏ।

ਮਈ 2020 ਵਿੱਚ ਕਪੂਰਥਲਾ ਵਿੱਚ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਅਰਵਿੰਦਰਜੀਤ ਸਿੰਘ ਪੱਡਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਹਮਲੇ ਦਾ ਇਲਜ਼ਾਮ ਪੰਜਾਬ ਪੁਲਿਸ ਦੇ ਏ.ਐਸ.ਆਈ. ਪਰਮਜੀਤ ਸਿੰਘ ਉੱਤੇ ਲੱਗਿਆ ਸੀ। ਇੱਕ ਹੋਰ ਵਿਅਕਤੀ ਜ਼ਖ਼ਮੀ ਹੋ ਗਿਆ। ਬਾਅਦ ਵਿੱਚ ਏ.ਐਸ.ਆਈ. ਨੂੰ ਬਰਖਾਸਤ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ।

ਸਭ ਤੋਂ ਵੱਡਾ ਕੇਸ ਸੰਦੀਪ ਨੰਗਲ ਅੰਬੀਆਂ ਦਾ ਹੈ, ਜੋ 2022 ਵਿੱਚ ਜਲੰਧਰ ਵਿੱਚ ਇੱਕ ਟੂਰਨਾਮੈਂਟ ਵਿੱਚ ਮਾਰਿਆ ਗਿਆ ਸੀ। ਕਾਰਨ ਸੀ ਕਬੱਡੀ ਫੈਡਰੇਸ਼ਨਾਂ ਵਿੱਚ ਰੰਜਿਸ਼ ਅਤੇ ਪੈਸੇ ਦੀ ਲੜਾਈ। ਫਿਰ 2024 ਵਿੱਚ ਇੱਕ ਹੋਰ ਖਿਡਾਰੀ ਨੂੰ ਲੁਧਿਆਣਾ ਵਿੱਚ ਗੋਲੀ ਮਾਰੀ ਗਈ, ਜਿੱਥੇ ਬਿਸ਼ਨੋਈ ਗੈਂਗ ਨੇ ਜ਼ਿੰਮੇਵਾਰੀ ਲਈ।

2025 ਵਿੱਚ ਹੀ ਤਿੰਨ ਵੱਡੇ ਕੇਸ ਵਾਪਰੇ ਹਨ। ਅਕਤੂਬਰ ਵਿੱਚ ਲੁਧਿਆਣਾ ਦੇ ਜਗਰਾਓ ਵਿੱਚ ਤੇਜਪਾਲ ਸਿੰਘ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਉਸ ਨੂੰ ਪਹਿਲਾਂ ਕਾਰ ਨਾਲ ਟੱਕਰ ਮਾਰੀ ਗਈ ਅਤੇ ਫਿਰ ਗੋਲੀਆਂ ਚਲਾਈਆਂ ਗਈਆਂ। ਨਵੰਬਰ ਵਿੱਚ ਗੁਰਵਿੰਦਰ ਸਿੰਘ ਨਾਂ ਦੇ ਖਿਡਾਰੀ ਨੂੰ ਲੁਧਿਆਣਾ ਵਿੱਚ ਮਾਰਿਆ ਗਿਆ ਅਤੇ ਬਿਸ਼ਨੋਈ ਗੈਂਗ ਨੇ ਦਾਅਵਾ ਕੀਤਾ ਕਿ ਇਹ ਰੰਜਿਸ਼ ਕਾਰਨ ਹੈ। ਦਸੰਬਰ 2025 ਵਿੱਚ ਫਿਰੋਜ਼ਪੁਰ ਦੇ ਜ਼ੀਰਾ ਹਲਕੇ ਦੇ ਪਿੰਡ ਜੋਗੈਵਾਲਾ ਵਿੱਚ ਇੱਕ ਕਬੱਡੀ ਖਿਡਾਰੀ ਨਿਰਵੈਲ ਸਿੰਘ 'ਤੇ ਫਾਇਰਿੰਗ ਹੋਈ ਜਿਸ ਵਿੱਚ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋਇਆ ਅਤੇ ਹੁਣ ਰਾਣਾ ਬਲਚੌਰੀਆ ਦਾ ਕਤਲ ਹੋਇਆ ਹੈ।

**ਇਨ੍ਹਾਂ ਕਤਲਾਂ ਦੇ ਮੁੱਖ ਕਾਰਨ ਹਨ: ਕਬੱਡੀ ਵਿੱਚ ਵੱਡੇ ਪੈਸੇ ਦੀ ਆਮਦ**

ਟੂਰਨਾਮੈਂਟਾਂ 'ਤੇ ਕੰਟਰੋਲ ਲਈ ਲੜਾਈ ਅਤੇ ਗੈਂਗਸ ਨਾਲ ਜੁੜੇ ਖਿਡਾਰੀ। ਕਈ ਖਿਡਾਰੀ ਗੈਂਗਸ ਨਾਲ ਮਿਲ ਕੇ ਪੈਸਾ ਕਮਾਉਂਦੇ ਹਨ, ਜਿਸ ਨਾਲ ਰੰਜਿਸ਼ ਵਧਦੀ ਹੈ। ਪੰਜਾਬ ਵਿੱਚ ਕਬੱਡੀ ਨੂੰ ਗੈਂਗ ਵਾਰ ਦਾ ਮੈਦਾਨ ਬਣਾ ਦਿੱਤਾ ਗਿਆ ਹੈ, ਜਿੱਥੇ ਪੈਸਾ, ਮਸਲ ਪਾਵਰ ਅਤੇ ਅਪਰਾਧ ਮਿਲ ਕੇ ਖੇਡ ਨੂੰ ਬਰਬਾਦ ਕਰ ਰਹੇ ਹਨ। ਯੂਕੇ ਤੋਂ ਰਜਿੰਦਰ ਸਿੰਘ ਪੁਰੇਵਾਲ ਨੇ ਦੱਸਿਆ ਕਿ ਬਹੁਤ ਸਾਰੇ ਖਿਡਾਰੀ ਅਜਿਹੇ ਹਨ ਜੋ ਗੋਲੀਬਾਰੀ ਦੀਆਂ ਇਹਨਾਂ ਘਟਨਾਵਾਂ ਤੋਂ ਡਰ ਕੇ ਕਬੱਡੀ ਖੇਡਣਾ ਛੱਡ ਗਏ ਹਨ। ਉਹ ਕਹਿੰਦੇ ਹਨ, 'ਗੈਂਗਸਟਰ ਟੂਰਨਾਮੈਂਟ ਤੋਂ ਪਹਿਲਾਂ ਖਿਡਾਰੀਆਂ ਨੂੰ ਫੋਨ ਕਰਕੇ ਧਮਕੀ ਦਿੰਦੇ ਹਨ ਕਿ ਅੱਜ ਇਹ ਟੀਮ ਨਹੀਂ ਖੇਡੇਗੀ ਤੇ ਜੇਕਰ ਉਹ ਟੀਮ ਖੇਡ ਗਈ ਤਾਂ ਟੂਰਨਾਮੈਂਟ ਦੇ ਅੰਦਰ ਕਦੋਂ ਗੋਲੀਆਂ ਚੱਲ ਜਾਣੀਆਂ ਕਿਸੇ ਨੂੰ ਕੁਝ ਪਤਾ ਨਹੀਂ ਚੱਲਣਾ। ਖਿਡਾਰੀ ਕੋਲ ਆਪਣੀ ਜਾਨ ਬਚਾਉਣ ਲਈ ਕੁਝ ਵੀ ਨਹੀਂ ਹੈ। ਗੈਂਗਸਟਰ ਕਬੱਡੀ ਤੋਂ ਪੈਸੇ ਕਮਾਉਣਾ ਚਾਹੁੰਦੇ ਹਨ, ਸਿਰਫ ਪੈਸੇ ਅਤੇ ਦਬਦਬੇ ਕਰਕੇ ਗੈਂਗਸਟਰ ਖਿਡਾਰੀਆਂ ਨੂੰ ਧਮਕਾਉਂਦੇ ਹਨ।' ਉਹ ਕਹਿੰਦੇ ਹਨ, 'ਰਾਣੇ ਦੇ ਕਤਲ ਮਗਰੋਂ ਪੰਜਾਬ ਵਿੱਚ ਕਈ ਕਬੱਡੀ ਟੂਰਨਾਮੈਂਟ ਰੱਦ ਹੋ ਗਏ ਹਨ।'

ਪੱਤਰਕਾਰ ਡਾਕਟਰ ਸ਼ਿੰਗਾਰਾ ਸਿੰਘ ਯੂਕੇ ਦਾ ਕਹਿਣਾ ਹੈ ਕਿ ਕਬੱਡੀ ਵਿੱਚ ਹਾਰਲੇ, ਥਾਰ ਵਰਗੇ ਮਹਿੰਗੇ ਇਨਾਮ ਰੱਖੇ ਜਾਂਦੇ ਹਨ। ਇਹ ਪੈਸੇ ਕਿੱਥੋਂ ਆ ਰਿਹਾ, ਇਸਦੇ ਬਾਰੇ ਕਿਸੇ ਨੂੰ ਕੁਝ ਨਹੀਂ ਪਤਾ, ਪ੍ਰਮੋਟਰ ਆਪਣਾ ਨਾਮ ਚਮਕਾਉਣਾ ਚਾਹੁੰਦੇ ਹਨ, ਪਰ ਖਿਡਾਰੀ ਮਰ ਰਹੇ ਹਨ।

ਪੰਜਾਬ ਪੁਲਿਸ ਦੇ ਸਾਬਕਾ ਵਧੀਕ ਡਾਇਰੈਕਟਰ-ਜਨਰਲ(ਲਾਅ ਐਂਡ ਆਰਡਰ) ਗੁਰਿੰਦਰ ਸਿੰਘ ਢਿੱਲੋਂ ਨੇ ਜੋ ਹੁਣ ਮੌਜੂਦਾ ਸਮੇਂ ਕਾਂਗਰਸ ਪਾਰਟੀ ਦੇ ਆਗੂ ਵੀ ਹਨ,ਉਹ ਕਬੱਡੀ ਵਿੱਚ ਵੱਧ ਰਹੇ ਗੋਲੀਬਾਰੀ ਦੀਆਂ ਘਟਨਾਵਾਂ ਦਾ ਮੁੱਖ ਕਾਰਨ 'ਸਿਸਟੇਮੈਟਿਕ ਫੇਲੀਅਰ' ਮੰਨਦੇ ਹਨ। ਢਿੱਲੋਂ ਦਲੀਲ ਦਿੰਦੇ ਕਹਿੰਦੇ ਹਨ, 'ਅੱਜ ਵੀ ਜਦੋਂ ਪੰਜਾਬ ਵਿੱਚ ਕਿਤੇ ਕੋਈ ਕਬੱਡੀ ਟੂਰਨਾਮੈਂਟ ਕਰਵਾਇਆ ਜਾਂਦਾ ਹੈ ਤਾਂ ਪਿੰਡਾਂ ਦੇ ਮੋਹਤਰਬਰ ਬੰਦੇ ਇਕੱਠੇ ਹੋ ਕੇ ਐਲਾਨ ਕਰ ਦਿੰਦੇ ਹਨ ਕਿ ਇਸ ਤਰੀਕ ਨੂੰ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ, ਇਸਦੇ ਵਿੱਚ ਕੁਝ ਪਰਵਾਸੀ ਪੰਜਾਬੀ ਸ਼ਾਮਲ ਹੁੰਦੇ ਹਨ।ਪੈਸੇ ਕਿਥੋਂ ਆ ਰਿਹਾ ਹੈ, ਇਸਦੇ ਬਾਰੇ ਕਿਸੇ ਕੋਲ ਕੋਈ ਜਾਣਕਾਰੀ ਨਹੀਂ ਹੁੰਦੀ, ਇਲਾਕੇ ਦੀ ਪੁਲਿਸ ਨੂੰ ਇਸ ਬਾਰੇ ਸੂਚਿਤ ਨਹੀਂ ਕੀਤਾ ਜਾਂਦਾ, ਕੋਈ ਕਲੀਅਰੈਂਸ ਸਰਟੀਫਿਕੇਟ ਨਹੀਂ ਲਿਆ ਜਾਂਦਾ, ਜਿਸ ਕਾਰਨ ਇਸ ਖੇਡ ਵਿੱਚ ਪੈਸਾ ਭਾਰੂ ਹੋ ਜਾਂਦਾ ਹੈ, ਪੁਲਿਸ ਨੂੰ ਘਟਨਾ ਹੋਣ ਮਗਰੋਂ ਪਤਾ ਲੱਗਦਾ ਹੈ ਕਿ ਇਸ ਇਲਾਕੇ ਵਿੱਚ ਕੋਈ ਕਬੱਡੀ ਟੂਰਨਾਮੈਂਟ ਹੋ ਰਿਹਾ ਸੀ।' ਉਨ੍ਹਾਂ ਦਾ ਕਹਿਣਾ ਹੈ ਕਿ ਇਸ ਕਰਕੇ ਲਾਜ਼ਮੀ ਹੈ ਕਿ ਪੰਜਾਬ ਸਰਕਾਰ ਕਬੱਡੀ ਟੂਰਨਾਮੈਂਟਾਂ ਲਈ ਨਿਯਮ ਤੈਅ ਕਰੇ ਕਿ ਕਬੱਡੀ ਟੂਰਨਾਮੈਂਟ ਕੌਣ ਕਰਵਾ ਸਕਦਾ ਹੈ ਅਤੇ ਕਿੱਥੇ ਕਰਵਾ ਸਕਦਾ ਹੈ?

(ਬਾਕੀ ਸਫ਼ਾ 27 'ਤੇ)

## ਪੰਜਾਬ ਵਿੱਚ ਗੈਂਗਸਟਰ ਗਰੁੱਪਾਂ ਦੀ ਗਿਣਤੀ ਅਤੇ ਸਰਕਾਰ ਦੀ ਅਸਫ਼ਲਤਾ

ਪੰਜਾਬ ਵਿੱਚ ਗੈਂਗਸਟਰ ਗਰੁੱਪਾਂ ਦੀ ਗਿਣਤੀ ਬਾਰੇ ਸਹੀ ਅੰਕੜੇ ਨਹੀਂ ਮਿਲਦੇ, ਪਰ ਰਿਪੋਰਟਾਂ ਮੁਤਾਬਕ ਘੱਟੋ ਘੱਟ 10 ਤੋਂ 15 ਵੱਡੇ ਗੈਂਗਸ ਕਿਰਿਆਸ਼ੀਲ ਹਨ। ਇਨ੍ਹਾਂ ਵਿੱਚ ਲਾਰੈਂਸ ਬਿਸ਼ਨੋਈ ਗੈਂਗ, ਬੰਬੀਹਾ ਗੈਂਗ, ਜੱਗੂ ਭਗਵਾਨਪੁਰੀਆ ਗੈਂਗ, ਡਾਵੀ ਗੈਂਗ, ਲੱਕੀ ਪਟਿਆਲ ਗੈਂਗ, ਸੁਖਪ੍ਰੀਤ ਬੁੱਡਾ ਗੈਂਗ ਅਤੇ ਬਵਾਨਾ ਗੈਂਗ ਸ਼ਾਮਲ ਹਨ। ਇਹ ਗੈਂਗਸ ਪੰਜਾਬ ਤੋਂ ਬਾਹਰ ਵੀ ਫੈਲੇ ਹੋਏ ਹਨ ਅਤੇ ਵਿਦੇਸ਼ਾਂ ਵਿੱਚ ਵੀ ਲਿੰਕ ਰੱਖਦੇ ਹਨ, ਜਿਵੇਂ ਕੈਨੇਡਾ ਅਤੇ ਅਮਰੀਕਾ ਵਿੱਚ। ਬਿਸ਼ਨੋਈ ਗੈਂਗ ਨੂੰ ਤਾਂ ਕੈਨੇਡਾ ਨੇ ਟੈਰਰਿਸਟ ਗਰੁੱਪ ਘੋਸ਼ਿਤ ਕੀਤਾ ਹੋਇਆ ਹੈ।

ਇਹ ਗੈਂਗਸ ਐਕਸਟੋਰਸ਼ਨ, ਕਤਲ, ਅਸਲੇ ਤਸਕਰੀ ਅਤੇ ਨਸ਼ਾ ਵੇਚਣ ਵਿੱਚ ਸ਼ਾਮਲ ਹਨ। 2022 ਤੋਂ ਹੁਣ ਤੱਕ ਪੰਜਾਬ ਵਿੱਚ 324 ਫਾਇਰਿੰਗਾਂ ਵਾਪਰੀਆਂ ਹਨ, ਜਿਨ੍ਹਾਂ ਵਿੱਚ 24 ਗੈਂਗਸਟਰ ਮਾਰੇ ਗਏ ਹਨ। ਪੁਲਿਸ ਨੇ ਕਈ ਆਪ੍ਰੇਸ਼ਨ ਕੀਤੇ ਹਨ, ਪਰ ਗੈਂਗਸ ਫਿਰ ਵੀ ਵਧ ਰਹੇ ਹਨ। ਸਰਕਾਰ ਨੂੰ ਅਸਫਲ ਮੰਨਿਆ ਜਾ ਰਿਹਾ ਹੈ ਕਿਉਂਕਿ ਗੈਂਗਸ ਵਿਦੇਸ਼ਾਂ ਤੋਂ ਚੱਲ ਰਹੇ ਹਨ ਅਤੇ ਜੇਲ੍ਹਾਂ ਵਿੱਚੋਂ ਵੀ ਆਪਰੇਟ ਕਰਦੇ ਹਨ। ਉਦਾਹਰਣ ਵਜੋਂ, ਲਾਰੈਂਸ ਬਿਸ਼ਨੋਈ ਜੇਲ੍ਹ ਵਿੱਚ ਹੋ ਕੇ ਵੀ ਗੈਂਗ ਚਲਾਉਂਦਾ ਹੈ। ਸਰਕਾਰ ਨੇ ਐਂਟੀ-ਗੈਂਗਸਟਰ ਟਾਸਕ ਫੋਰਸ ਬਣਾਈ ਹੈ, ਪਰ ਵਿਰੋਧੀ ਧਿਰਾਂ ਕਹਿੰਦੀਆਂ ਹਨ ਕਿ ਪਾਲਿਟੀਕਲ ਵਿਲ ਨਹੀਂ ਹੈ। ਨੌਜਵਾਨਾਂ ਨੂੰ ਗੈਂਗਸ ਵਿੱਚ ਭਰਤੀ ਕੀਤਾ ਜਾ ਰਿਹਾ ਹੈ ਅਤੇ ਨਸ਼ੇ ਨਾਲ ਜੁੜ ਕੇ ਅਪਰਾਧ ਵਧ ਰਿਹਾ ਹੈ।

## ਗੈਂਗਸਟਰ ਅਤੇ ਨਸ਼ਾ ਤਸਕਰਾਂ ਦਾ ਗੂੜ੍ਹਾ ਸਬੰਧ

ਪੰਜਾਬ ਵਿੱਚ ਗੈਂਗਸਟਰਾਂ ਅਤੇ ਨਸ਼ਾ ਤਸਕਰਾਂ ਵਿੱਚ ਬਹੁਤ ਨੇੜੇ ਸੰਬੰਧ ਹਨ। ਗੈਂਗਸ ਨਸ਼ਾ ਤਸਕਰੀ ਨੂੰ ਆਪਣਾ ਮੁੱਖ ਕਾਰੋਬਾਰ ਬਣਾਉਂਦੇ ਹਨ ਅਤੇ ਇਸ ਨਾਲ ਪੈਸਾ ਕਮਾਉਂਦੇ ਹਨ। ਰਿਪੋਰਟਾਂ ਮੁਤਾਬਕ, ਬਿਸ਼ਨੋਈ ਅਤੇ ਬੰਬੀਹਾ ਵਰਗੇ ਗੈਂਗਸ ਪਾਕਿਸਤਾਨ ਤੋਂ ਨਸ਼ੇ ਮੰਗਵਾਉਂਦੇ ਹਨ ਅਤੇ ਪੰਜਾਬ ਵਿੱਚ ਵੇਚਦੇ ਹਨ। ਇਹ ਨਸ਼ੇ ਅਸਲੇ ਅਤੇ ਮਨੁੱਖੀ ਤਸਕਰੀ ਨਾਲ ਵੀ ਜੁੜੇ ਹੋਏ ਹਨ। ਕੈਨੇਡਾ ਅਤੇ ਅਮਰੀਕਾ ਵਿੱਚ ਵੀ ਪੰਜਾਬੀ ਗੈਂਗਸ ਨਸ਼ਾ ਵੇਚ ਕੇ ਅਪਰਾਧ ਕਰ ਰਹੇ ਹਨ।ਪੰਜਾਬ ਸਰਕਾਰ ਨੇ ਨਸ਼ਾ ਵਿਰੋਧੀ ਮੁਹਿੰਮ ਚਲਾਈ ਹੈ। 2022 ਤੋਂ 2025 ਤੱਕ ਐੱਨਡੀਪੀਐੱਸ ਐਕਟ ਤਹਿਤ 25,797 ਕੇਸਾਂ ਵਿੱਚੋਂ 21,625 ਵਿੱਚ ਸਜ਼ਾ ਹੋਈ ਹੈ, ਜੋ 83.82% ਕਨਵਿਕਸ਼ਨ ਰੇਟ ਹੈ। ਨਵਾਂ ਸ਼ਹਿਰ ਵਿੱਚ 95.86% ਅਤੇ ਫਤਹਿਗੜ੍ਹ ਸਾਹਿਬ ਵਿੱਚ 95.20% ਸਜ਼ਾ ਦਰ ਹੈ। ਪੰਜਾਬ ਪੁਲਿਸ ਨੇ ਰੋਜ਼ਾਨਾ 103 ਕੇਸ ਦਰਜ ਕੀਤੇ ਅਤੇ 152 ਤਸਕਰਾਂ ਨੂੰ ਫੜਿਆ ਹੈ। ਪਰ ਨਸ਼ਾ ਰੁਕ ਨਹੀਂ ਰਿਹਾ ਕਿਉਂਕਿ ਗੈਂਗਸ ਵੱਡੇ ਨੈੱਟਵਰਕ ਚਲਾਉਂਦੇ ਹਨ। ਸਾਬਕਾ ਅਧਿਕਾਰੀ ਜਗਦੇਵ ਸਿੰਘ ਭੰਦੋਹਲ ਨੇ ਕਿਹਾ ਕਿ ਜਾਂਚ ਵਿੱਚ ਸੁਧਾਰ ਲੋੜੀਂਦੇ ਹਨ।

ਪੰਜਾਬ ਵਿੱਚ ਗੈਂਗ ਵਾਰ ਅਤੇ ਨਸ਼ੇ ਨੇ ਨੌਜਵਾਨਾਂ ਨੂੰ ਬਰਬਾਦ ਕਰ ਦਿੱਤਾ ਹੈ। ਰਾਣਾ ਵਰਗੇ ਕੇਸ ਨੇ ਸਾਬਤ ਕੀਤਾ ਕਿ ਕਬੱਡੀ ਖੇਡ ਵੀ ਸੁਰੱਖਿਅਤ ਨਹੀਂ। ਸਰਕਾਰ ਨੂੰ ਗੈਂਗਸਟਰਾਂ ਖਿਲਾਫ ਵੱਡੇ ਆਪ੍ਰੇਸ਼ਨ ਚਲਾਉਣੇ ਚਾਹੀਦੇ ਹਨ, ਵਿਦੇਸ਼ੀ ਲਿੰਕ ਤੋੜਨੇ ਚਾਹੀਦੇ ਅਤੇ ਨੌਜਵਾਨਾਂ ਲਈ ਰੁਜ਼ਗਾਰ ਵਧਾਉਣੇ ਚਾਹੀਦੇ। ਨਹੀਂ ਤਾਂ ਇਹ ਗੈਂਗਸਟਰ ਹੋਰ ਖ਼ੂਨ ਵਹਾਉਣਗੇ।

# ਧਾਰਮਿਕ ਆਜ਼ਾਦੀ ਅਤੇ ਲੋਕਤੰਤਰਿਕ ਮੁੱਲਾਂ ’ਤੇ ਪੂਰਾ ਵਿਸ਼ਵਾਸ ਰੱਖਦੀ ਹੈ ਸਪੇਨ ਸਰਕਾਰ: ਰਾਮੋਨ ਏਸਪਾਦਾਲੇਰ

## ਗਿਆਨੀ ਰਘਬੀਰ ਸਿੰਘ ਵੱਲੋਂ ਸਪੇਨ ਦੇ ਨਿਆਂ ਮੰਤਰੀ ਰਾਮੋਨ ਏਸਪਾਦਾਲੇਰ ਨਾਲ ਮੁਲਾਕਾਤ

ਅੰਮ੍ਰਿਤਸਰ/ਏ.ਟੀ.ਨਿਊਜ਼: ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਸਪੇਨ ਦੀ ਧਰਤੀ ’ਤੇ ਸਪੇਨ ਸਰਕਾਰ ਦੇ ਨਿਆਂ, ਧਾਰਮਿਕ ਅਤੇ ਲੋਕਤੰਤਰਿਕ ਮਾਮਲਿਆਂ ਦੇ ਮੰਤਰੀ ਰਾਮੋਨ ਏਸਪਾਦਾਲੇਰ ਵੱਲੋਂ ਖਾਸ ਸੱਦੇ ’ਤੇ ਆਪਣੇ ਦਫ਼ਤਰ ਵਿੱਚ ਬੁਲਾਇਆ ਗਿਆ। ਇਸ ਮੁਲਾਕਾਤ ਦੌਰਾਨ ਦੇਸ਼-ਵਿਦੇਸ਼ ਵਿੱਚ ਵੱਸਦੇ ਸਿੱਖਾਂ ਨੂੰ ਦਰਪੇਸ਼ ਵੱਖ-ਵੱਖ ਮੁਸ਼ਕਲਾਂ ਸਬੰਧੀ ਵਿਸਤ੍ਰਿਤ ਵਿਚਾਰ-ਚਰਚਾ ਕੀਤੀ ਗਈ। ਗਿਆਨੀ ਰਘਬੀਰ ਸਿੰਘ ਨੇ ਬੈਠਕ ਦੌਰਾਨ ਸਿੱਖ ਭਾਈਚਾਰੇ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਸਪੱਸ਼ਟ ਅਤੇ ਤੱਥਪੂਰਨ ਢੰਗ ਨਾਲ ਜਾਣੂ ਕਰਵਾਇਆ। ਉਨ੍ਹਾਂ ਨੇ ਖ਼ਾਸ ਤੌਰ ’ਤੇ ਸਿੱਖਾਂ ਦੀ ਧਾਰਮਿਕ ਆਜ਼ਾਦੀ, ਦਸਤਾਰ ਅਤੇ ਕਕਾਰਾਂ ਨਾਲ ਸੰਬੰਧਿਤ ਮਸਲਿਆਂ, ਧਾਰਮਿਕ ਪਛਾਣ, ਰੋਜ਼ਗਾਰ ਅਤੇ ਸਮਾਜਿਕ ਜੀਵਨ ਵਿੱਚ ਆ ਰਹੀਆਂ ਦਿੱਕਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਮਸਲੇ ਸਿਰਫ਼ ਇੱਕ ਦੇਸ਼ ਤੱਕ ਸੀਮਤ ਨਹੀਂ,



ਸਗੋਂ ਕਈ ਦੇਸ਼ਾਂ ਵਿੱਚ ਸਿੱਖਾਂ ਨੂੰ ਅਜੇ ਵੀ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੌਰਾਨ ਸਪੇਨ ਦੇ ਨਿਆਂ ਮੰਤਰੀ ਰਾਮੋਨ ਏਸਪਾਦਾਲੇਰ ਨੇ ਗਿਆਨੀ ਰਘਬੀਰ ਸਿੰਘ ਦੀ ਗੱਲ ਨੂੰ ਧਿਆਨ ਨਾਲ ਸੁਣਦਿਆਂ ਭਰੋਸਾ ਦਿਵਾਇਆ ਕਿ ਸਪੇਨ ਵਿੱਚ ਵੱਸਦੇ ਸਿੱਖਾਂ ਦੀਆਂ ਸਮੱਸਿਆਵਾਂ ਨੂੰ ਤਰਜੀਹ ਦੇ ਆਧਾਰ ’ਤੇ ਜਲਦੀ ਹੀ ਹੱਲ ਕਰਨ ਲਈ ਢੁੱਕਵੇਂ ਕਦਮ ਚੁੱਕੇ ਜਾਣਗੇ। ਉਨ੍ਹਾਂ ਕਿਹਾ ਕਿ ਸਪੇਨ ਸਰਕਾਰ ਧਾਰਮਿਕ ਆਜ਼ਾਦੀ ਅਤੇ ਲੋਕਤੰਤਰਿਕ ਮੁੱਲਾਂ ’ਤੇ ਪੂਰਾ ਵਿਸ਼ਵਾਸ ਰੱਖਦੀ ਹੈ ਅਤੇ ਹਰ ਧਰਮ ਦੇ ਮਾਨਣ ਵਾਲਿਆਂ ਨੂੰ ਸਨਮਾਨ ਅਤੇ ਬਰਾਬਰੀ ਦੇ ਅਧਿਕਾਰ ਪ੍ਰਦਾਨ ਕਰਨ ਲਈ ਵਚਨਬੱਧ ਹੈ। ਇਸ ਮੌਕੇ ਗਿਆਨੀ ਰਘਬੀਰ ਸਿੰਘ ਨੇ ਮੰਤਰੀ ਰਾਮੋਨ ਏਸਪਾਦਾਲੇਰ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਵੀ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਸਿਰਫ਼ ਸਿੱਖਾਂ ਦਾ ਹੀ ਨਹੀਂ, ਸਗੋਂ ਸਾਰੀ ਮਨੁੱਖਤਾ ਲਈ ਸ਼ਾਂਤੀ, ਸੇਵਾ ਅਤੇ ਭਾਈਚਾਰੇ ਦਾ ਕੇਂਦਰ ਹੈ। ਮੰਤਰੀ ਏਸਪਾਦਾਲੇਰ ਨੇ ਇਸ ਸੱਦੇ ਨੂੰ ਸਵੀਕਾਰ ਕਰਦਿਆਂ ਉਚਿਤ ਸਮੇਂ ’ਤੇ ਦਰਸ਼ਨਾਂ ਲਈ ਭਾਰਤ ਆਉਣ ਦੀ ਇੱਛਾ ਵੀ ਜਤਾਈ।

# ਬੱਚਿਆਂ ਨੂੰ ਸਿੱਖ ਕੌਮ ਦੇ ਮਾਣਮੱਤੇ ਇਤਿਹਾਸ ਬਾਰੇ ਜਾਣਕਾਰੀ ਦੇਣ ਦੀ ਲੋੜ: ਧਾਮੀ

ਰੂਪਨਗਰ/ਏ.ਟੀ.ਨਿਊਜ਼: ਸ਼ਹੀਦੀ ਪੰਦਰਵਾੜੇ ਦੇ ਦੂਜੇ ਪੜਾਅ ਤਹਿਤ ਗੁਰਦੁਆਰਾ ਭੱਠਾ ਸਾਹਿਬ ਵਿੱਚ ਸ਼ਹੀਦੀ ਜੋੜ ਮੇਲ ਦੇ ਦੂਜੇ ਦਿਨ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਐੱਸ ਜੀ ਪੀ ਸੀ ਦੇ ਅੰਤ੍ਰਿਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ, ਐੱਸ ਜੀ ਪੀ ਸੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ, ਅਜਮੇਰ ਸਿੰਘ ਖੇੜਾ, ਅਮਰਜੀਤ ਸਿੰਘ ਚਾਵਲਾ ਸਮੇਤ ਵੱਡੀ ਗਿਣਤੀ ਸੰਗਤਾਂ ਨੇ ਗੁਰੂਘਰ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ।



ਪੰਥ ਪ੍ਰਸਿੱਧ ਰਾਗੀ, ਢਾਡੀ ਤੇ ਕਵੀਸ਼ਰੀ ਜਥਿਆਂ ਨੇ ਗੁਰੂ ਜਸ ਸੁਣਾਇਆ। ਐੱਸ ਜੀ ਪੀ ਸੀ ਵੱਲੋਂ ਦੀਵਾਨ ਹਾਲ ਵਿੱਚ ਸਜਾਈ ਧਾਰਮਿਕ ਸਟੇਜ ਤੋਂ ਸੰਗਤਾਂ ਦੇ ਸਨਮੁੱਖ ਹੁੰਦੇ ਹੋਏ ਸ੍ਰੀ ਧਾਮੀ ਨੇ ਕਿਹਾ ਕਿ ਭੱਠਾ ਸਾਹਿਬ ਦੀ ਧਰਤੀ ਦਾ ਇਤਿਹਾਸ ਬਹੁਤ ਵੱਡਾ ਹੈ। ਉਨ੍ਹਾਂ ਸਮੂਹ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਗੁਰੂਘਰਾਂ ਵਿੱਚ ਬੱਚਿਆਂ ਨੂੰ ਲੈ ਕੇ ਆਉਣ ਤਾਂ ਜੋ ਬੱਚਿਆਂ ਨੂੰ ਸਿੱਖ ਕੌਮ ਦੇ ਮਾਣਮੱਤੇ ਇਤਿਹਾਸ ਦਾ ਪਤਾ ਲੱਗ ਸਕੇ।

# ਸਿੱਖ ਸੇਵਕ ਸੁਸਾਇਟੀ ਕਾਰਨ ਗ਼ਰੀਬ ਸਿੱਖ ਬੱਚੀ ਹਰਪ੍ਰੀਤ ਕੌਰ ਨੂੰ ਮਿਲੀ ਅੱਖਾਂ ਦੀ ਨਵੀਂ ਜ਼ਿੰਦਗੀ

## ਡਾ. ਐਮ.ਪੀ.ਐਸ. ਭਾਟੀਆ ਨੇ ਕੀਤਾ ਇਲਾਜ, ਸਿੱਖ ਸੇਵਕ ਸੁਸਾਇਟੀ ਨੇ ਇਲਾਜ ਦਾ ਖ਼ਰਚਾ ਚੁੱਕਿਆ

ਜਲੰਧਰ/ਸ਼ਾਹਕੋਟ/ਏ.ਟੀ. ਨਿਊਜ਼: ਪੰਜਾਬ ਦੇ ਨਿੱਕੇ ਜਿਹੇ ਪਿੰਡ ਮੰਡਾਲਾ ਛੰਨਾ ਵਿੱਚ, ਜਿੱਥੇ ਹੜ੍ਹਾਂ ਨੇ ਵਾਰ-ਵਾਰ ਤਬਾਹੀ ਮਚਾਈ ਸੀ, ਉੱਥੇ ਬੀਤੇ ਦਿਨੀਂ ਇੱਕ ਮਾਸੂਮ ਗਰੀਬ ਬੱਚੀ ਨੂੰ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਕਾਰਣ ਰੌਸ਼ਨੀ ਮਿਲੀ ਹੈ। 11 ਸਾਲਾਂ ਦੀ ਹਰਪ੍ਰੀਤ ਕੌਰ, ਜਿਸ ਨੂੰ ਜਨਮ ਤੋਂ ਹੀ ਅੱਖਾਂ ਦੀ ਅਧੂਰੀ ਰੌਸ਼ਨੀ ਨੇ ਇਸ ਸੋਹਣੀ ਦੁਨੀਆਂ ਨੂੰ ਵੇਖਣ ਤੋਂ ਵਾਂਝਾ ਰੱਖਿਆ ਸੀ, ਨੂੰ ਆਪ੍ਰੇਸ਼ਨ ਰਾਹੀਂ ਨਵੀਂ ਜ਼ਿੰਦਗੀ ਮਿਲ ਗਈ ਹੈ। ਇਹ ਸਫਲ ਆਪ੍ਰੇਸ਼ਨ ਸਿੱਖ ਸੇਵਕ ਸੋਸਾਇਟੀ ਇੰਟਰਨੈਸ਼ਨਲ ਦੇ ਮੁੱਖ ਜਥੇਦਾਰ ਸ. ਪਰਮਿੰਦਰ ਪਾਲ ਸਿੰਘ ਖਾਲਸਾ ਦੀ ਹਦਾਇਤ ਉੱਪਰ ਪੰਜਾਬ ਦੇ ਨਾਮਵਰ ਅੱਖਾਂ ਦੇ ਸਪੈਸ਼ਲਿਸਟ ਡਾ. ਐਮ.ਪੀ.ਐਸ. ਭਾਟੀਆ ਕੋਲੋਂ ਕਰਵਾਇਆ ਗਿਆ ਸੀ। ਡਾ. ਭਾਟੀਆ, ਜੋ ਭਾਟੀਆ ਆਈ



ਹਸਪਤਾਲ ਅਤੇ ਲੈਸਿਕ ਲੇਜ਼ਰ ਸੈਂਟਰ ਦੇ ਲੀਡਿੰਗ ਸਰਜਨ ਹਨ, ਨੇ ਨਾ ਸਿਰਫ਼ ਬੱਚੀ ਹਰਪ੍ਰੀਤ ਕੌਰ, ਪੁੱਤਰੀ ਸ. ਚੰਨਾ ਸਿੰਘ ਨੂੰ ਨਵੀਂ ਰੌਸ਼ਨੀ ਦਿੱਤੀ, ਸਗੋਂ ਆਪਣੇ 24 ਸਾਲਾਂ ਦੇ ਤਜਰਬੇ ਨਾਲ ਹਜ਼ਾਰਾਂ ਲੋਕਾਂ ਨੂੰ ਅੱਖਾਂ ਦੀਆਂ ਬਿਮਾਰੀਆਂ ਤੋਂ ਰਾਹਤ ਪਹੁੰਚਾਈ ਹੈ।

ਇਥੇ ਜ਼ਿਕਰਯੋਗ ਹੈ ਕਿ ਪਿੰਡ ਮੰਡਾਲਾ ਛੰਨਾ, ਤਹਿਸੀਲ ਸ਼ਾਹਕੋਟ ਅਧੀਨ ਆਉਣ ਵਾਲਾ ਇਹ ਪਿੰਡ, ਪੰਜਾਬ ਦੇ ਉਨ੍ਹਾਂ ਖੇਤਰਾਂ ਵਿੱਚੋਂ ਇੱਕ ਹੈ ਜਿੱਥੇ ਕੁਦਰਤੀ ਆਫ਼ਤਾਂ ਨੇ ਲੋਕਾਂ ਦੀ ਜ਼ਿੰਦਗੀ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਪਿਛਲੇ ਛੇ ਸਾਲਾਂ ਵਿੱਚ ਹੜ੍ਹਾਂ ਨੇ ਇੱਥੇ ਨਾ ਸਿਰਫ਼ ਫਸਲਾਂ ਤਬਾਹ ਕੀਤੀਆਂ ਹਨ, ਸਗੋਂ ਗਰੀਬ ਪਰਿਵਾਰਾਂ ਨੂੰ ਭੁੱਖਮਰੀ ਅਤੇ ਬਿਮਾਰੀਆਂ ਦੇ ਮੂੰਹ ਵਿੱਚ ਧੱਕ ਦਿੱਤਾ ਸੀ। ਅਜਿਹੇ ਮੁਸ਼ਕਲ ਵੇਲੇ ਵਿੱਚ ਸਿੱਖ ਸੇਵਕ ਸੋਸਾਇਟੀ ਇੰਟਰਨੈਸ਼ਨਲ ਨੇ ਇੱਥੇ ਆਪਣਾ ਡੇਰਾ ਜਮਾਇਆ ਹੈ ਤੇ ਗੁਰਦੁਆਰੇ ਨੂੰ ਨਵੀਨ ਬਣਾ ਕੇ ਸਿੱਖੀ ਪ੍ਰਚਾਰ ਤੇ ਸੇਵਾ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਸੋਸਾਇਟੀ ਨੇ ਹੜ੍ਹ ਪੀੜਤਾਂ ਦੀ ਬਾਂਹ ਫੜੀ ਹੈ।

ਜਥੇਦਾਰ ਪਰਮਿੰਦਰ ਪਾਲ ਸਿੰਘ ਦਾ ਕਹਿਣਾ ਹੈ ਕਿ ਜਨਮ ਤੋਂ ਹੀ ਉਸ ਨੂੰ ਅੱਖਾਂ ਦੀ ਬਿਮਾਰੀ ਨੇ ਘੇਰ ਲਿਆ ਸੀ। ਉਸ ਦੀ ਖੱਬੀ ਅੱਖ ਵਿੱਚ ਕੋਈ ਵਿਕਾਸ ਨਹੀਂ ਹੋਇਆ ਸੀ, ਜਿਸ ਕਾਰਨ ਉੱਥੇ ਰੌਸ਼ਨੀ ਦੀ ਕੋਈ ਕਿਰਨ ਵੀ ਨਹੀਂ ਪਹੁੰਚ ਸਕਦੀ ਸੀ। ਜਦਕਿ ਸੱਜੀ ਅੱਖ ਵਿੱਚ ਚਿੱਟਾ ਮੋਤੀਆ (ਕੈਟਾਰੈਕਟ) **(ਬਾਕੀ ਸਫ਼ਾ 26 ’ਤੇ)**



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਵਿਕਸਤ ਦੇਸ਼ਾਂ ਵਿੱਚ ਨਸਲਵਾਦ

ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਯੂ.ਕੇ. ਅਤੇ ਹੋਰ ਵਿਕਸਤ ਦੇਸ਼ਾਂ ਵਿੱਚ ਨਸਲਵਾਦ ਇੱਕ ਗੰਭੀਰ ਸਮੱਸਿਆ ਬਣਦਾ ਜਾ ਰਿਹਾ ਹੈ। ਇਹਨਾਂ ਦੇਸ਼ਾਂ ਵਿੱਚ ਰਹਿ ਰਹੇ ਪਰਵਾਸੀਆਂ ਖਾਸ ਕਰਕੇ ਪੰਜਾਬੀਆਂ ਸਮੇਤ ਭਾਰਤੀਆਂ ਨੂੰ ਹੁਣ ਮੂਲ ਵਸਨੀਕਾਂ ਵੱਲੋਂ ਕੀਤੇ ਜਾ ਰਹੇ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤਾਜ਼ਾ ਉਦਾਹਰਨ ਨਿਊਜ਼ੀਲੈਂਡ ਦੀ ਦਿੱਤੀ ਜਾ ਸਕਦੀ ਹੈ, ਜਿਥੇ ਕਿ ਸਿੱਖਾਂ ਦੇ ਨਗਰ ਕੀਰਤਨ ਨੂੰ ਉਥੋਂ ਦੇ ਮੂਲ ਵਸਨੀਕਾਂ ਵੱਲੋਂ ਰੋਕਿਆ ਗਿਆ। ਇਸ ਘਟਨਾ ਨੂੰ ਵੀ ਨਸਲਵਾਦ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ। ਵੱਖ- ਵੱਖ ਦੇਸ਼ਾਂ ਵਿੱਚ ਹੁਣ ਪਰਵਾਸੀ ਲੋਕਾਂ ਨੂੰ ਨੌਕਰੀਆਂ ਦੇਣ ਲੱਗੇ ਨਸਲੀ ਵਿਤਕਰਾ ਕੀਤੇ ਜਾਣ ਦੀਆਂ ਖ਼ਬਰਾਂ ਆ ਰਹੀਆਂ ਹਨ। ਇਹ ਸਭ ਕੁਝ ਦੁਨੀਆ ਦੇ ਪਿੱਛੜੇ ਦੇਸ਼ਾਂ ਵਿੱਚ ਨਹੀਂ ਹੋ ਰਿਹਾ ਸਗੋਂ ਆਪਣੇ ਆਪ ਨੂੰ ਵਿਸ਼ਵ ਦੇ ਅਗਾਂਹ ਵਧੂ ਅਤੇ ਵਿਕਸਤ ਦੇਸ਼ ਕਹਾਉਣ ਵਾਲੇ ਦੇਸ਼ਾਂ ਵਿੱਚ ਹੋ ਰਿਹਾ ਹੈ। ਅਮਰੀਕਾ ਤਾਂ ਆਪਣੇ ਆਪ ਨੂੰ 'ਦੁਨੀਆ ਦਾ ਸਭ ਤੋਂ ਵੱਡਾ ਮਨੁੱਖੀ ਅਧਿਕਾਰਾਂ ਦਾ ਰਖਵਾਲਾ' ਕਹਾਉਂਦਾ ਹੈ, ਪਰ ਉਥੇ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਪਰਵਾਸੀ ਲੋਕਾਂ ਨਾਲ ਨਸਲੀ ਵਿਤਕਰੇ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ ਭਾਵੇਂ ਕਿ ਅਮਰੀਕਾ ਵਿੱਚ ਅਜਿਹੀਆਂ ਘਟਨਾਵਾਂ ਪਿਛਲੇ ਕਈ ਸਾਲਾਂ ਤੋਂ ਜਾਰੀ ਹਨ। ਅਜਿਹੀਆਂ ਘਟਨਾਵਾਂ ਹੋਰਨਾਂ ਦੇਸ਼ਾਂ ਵਿੱਚ ਵੀ ਵਾਪਰ ਰਹੀਆਂ ਹਨ। ਸਿੱਖਾਂ ਨੂੰ ਉਹਨਾਂ ਦੀ ਦਾੜ੍ਹੀ ਅਤੇ ਦਸਤਾਰ ਕਾਰਨ ਆਸਾਨੀ ਨਾਲ ਪਹਿਚਾਣ ਆ ਜਾਣ ਕਾਰਨ ਵਧੇਰੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਇਸ ਸਮੇਂ ਲੱਖਾਂ ਭਾਰਤੀ ਵਿਦੇਸ਼ਾਂ ਵਿੱਚ ਰਹਿ ਰਹੇ ਹਨ। ਅਮਰੀਕਾ ਵਿੱਚ ਲਗਭਗ 52 ਲੱਖ ਭਾਰਤੀ ਮੂਲ ਦੇ ਲੋਕ ਹਨ, ਜੋ ਏਸ਼ੀਅਨ-ਅਮਰੀਕਨਾਂ ਵਿੱਚ ਦੂਜਾ ਸਭ ਤੋਂ ਵੱਡਾ ਗਰੁੱਪ ਹੈ। ਯੂ.ਕੇ. ਵਿੱਚ 19 ਤੋਂ 20 ਲੱਖ, ਕੈਨੇਡਾ ਵਿੱਚ 18 ਤੋਂ 20 ਲੱਖ ਅਤੇ ਆਸਟ੍ਰੇਲੀਆ ਵਿੱਚ ਲਗਭਗ 10 ਲੱਖ ਭਾਰਤੀ ਰਹਿੰਦੇ ਹਨ। ਇਹ ਲੋਕ ਉੱਚ ਸਿੱਖਿਆ, ਨੌਕਰੀਆਂ ਅਤੇ ਵਪਾਰ ਕਰਕੇ ਵਿਦੇਸ਼ ਗਏ ਹਨ। ਆਈ.ਟੀ. ਕ੍ਰਾਂਤੀ ਨੇ ਭਾਰਤੀਆਂ ਨੂੰ ਅਮਰੀਕਾ ਦੀ ਸਿਲੀਕਾਨ ਵੈਲੀ ਵਿੱਚ ਵੱਡੀ ਪਛਾਣ ਦਿੱਤੀ ਹੈ, ਪਰ ਹੁਣ ਇਹੀ ਸਫਲਤਾ ਉਨ੍ਹਾਂ ਲਈ ਮੁਸੀਬਤ ਬਣ ਰਹੀ ਹੈ। ਅਮਰੀਕਾ ਅਤੇ ਹੋਰ ਦੇਸ਼ਾਂ ਦੇ ਲੋਕ ਭਾਰਤੀਆਂ ਦੀ ਸਫਲਤਾ ਤੋਂ ਜਲਦੇ ਹਨ ਅਤੇ ਭਾਰਤੀਆਂ ਨੂੰ ਹਰ ਤਰੀਕੇ ਨਾਲ ਪ੍ਰੇਸ਼ਾਨ ਕਰਨਾ ਚਾਹੁੰਦੇ ਹਨ। ਉਹਨਾਂ ਤੋਂ ਭਾਰਤੀਆਂ ਦੀ ਤਰੱਕੀ ਸਹਿਣ ਨਹੀਂ ਹੋ ਰਹੀ। ਬਰਤਾਨੀਆ ਵਿੱਚ ਪਿਛਲੇ ਦਿਨਾਂ ਦੌਰਾਨ ਦੋ ਸਿੱਖ ਲੜਕੀਆਂ ਨਾਲ ਬਲਾਤਕਾਰ ਅਤੇ ਨਸਲੀ ਹਿੰਸਾ ਇਸ ਕਾਰਨ ਕੀਤੀ ਗਈ ਕਿਉਂਕਿ ਉਹ ਭਾਰਤ ਨਾਲ ਸਬੰਧ ਰਖਦੀਆਂ ਸਨ। ਇਹਨਾਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਨੂੰ ਸਿੱਖ ਮਹਿਲਾਵਾਂ ਨੂੰ 'ਬਰਤਾਨੀਆ ਛੱਡ ਕੇ ਆਪਣੇ ਦੇਸ਼ ਵਾਪਸ ਜਾਓ' ਦੀ ਧਮਕੀ ਵੀ ਦਿੱਤੀ ਗਈ। ਸਿੱਖ ਹੁਣ ਅਮਰੀਕਾ 'ਚ ਵੀ ਸੁਰੱਖਿਅਤ ਨਹੀਂ। ਸਾਲ 2022 ਤੋਂ 2025 ਦੌਰਾਨ ਅਮਰੀਕਾ ਵਿੱਚ ਸਿੱਖਾਂ ਸਬੰਧੀ ਨਫ਼ਰਤੀ ਅਪਰਾਧਾਂ ਦੇ ਅੰਕੜੇ ਵਧੇ ਹਨ। ਐਫ਼.ਬੀ.ਆਈ. ਦੀ ਰਿਪੋਰਟ ਮੁਤਾਬਕ, 2024 ਵਿੱਚ ਅਮਰੀਕਾ ਵਿੱਚ ਸਿੱਖਾਂ ਉੱਤੇ 153 ਨਫ਼ਰਤੀ ਅਪਰਾਧ ਵਾਪਰੇ। 2023 ਵਿੱਚ ਇਹ ਗਿਣਤੀ 150 ਸੀ ਅਤੇ 2022 ਵਿੱਚ 198 ਸੀ।

ਇਸੇ ਸਾਲ ਦੇ ਅਪ੍ਰੈਲ ਮਹੀਨੇ ਦੌਰਾਨ ਭਾਰਤੀ ਵਿਦੇਸ਼ ਮੰਤਰਾਲੇ ਨੇ ਲੋਕ ਸਭਾ ਵਿੱਚ ਜਾਣਕਾਰੀ ਦਿੱਤੀ ਸੀ ਕਿ ਪਿਛਲੇ ਪੰਜ ਸਾਲਾਂ ਵਿੱਚ ਵਿਦੇਸ਼ਾਂ ਵਿੱਚ ਭਾਰਤੀ ਵਿਦਿਆਰਥੀਆਂ ਉੱਤੇ 91 ਹਿੰਸਕ ਹਮਲੇ ਵਾਪਰੇ, ਜਿਨ੍ਹਾਂ ਵਿੱਚ 30 ਵਿਦਿਆਰਥੀਆਂ ਦੀ ਮੌਤ ਹੋਈ। ਇਹ ਅੰਕੜੇ 12 ਦੇਸ਼ਾਂ ਨਾਲ ਜੁੜੇ ਹਨ, ਜਿਨ੍ਹਾਂ ਵਿੱਚ ਕੈਨੇਡਾ ਅਤੇ ਅਮਰੀਕਾ ਵਿੱਚ ਸਭ ਤੋਂ ਵੱਧ ਮੌਤਾਂ ਹਨ। 2024 ਵਿੱਚ 40 ਨਸਲੀ ਹਮਲੇ ਵਾਪਰੇ, ਜੋ ਪਿਛਲੇ ਸਾਲਾਂ ਨਾਲੋਂ ਵੱਧ ਹਨ। ਕੈਨੇਡਾ ਵਿੱਚ 16 ਮੌਤਾਂ ਹੋਈਆਂ। ਵਿਦੇਸ਼ਾਂ ਵਿੱਚ ਭਾਰਤੀਆਂ ਉੱਤੇ ਹਮਲੇ 2021 ਵਿੱਚ 29 ਸਨ, ਜੋ 2022 ਵਿੱਚ 57 ਅਤੇ 2023 ਵਿੱਚ 86 ਹੋ ਗਏ। ਕੈਨੇਡਾ ਵਿੱਚ ਨਫ਼ਰਤੀ ਮੌਤਾਂ ਸਭ ਤੋਂ ਵੱਧ ਹਨ। ਆਨਲਾਈਨ ਨਫ਼ਰਤ ਵੀ ਵਧੀ ਹੈ। ਸੈਂਟਰ ਫਾਰ ਦਾ ਸਟੱਡੀ ਆਫ ਆਰਗਨਾਈਜ਼ਡ ਹੇਟ ਦੀ ਰਿਪੋਰਟ ਮੁਤਾਬਕ, ਜੁਲਾਈ ਤੋਂ ਸਤੰਬਰ 2025 ਵਿੱਚ ਐਕਸ ਉੱਤੇ 680 ਐਂਟੀ-ਇੰਡੀਅਨ ਨਸਲੀ ਪੋਸਟਾਂ ਨੇ 281 ਮਿਲੀਅਨ ਵਿਊਜ਼ ਪ੍ਰਾਪਤ ਕੀਤੇ। ਅਮਰੀਕਾ ਵਿੱਚ 2024 ਚੋਣਾਂ ਤੋਂ ਬਾਅਦ ਨਸਲੀ ਗਾਲ੍ਹਾਂ ਵਿੱਚ 66% ਵਾਧਾ ਹੋਇਆ। ਇਹ ਅੰਕੜੇ ਸਪਸ਼ਟ ਕਰਦੇ ਹਨ ਕਿ ਹੁਣ ਵਿਦੇਸ਼ਾਂ ਵਿੱਚ ਉਥੋਂ ਦੇ ਵੱਡੀ ਗਿਣਤੀ ਮੂਲ ਵਸਨੀਕਾਂ ਵੱਲੋਂ ਭਾਰਤੀਆਂ ਨੂੰ ਚੰਗਾ ਨਹੀਂ ਸਮਝਿਆ ਜਾ ਰਿਹਾ। ਭਾਵੇਂ ਕਿ ਵਿਦੇਸ਼ਾਂ ਦੇ ਅਨੇਕਾਂ ਵਸਨੀਕ ਭਾਰਤੀਆਂ ਦੇ ਪੱਖ ਵਿੱਚ ਵੀ ਬੋਲਦੇ ਹਨ ਪਰ ਉਹਨਾਂ ਦੀ ਗਿਣਤੀ ਘੱਟ ਹੈ।

ਪੰਜਾਬੀਆਂ ਸਮੇਤ ਭਾਰਤੀ ਲੋਕ ਵਿਦੇਸ਼ਾਂ ਵਿੱਚ ਜਾ ਕੇ ਸਖ਼ਤ ਮਿਹਨਤ ਕਰਦੇ ਹਨ ਅਤੇ ਵਿਦੇਸ਼ਾਂ ਦੀ ਤਰੱਕੀ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਭਾਰਤੀਆਂ ਦੀ ਇਸ ਸਖ਼ਤ ਮਿਹਨਤ ਨੂੰ ਉਥੋਂ ਦੀ ਸਰਕਾਰਾਂ ਅਤੇ ਮੋਹਤਬਰ ਆਗੂ ਵੀ ਮੰਨਦੇ ਹਨ। ਬੀਤੇ ਦਿਨੀਂ ਟੈਸਲਾ ਦੇ ਸੀ.ਈ.ਓ. ਐਲਨ ਮਸਕ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ ਨੂੰ ਹੁਨਰਮੰਦ ਭਾਰਤੀਆਂ ਤੋਂ ਬਹੁਤ ਲਾਭ ਹੋਇਆ ਹੈ। ਇਸ ਤੋਂ ਇਲਾਵਾ ਹੋਰਨਾਂ ਵਿਕਸਤ ਦੇਸ਼ਾਂ ਦੀਆਂ ਸਰਕਾਰਾਂ ਵੀ ਸਮੇਂ ਸਮੇਂ 'ਤੇ ਉਹਨਾਂ ਦੇਸ਼ਾਂ ਦੇ ਵਿਕਾਸ ਵਿੱਚ ਭਾਰਤੀਆਂ ਵੱਲੋਂ ਪਾਏ ਗਏ ਯੋਗਦਾਨ ਦੀ ਸ਼ਲਾਘਾ ਕਰਦੀਆਂ ਹਨ, ਇਸ ਦੇ ਬਾਵਜੂਦ ਇਹਨਾਂ ਦੇਸ਼ਾਂ 'ਚ ਭਾਰਤੀਆਂ ਖਾਸ ਕਰਕੇ ਸਿੱਖਾਂ ਨੂੰ ਨਸਲੀ ਵਿਤਕਰੇ ਅਤੇ ਨਸਲੀ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ।

ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਯੂ.ਕੇ. ਅਤੇ ਹੋਰ ਵਿਕਸਤ ਦੇਸ਼ਾਂ ਵਿੱਚ ਨਸਲਵਾਦ ਜਿਸ ਤਰੀਕੇ ਨਾਲ ਗੰਭੀਰ ਸਮੱਸਿਆ ਬਣ ਰਿਹਾ ਹੈ, ਉਹ ਚਿੰਤਾ ਦਾ ਵਿਸ਼ਾ ਹੈ। ਇਹਨਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਦੇਸ਼ਾਂ ਅੰਦਰ ਭਾਰਤੀਆਂ ਖਾਸ ਕਰਕੇ ਸਿੱਖਾਂ ਦੀ ਸੁਰੱਖਿਆ ਲਈ ਯੋਗ ਉਪਰਾਲੇ ਕਰਨ ਅਤੇ ਸਿੱਖਾਂ ਸਮੇਤ ਸਾਰੇ ਪਰਵਾਸੀ ਭਾਰਤੀਆਂ ਨੂੰ ਨਸਲਵਾਦੀ ਹਮਲਿਆਂ ਤੋਂ ਬਚਾਇਆ ਜਾਵੇ।

# ਸੰਕਟਾਂ ਤੋਂ ਉੱਪਰ ਉੱਠ ਕੇ ਮਹਾਂਸ਼ਕਤੀਆਂ ਨਾਲ ਸਬੰਧ ਬਣਾ ਰਿਹੈ ਭਾਰਤ

ਡਾ. ਪੂਰਨ ਚੰਦ



ਆਫ਼ਤ ਨੂੰ ਮੌਕੇ ਵਿੱਚ ਬਦਲਣਾ ਹੀ ਜੀਵਨ ਦੀ ਚੁਣੌਤੀ ਹੈ। ਪਰਿਵਾਰ, ਸਮਾਜ ਤੇ ਦੇਸ਼ ਦੇ ਸਾਹਮਣੇ ਸੰਕਟ ਵਰਗੀ ਸਥਿਤੀ ਪੈਦਾ ਹੋ ਜਾਣੀ ਇੱਕ ਆਮ ਗੱਲ ਹੈ। ਜੋ ਇਹ ਸੋਚਦਾ ਹੈ ਕਿ ਵੱਡੀਆਂ-ਵੱਡੀਆਂ ਮੁਸੀਬਤਾਂ ਤਾਂ ਆਉਣਗੀਆਂ ਹੀ, ਉਹ ਵਿਅਕਤੀ ਹੀ ਉਨ੍ਹਾਂ 'ਤੇ ਕਾਬੂ ਪਾ ਸਕਦਾ ਹੈ। ਜੋ ਇਨ੍ਹਾਂ ਮੁਸੀਬਤਾਂ ਦੇ ਸਾਹਮਣੇ ਹੋਣ 'ਤੇ ਇਹ ਮੰਨਣ ਲੱਗ ਪੈਂਦਾ ਹੈ ਕਿ ਹੁਣ ਕੁਝ ਨਹੀਂ ਹੋ ਸਕਦਾ ਤੇ ਉਹ ਕੋਸ਼ਿਸ਼ ਕਰਨੀ ਛੱਡ ਦੇਵੇ ਤਾਂ ਉਸ ਦਾ ਹਾਰਨਾ ਤੈਅ ਹੋ ਜਾਂਦਾ ਹੈ।

### ਭਾਰਤ ਇੱਕ ਨਵਾਂ ਅਧਿਆਇ

2025 ਦਾ ਆਖਰੀ ਪੜਾਅ ਇੱਕ ਮਹੱਤਵਪੂਰਨ ਮੋੜ 'ਤੇ ਸਮਾਪਤ ਹੋ ਰਿਹਾ ਹੈ। ਜਿੱਥੇ ਇੱਕ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਦੀ ਸ਼ਕਤੀ ਪਰਖਣ ਲਈ ਸਾਲ ਦੀ ਸ਼ੁਰੂਆਤ 'ਚ 50% ਟੈਰਿਫ ਲਾ ਕੇ ਆਰਥਿਕ ਮੋਰਚੇ 'ਤੇ ਸਾਡੀ ਸਮਰੱਥਾ ਦੇ ਮੁਲਾਂਕਣ ਦੀ ਕੋਸ਼ਿਸ਼ ਕੀਤੀ, ਸੋਚਿਆ ਹੋਵੇਗਾ ਕਿ ਭਾਰਤ ਡਗਮਗਾ ਜਾਵੇਗਾ, ਉੱਥੇ ਹੀ ਦੂਜੇ ਪਾਸੇ ਏਨੇ ਲੰਬੇ ਸਮੇਂ ਤੱਕ ਸਾਡੀ ਸਹਿਣਸ਼ੀਲਤਾ ਤੇ ਬਰਦਾਸ਼ਤ ਕਰਨ ਦੀ ਤਾਕਤ ਦਾ ਜਾਇਜ਼ਾ ਲੈਣ ਮਗਰੋਂ ਦਸੰਬਰ 'ਚ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੱਲੋਂ ਭਾਰਤ ਆ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹੱਥ ਮਿਲਾਉਣਾ ਭਵਿੱਖ ਵਿੱਚ ਕੁਝ ਵੀ ਉਲਟਫੇਰ ਹੋਣ ਦਾ ਸੰਕੇਤ ਹੈ। ਇਹ ਨਾ ਸਿਰਫ਼ ਇਤਿਹਾਸਕ ਸਾਂਝੇਦਾਰੀ ਦਾ ਪ੍ਰਤੀਕ ਹੈ, ਸਗੋਂ ਅਮਰੀਕਾ ਦੀ ਦਬਾਅ ਵਾਲੀ ਨੀਤੀ ਨੂੰ ਭਾਰਤ ਦੁਆਰਾ ਅਸਫ਼ਲ ਸਿੱਧ ਕਰਨਾ ਵੀ ਹੈ। ਇਹ ਸਾਡੀ ਰਣਨੀਤਕ ਜਿੱਤ ਹੈ, ਕਿਉਂਕਿ ਕੋਈ ਨਾ ਤਾਂ ਇਸ ਤਰ੍ਹਾਂ ਗਲੇ ਮਿਲਦਾ ਹੈ ਤੇ ਨਾ ਹੀ ਕਿਸੇ ਪ੍ਰਤੀ ਬੇਰੁਖ਼ੀ ਦਿਖਾਉਂਦਾ ਹੈ। ਅਮਰੀਕਾ ਤੇ ਰੂਸ ਦੋਵੇਂ ਵਿਸ਼ਵ ਸ਼ਕਤੀਆਂ ਹੋਣ ਦਾ ਦਾਅਵਾ ਕਰਦੇ ਰਹਿੰਦੇ ਹਨ। ਇਸ ਸਿਲਸਿਲੇ 'ਚ ਉਹ ਉਨ੍ਹਾਂ ਦੇਸ਼ਾਂ ਨਾਲ ਸੰਪਰਕ ਕਰਨ ਲਗਦੇ ਹਨ, ਜਿਹੜੇ ਭਵਿੱਖ 'ਚ ਉਨ੍ਹਾਂ ਨੂੰ ਪਛਾੜ ਸਕਦੇ ਹਨ। ਚੀਨ ਇੱਕ ਉਦਾਹਰਨ ਹੈ, ਜੋ ਆਪਣੇ ਸਰੋਤਾਂ ਦੀ ਬਦੌਲਤ ਵਿਸ਼ਵ 'ਚ ਇਨ੍ਹਾਂ ਦੇਸ਼ਾਂ ਨੂੰ ਪਛਾੜਨ ਦੇ ਮੌਕੇ ਲੱਭਦਾ ਰਹਿੰਦਾ ਹੈ। ਇਹ ਕੋਈ ਆਮ ਗੱਲ ਨਹੀਂ ਹੈ ਕਿ ਅਮਰੀਕਾ ਨੇ ਅੜੀਅਲ ਰੁਖ਼ ਅਪਣਾਉਣ 'ਚ ਕੋਈ ਕਸਰ ਨਹੀਂ ਛੱਡੀ ਤੇ ਭਾਰਤ ਨੇ ਨਿਮਰਤਾ ਨਾਲ ਉਸ ਨੂੰ ਸੰਦੇਸ਼ ਦੇਣ 'ਚ ਕੋਈ ਕੁਤਾਹੀ ਨਹੀਂ ਕੀਤੀ, ਕਿ ਭਾਰਤ ਵੀ ਇੱਕ ਵੱਡਾ ਖਿਡਾਰੀ ਬਣਨ ਵੱਲ ਵਧ ਰਿਹਾ ਹੈ। ਇਸ ਲਈ ਟਰੰਪ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਉਸ ਨੇ 'ਪਹਿਲਾਂ ਭਾਰਤ' ਦਾ ਨਾਅਰਾ ਦੇਸ਼ ਵਾਸੀਆਂ ਦੇ ਦਿਲ ਤੇ ਦਿਮਾਗ 'ਚ ਬਿਠਾ ਦਿੱਤਾ। ਸਾਡੇ ਜਿਹੜੇ ਖੇਤਰ ਪ੍ਰਭਾਵਿਤ ਹੋ ਰਹੇ ਸੀ, ਉਨ੍ਹਾਂ 'ਚ ਕੱਪੜਾ ਉਦਯੋਗ, ਗਹਿਣੇ ਉਦਯੋਗ, ਦਵਾਈ ਉਦਯੋਗ ਤੇ ਖੇਤੀ 'ਚ ਨਿਰਯਾਤ 'ਤੇ 30-35% ਦੀ ਕਮੀ ਦਾ ਅਨੁਮਾਨ ਲਾਇਆ ਜਾ ਰਿਹਾ ਸੀ, ਜੋ ਇਕ ਬਹੁਤ ਵੱਡੀ ਗਿਰਾਵਟ ਜਾਂ ਆਫ਼ਤ ਦਾ ਸੰਕੇਤ ਸੀ। ਇਸ ਸਮੇਂ ਨੂੰ ਮੌਕੇ 'ਚ ਬਦਲਣ ਲਈ ਸਰਕਾਰ ਨੇ ਵਪਾਰੀਆਂ, ਉਦਯੋਗਪਤੀਆਂ ਤੇ ਨੌਜਵਾਨ ਉੱਦਮੀਆਂ ਨੂੰ ਉਤਸ਼ਾਹਿਤ ਕਰਕੇ ਉਨ੍ਹਾਂ ਨੂੰ ਆਤਮਨਿਰਭਰ ਬਣਨ ਦਾ ਸੰਕਲਪ ਦਿੱਤਾ, ਜਿਸ ਦਾ ਨਤੀਜਾ ਇੱਕ ਨਵੀਂ ਊਰਜਾ ਤੇ ਵਿਸ਼ਵਾਸ ਦੇ ਰੂਪ 'ਚ ਸਾਹਮਣੇ ਆਇਆ। ਅਸੀਂ ਅਜਿਹੀਆਂ ਸਥਿਤੀਆਂ ਨੂੰ ਮੌਕਿਆਂ 'ਚ ਬਦਲਣ ਦੇ ਸਮਰੱਥ ਹਾਂ, ਇਹੀ ਗੱਲ ਸਮਝਣ 'ਚ ਟਰੰਪ ਨੇ ਭੁੱਲ ਕੀਤੀ। ਭਾਰਤ ਦੇ ਵਣਜ ਮੰਤਰੀ ਸ੍ਰੀ ਪੀਊਸ਼ ਗੋਇਲ ਦਾ ਇਹ ਕਹਿਣਾ ਹੀ ਕਾਫ਼ੀ ਸੀ ਕਿ ਅਸੀਂ ਝੁਕਾਂਗੇ ਨਹੀਂ, ਸਗੋਂ ਨਵੇਂ ਬਾਜ਼ਾਰਾਂ ਵੱਲ ਵਧਾਂਗੇ। ਇਸ ਪ੍ਰਕਿਰਿਆ 'ਚ ਯੂਰਪ, ਜਾਪਾਨ, ਅਫਰੀਕਾ ਤੇ ਵੀਅਤਨਾਮ ਵਰਗੇ ਦੇਸ਼ਾਂ ਨਾਲ ਵਪਾਰਕ ਸਮਝੌਤੇ ਕੀਤੇ ਗਏ। ਇਸ ਤਰ੍ਹਾਂ ਅਮਰੀਕਾ ਦੀ ਪ੍ਰਵਾਹ ਨਾ ਕਰਦੇ ਹੋਏ ਭਾਰਤ-ਰੂਸ ਵਪਾਰ ਲਗਭਗ 70 ਅਰਬ ਡਾਲਰ ਤੱਕ ਪਹੁੰਚ ਗਿਆ, ਜਿਸ ਨੂੰ ਆਉਣ ਵਾਲੇ ਸਾਲਾਂ 'ਚ ਦੁੱਗਣਾ-ਤਿੱਗਣਾ ਕੀਤੇ, ਬਿਨਾਂ ਅਮਰੀਕਾ ਨਾਲ ਮੁਕਾਬਲਾ ਕਰਨ ਸੰਭਵ ਨਹੀਂ ਹੈ।

> 2025 ਦਾ ਆਖਰੀ ਪੜਾਅ ਇੱਕ ਮਹੱਤਵਪੂਰਨ ਮੋੜ 'ਤੇ ਸਮਾਪਤ ਹੋ ਰਿਹਾ ਹੈ। ਜਿੱਥੇ ਇੱਕ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਦੀ ਸ਼ਕਤੀ ਪਰਖਣ ਲਈ ਸਾਲ ਦੀ ਸ਼ੁਰੂਆਤ 'ਚ 50% ਟੈਰਿਫ ਲਾ ਕੇ ਆਰਥਿਕ ਮੋਰਚੇ 'ਤੇ ਸਾਡੀ ਸਮਰੱਥਾ ਦੇ ਮੁਲਾਂਕਣ ਦੀ ਕੋਸ਼ਿਸ਼ ਕੀਤੀ, ਸੋਚਿਆ ਹੋਵੇਗਾ ਕਿ ਭਾਰਤ ਡਗਮਗਾ ਜਾਵੇਗਾ, ਉੱਥੇ ਹੀ ਦੂਜੇ ਪਾਸੇ ਏਨੇ ਲੰਬੇ ਸਮੇਂ ਤੱਕ ਸਾਡੀ ਸਹਿਣਸ਼ੀਲਤਾ ਤੇ ਬਰਦਾਸ਼ਤ ਕਰਨ ਦੀ ਤਾਕਤ ਦਾ ਜਾਇਜ਼ਾ ਲੈਣ ਮਗਰੋਂ ਦਸੰਬਰ 'ਚ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੱਲੋਂ ਭਾਰਤ ਆ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹੱਥ ਮਿਲਾਉਣਾ ਭਵਿੱਖ ਵਿੱਚ ਕੁਝ ਵੀ ਉਲਟਫੇਰ ਹੋਣ ਦਾ ਸੰਕੇਤ ਹੈ।

### ਖੋਜ ਕਾਰਜ ਤੇ ਵਿਕਾਸ

ਸਰਕਾਰ ਨੂੰ ਸਭ ਤੋਂ ਪਹਿਲਾਂ ਇਹ ਕਰਨਾ ਹੋਵੇਗਾ ਕਿ ਆਰ ਐਂਡ ਡੀ ਮਤਲਬ ਖੋਜ ਤੇ ਤਕਨਾਲੋਜੀ ਵਿਕਾਸ 'ਤੇ ਜੀ.ਡੀ.ਪੀ. ਦਾ ਖ਼ਰਚ 5% ਕਰਨਾ ਹੋਵੇਗਾ, ਖ਼ਾਸ ਕਰਕੇ ਸੈਮੀਕੰਡਕਟਰ ਤੇ ਬਿਜਲਈ ਉਪਕਰਨਾਂ ਦੇ ਖੇਤਰ 'ਚ ਉਤਪਾਦਨ ਨੂੰ ਬੜ੍ਹਾਵਾ ਦੇਣ ਲਈ ਤਾਂ ਕਿ ਵਿਸ਼ਵ ਪੱਧਰ 'ਤੇ ਕੰਮ ਕਰ ਰਹੀਆਂ ਕੰਪਨੀਆਂ ਭਾਰਤ ਵਿੱਚ ਉਪਲਬਧ ਸਹੂਲਤਾਂ ਨੂੰ ਭਰੋਸੇਮੰਦ ਸਮਝਣ ਤੇ ਇੱਥੇ ਆਉਣ। ਇਹੀ ਇਕ ਰਸਤਾ ਹੈ ਜੋ ਦੇਸ਼ ਨੂੰ ਉਤਪਾਦਨ ਹੱਬ ਬਣਾ ਸਕਦਾ ਹੈ। ਸਾਡੀ ਜੋ ਸਪਲਾਈ ਚੇਨ ਹੈ, ਉਸ ਦਾ ਸਾਡੇ 'ਤੇ ਨਿਰਭਰ ਹੋਣਾ ਹੀ ਸਾਨੂੰ ਆਰਥਿਕ ਦ੍ਰਿਸ਼ਟੀ ਤੋਂ ਬਿਹਤਰ ਬਣਾ ਸਕਦਾ ਹੈ ਤੇ ਆਤਮਨਿਰਭਰ ਬਣਾ ਸਕਦਾ ਹੈ। ਅਮਰੀਕਾ ਦੁਆਰਾ ਟੈਰਿਫ ਲਾ ਕੇ ਸਾਨੂੰ ਕਮਜ਼ੋਰ ਕਰ ਸਕਣਾ ਸੰਭਵ ਨਹੀਂ ਹੈ। ਆਪਣੀ ਤਕਨਾਲੋਜੀ 'ਤੇ ਆਧਾਰਿਤ ਉਤਪਾਦਨ ਜਾਰੀ ਰੱਖਣਾ ਤੇ ਸਾਡੀਆਂ ਵਿਗਿਆਨਕ ਪ੍ਰਯੋਗਸ਼ਾਲਾਵਾਂ ਤੇ ਵਿਗਿਆਨੀਆਂ ਦੁਆਰਾ ਵਿਕਸਿਤ ਤਕਨੀਕ ਦੀ ਵਰਤੋਂ ਇਸ ਦੀ ਪਹਿਲੀ ਸ਼ਰਤ ਹੈ। ਅਜਿਹੀ ਤਕਨੀਕ ਜੋ ਵਿਸ਼ਵ 'ਚ ਕਿਸੇ ਕੋਲ ਨਹੀਂ ਹੈ ਤੇ ਉਹ ਵੀ ਬਹੁਤ ਘੱਟ ਕੀਮਤ 'ਚ ਉਪਲਬਧ ਹੋਣਾ ਸਾਡੀ ਵਿਸ਼ੇਸ਼ਤਾ ਹੈ। ਬਦਕਿਸਮਤੀ ਇਹ ਵੀ ਰਹੀ ਹੈ ਕਿ ਦਹਾਕਿਆਂ ਤੱਕ ਸਰਕਾਰਾਂ ਨੇ ਵਿਦੇਸ਼ੀ ਤਕਨਾਲੋਜੀ 'ਤੇ ਭਰੋਸਾ ਕੀਤਾ ਪਰ ਪਿਛਲੇ ਕੁਝ ਸਾਲਾਂ 'ਚ ਜਿਸ ਤਰ੍ਹਾਂ ਸਵਦੇਸ਼ੀ ਤਕਨੀਕ ਦੀ ਵਰਤੋਂ ਕਰਕੇ ਭਾਰਤ ਨੇ ਦੁਨੀਆ ਨੂੰ ਹੈਰਾਨ ਕੀਤਾ, ਉਸ ਤੋਂ ਸਪੱਸ਼ਟ ਹੈ ਕਿ ਉਹ ਸ਼ਕਤੀਆਂ ਜੋ ਸਾਡੇ 'ਤੇ ਭਾਰੂ ਰਹਿੰਦੀਆਂ ਸਨ, ਉਨ੍ਹਾਂ ਦੇ ਦਿਨ ਹੁਣ ਸਮਾਪਤ ਹੋਏ, ਕਿਉਂਕਿ ਇਹ ਨਵਾਂ ਭਾਰਤ ਹੈ ਜਿਸ ਦੇ ਨਾਗਰਿਕ ਮੌਕਾ ਮਿਲਣ 'ਤੇ ਚੌਕਾ ਮਾਰਨ ਦੇ ਸਮਰੱਥ ਹਨ। ਇਸ ਦੌਰਾਨ ਜਦ ਪੁਤਿਨ ਭਾਰਤ ਆਉਂਦੇ ਹਨ ਤੇ ਜਿਸ ਤਰ੍ਹਾਂ ਦੀ ਨੇੜਤਾ ਦਿਖਾਉਂਦੇ ਹਨ, ਉਸ ਤੋਂ ਇਹ ਵਿਸ਼ਵਾਸ ਤਾਂ ਹੋ ਹੀ ਜਾਂਦਾ ਹੈ ਕਿ ਇਹ ਸਿਰਫ਼ ਇੱਕ ਰਸਮੀ ਕਾਰਵਾਈ ਜਾਂ ਕਿਸੇ ਵੱਡੀ ਸ਼ਕਤੀ ਦੁਆਰਾ ਆਪਣਾ ਦਬਦਬਾ ਕਾਇਮ ਕਰਨ ਦੀ ਕਵਾਇਦ ਨਹੀਂ, ਸਗੋਂ ਬਰਾਬਰੀ ਦੇ ਆਧਾਰ 'ਤੇ ਸੰਤੁਲਨ ਬਣਾਉਣ ਦੀ ਕੋਸ਼ਿਸ਼ ਹੈ। ਵਾਰਤਾ ਚਾਹੇ ਫ਼ੌਜੀ ਉਪਕਰਨਾਂ ਦੀ ਹੋਵੇ ਜਾਂ ਊਰਜਾ ਦੀ, ਦੋਵੇਂ ਦੇਸ਼ਾਂ ਵੱਲੋਂ ਇੱਕ-ਦੂਜੇ ਨਾਲ ਲੰਬੇ ਸਮੇਂ ਲਈ ਸਾਂਝੇਦਾਰੀ ਬਣਾਉਣਾ ਇੱਕ ਪਾਸੇ ਏਸ਼ੀਆ 'ਚ ਅਮਰੀਕਾ ਦਾ ਦਬਦਬਾ ਘਟਾਉਣਾ ਹੈ ਤੇ ਨਾਲ ਹੀ ਭਾਰਤ ਵੱਲੋਂ ਇਨ੍ਹਾਂ ਦੇਸ਼ਾਂ ਦੀ ਅਗਵਾਈ ਕਰਨਾ ਵੀ ਹੈ। ਬਹੁਤੇ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਜੇਕਰ ਭਾਰਤ ਮਜ਼ਬੂਤ ਸਥਿਤੀ 'ਚ ਹੋਵੇਗਾ ਤਾਂ ਇਹ ਅਮਰੀਕਾ ਨੂੰ ਅਲੱਗ-ਥਲੱਗ ਕਰ ਸਕਦਾ ਹੈ। ਇਹੀ ਨਹੀਂ, ਚੀਨ ਦਾ ਬਦਲ ਵੀ ਬਣ ਸਕਦਾ ਹੈ। ਕਹਿ ਸਕਦੇ ਹਾਂ ਕਿ 2026 'ਚ ਭਾਰਤ ਵਿਸ਼ਵਵਿਆਪੀ ਅਰਥਵਿਵਸਥਾ 'ਚ ਇੱਕ ਨਵਾਂ ਮਾਡਲ ਬਣ ਸਕਦਾ ਹੈ।

### ਬੁਨਿਆਦੀ ਫਰਕ

ਇਹ ਵੀ ਧਿਆਨ 'ਚ ਰੱਖਣਾ ਹੋਵੇਗਾ ਕਿ ਅਮਰੀਕਾ 'ਚ ਪੂੰਜੀਵਾਦੀ ਤੇ ਰੂਸ 'ਚ ਸਮਾਜਵਾਦ ਆਧਾਰਤ ਰਾਜਨੀਤਕ ਤੇ ਸਮਾਜਿਕ ਵਿਵਸਥਾ ਹੈ। ਇਨ੍ਹਾਂ 'ਚੋਂ ਕਿਸੇ ਨੂੰ ਵੀ ਅਪਣਾਉਣਾ ਭਾਰਤ ਦੇ ਹਿੱਤ ਵਿੱਚ ਨਹੀਂ ਹੈ। ਸਾਡਾ ਪਰਿਵਾਰਕ, ਸਮਾਜਿਕ ਤੇ ਇਤਿਹਾਸਕ ਪਿਛੋਕੜ ਇਨ੍ਹਾਂ ਦੋਵਾਂ ਤੋਂ ਵੱਖਰਾ ਹੈ। ਸਾਡੀ ਆਸਥਾ ਸਾਰੀਆਂ ਆਰਥਿਕ ਸਰਗਰਮੀ ਨੂੰ ਪ੍ਰਭਾਵਿਤ ਕਰਦੀ ਹੈ। ਇਹੀ ਕਾਰਨ ਹੈ ਕਿ ਰਾਜਿਆਂ ਦੇ ਸਮੇਂ ਤੋਂ ਲੈ ਕੇ ਅੱਜ ਦੇ ਲੋਕਤੰਤਰ ਤੱਕ ਧਾਰਮਿਕ ਸਥਾਨਾਂ ਦਾ ਨਿਰਮਾਣ ਹੋਰ ਜ਼ਰੂਰੀ ਸਥਾਨਾਂ ਜਿਵੇਂ ਕਿ ਸਕੂਲ, ਹਸਪਤਾਲ ਆਦਿ ਦੇ ਨਾਲ-ਨਾਲ ਹੁੰਦਾ ਰਿਹਾ ਹੈ। ਇਸ ਤਰ੍ਹਾਂ ਧਾਰਮਿਕ ਪੂਜਾ-ਪਾਠ ਮਗਰੋਂ ਹੀ ਕਿਸੇ ਕੰਮ ਦੀ ਸ਼ੁਰੂਆਤ ਕੀਤੀ ਜਾਂਦੀ ਹੈ। ਪੂੰਜੀਵਾਦੀ ਜਾਂ ਸਮਾਜਵਾਦੀ ਦੇਸ਼ਾਂ 'ਚ ਅਜਿਹੀ ਕੋਈ ਪਰੰਪਰਾ ਨਾ ਹੋਣ ਕਰਕੇ ਉਹ ਅਕਸਰ ਸਾਡੇ 'ਤੇ ਢੋਂਗੀ, ਪਖੰਡੀ ਜਾਂ ਕੱਟੜਪੰਥੀ ਹੋਣ ਦਾ ਦੋਸ਼ ਲਾ ਕੇ ਖ਼ੁਦ ਸਰਬੋਤਮ ਹੋਣ ਦਾ ਦਿਖਾਵਾ ਕਰਦੇ ਹਨ। ਉਹ ਇਹ ਨਹੀਂ ਜਾਣਦੇ ਕਿ ਸਾਡੀ ਇਹੀ ਪਛਾਣ ਹੈ ਤੇ ਅਸੀਂ ਇਸੇ ਕਾਰਨ ਉਨ੍ਹਾਂ ਨਾਲੋਂ ਬਰਾਬਰੀ ਜਾਂ ਬਿਹਤਰੀ ਦਾ ਦਾਅਵਾ ਕਰਦੇ ਹਾਂ। ਇਸ ਲਈ ਟਰੰਪ ਦਾ ਧੰਨਵਾਦ ਕਿ ਉਨ੍ਹਾਂ ਨੇ ਭਾਰਤ ਨੂੰ ਸਵੈ-ਨਿਰਭਰ ਬਣਨ ਦਾ ਤੋਹਫ਼ਾ ਦਿੱਤਾ। ਇਸੇ ਤਰ੍ਹਾਂ ਪੁਤਿਨ ਦਾ ਵੀ ਧੰਨਵਾਦ, ਕਿ ਉਨ੍ਹਾਂ ਨੇ ਪੁਰਾਣੀ ਮਿੱਤਰਤਾ ਨੂੰ ਨਵਾਂ ਜੀਵਨ ਦੇ ਕੇ ਅਹਿਸਾਸ ਦਿਵਾਇਆ ਕਿ ਅਮਰੀਕਾ ਨਾਲ ਵਪਾਰ ਜ਼ੋਖ਼ਮ ਭਰਿਆ ਤੇ ਰੂਸ ਨਾਲ ਵਿਹਾਰਕ ਸੰਬੰਧਾਂ 'ਤੇ ਆਧਾਰਿਤ ਹੋ ਸਕਦਾ ਹੈ। ਹੁਣ ਅਮਰੀਕਾ ਦੀ ਬਜਾਏ ਭਾਰਤੀ ਰੂਸ ਤੇ ਚੀਨ ਵਿੱਚ ਪੜ੍ਹਾਈ ਤੋਂ ਲੈ ਕੇ ਉੱਥੇ ਵਸਣ ਦੇ ਸੁਪਨੇ ਦੇਖਣ ਲੱਗੇ ਹਨ। ਇਹ ਅਮਰੀਕਾ ਲਈ ਚਿੰਤਾ ਦਾ ਕਾਰਨ ਹੋ ਸਕਦਾ ਹੈ ਪਰ ਸਾਡੇ ਲਈ ਇਹ ਸੰਕਟ ਇੱਕ ਮੌਕੇ ਦੇ ਬਰਾਬਰ ਹੈ।

# ਭਾਰਤ ਦੇ ਰੁਪਏ ਦੀ ਡਿਗਦੀ ਕੀਮਤ ਕਾਰਨ ਕੀ ਪੈਣਗੇ ਪ੍ਰਭਾਵ ?





ਸ.ਸ. ਛੀਨਾ

ਅੱਜ ਕੱਲ੍ਹ ਅਮਰੀਕੀ ਡਾਲਰ ਦੀ ਕੀਮਤ 90.93 ਰੁਪਏ, ਯੂਰੋ 106.89 ਰੁਪਏ ਤੇ ਪੌਂਡ 122 ਰੁਪਏ ਹੋ ਚੁੱਕੀ ਹੈ ਅਤੇ ਵਿਦੇਸ਼ੀ ਮੁਦਰਾ ਦੀ ਵਧਦੀ ਕੀਮਤ ਭਾਰਤ ਦੀ ਆਰਥਿਕਤਾ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ, ਉਸ ਨੂੰ ਲੈ ਕੇ ਅੰਤਰਰਾਸ਼ਟਰੀ ਵਪਾਰੀ ਫਿਕਰਮੰਦ ਹਨ। ਜਿਸ ਤਰ੍ਹਾਂ ਵਸਤੂਆਂ ਤੇ ਸੇਵਾਵਾਂ ਦੀਆਂ ਕੀਮਤਾਂ ਨੂੰ ਮੰਗ ਤੇ ਪੂਰਤੀ ਨਿਸ਼ਚਿਤ ਕਰਦੀਆਂ ਹਨ, ਬਿਲਕੁਲ ਉਸੇ ਤਰ੍ਹਾਂ ਵਿਦੇਸ਼ੀ ਕਰੰਸੀਆਂ ਦੀ ਮੰਗ ਤੇ ਪੂਰਤੀ ਇਨ੍ਹਾਂ ਕਰੰਸੀਆਂ ਦੀਆਂ ਕੀਮਤਾਂ ਨਿਸ਼ਚਿਤ ਕਰਦੀਆਂ ਹਨ। ਵਿਦੇਸ਼ੀ ਮੁਦਰਾ ਬਾਹਰੋਂ ਮੰਗਵਾਉਣ ਵਾਲੀਆਂ ਵਸਤੂਆਂ ਅਤੇ ਭਾਰਤ ਦੇ ਲੋਕਾਂ ਵੱਲੋਂ ਵਿਦੇਸ਼ੀ ਸੇਵਾਵਾਂ-ਸੈਰ ਸਪਾਟੇ, ਵਿੱਦਿਆ, ਸੂਚਨਾਵਾਂ ਤੇ ਹਵਾਈ ਸਫ਼ਰ ਆਦਿ ਲਈ ਵਰਤੀ ਜਾਂਦੀ ਹੈ। ਭਾਰਤ ਤੋਂ ਵਿਦੇਸ਼ਾਂ ਨੂੰ ਭੇਜੀਆਂ ਜਾਣ ਵਾਲੀਆਂ ਵਸਤੂਆਂ ਤੇ ਸੇਵਾਵਾਂ ਦਾ ਮੁੱਲ ਵਿਦੇਸ਼ੀ ਕਰੰਸੀਆਂ ਦੀ ਪੂਰਤੀ ਦਾ ਸਾਧਨ ਹੈ। ਜਿਨ੍ਹਾਂ ਦੇਸ਼ਾਂ ਤੋਂ ਜ਼ਿਆਦਾ ਅਯਾਤ ਕੀਤਾ ਜਾਂਦਾ ਹੈ, ਉਨ੍ਹਾਂ ਕਰੰਸੀਆਂ ਦੀ ਮੰਗ ਜ਼ਿਆਦਾ ਹੁੰਦੀ ਹੈ। ਜਿਨ੍ਹਾਂ ਦੇਸ਼ਾਂ ਨੂੰ ਭਾਰਤ ਦਾ ਨਿਰਯਾਤ ਜ਼ਿਆਦਾ ਪਰ ਅਯਾਤ ਘੱਟ ਹੈ, ਉਨ੍ਹਾਂ ਕਰੰਸੀਆਂ ਦੀ ਪੂਰਤੀ ਮੰਗ ਨਾਲੋਂ ਵੱਧ ਹੋਣ ਕਰਕੇ ਉਨ੍ਹਾਂ ਕਰੰਸੀਆਂ ਦਾ ਮੁੱਲ ਵੀ ਘੱਟ ਹੈ। ਭਾਰਤ ਦੇ ਗੁਆਂਢੀ ਦੇਸ਼ ਬੰਗਲਾਦੇਸ਼, ਨਿਪਾਲ ਤੇ ਪਾਕਿਸਤਾਨ ਵਿੱਚ ਭਾਰਤ ਦੇ 100 ਰੁਪਏ ਨਾਲ ਉਨ੍ਹਾਂ ਦੇਸ਼ਾਂ ਦੇ 160 ਰੁਪਏ ਤੋਂ ਵੱਧ ਮਿਲ ਜਾਂਦੇ ਹਨ ਪਰ ਜੇ ਯੂਰਪੀਅਨ ਸੰਘ ਦੇ 27 ਦੇਸ਼ਾਂ ਵਿੱਚ ਜਾ ਕੇ ਖਰਚ ਕਰਨਾ ਹੋਵੇ ਤਾਂ ਇੱਕ ਯੂਰੋ ਲਈ 106.89 ਰੁਪਏ ਅਤੇ ਅਮਰੀਕੀ ਡਾਲਰ ਲਈ 90.93 ਰੁਪਏ ਦੇਣੇ ਪੈਣਗੇ। ਭਾਰਤ ਤੋਂ ਬਾਹਰ ਦੇ ਕਈ ਵਪਾਰੀ ਅੱਜਕੱਲ੍ਹ ਆਪਣੇ ਵੱਖ-ਵੱਖ ਕੰਪਨੀਆਂ ਦੇ ਖਰੀਦੇ ਸ਼ੇਅਰ ਵੇਚ ਰਹੇ ਹਨ ਅਤੇ ਭਾਰਤੀਆਂ ਨੂੰ ਉਨ੍ਹਾਂ ਦਾ ਮੁੱਲ ਡਾਲਰਾਂ ਵਿੱਚ ਜਾਂ ਹੋਰ ਦੇਸ਼ਾਂ ਦੀਆਂ ਕਰੰਸੀਆਂ ਵਿਚ ਦੇਣਾ ਪੈਂਦਾ ਹੈ। ਇਸ ਲਈ ਉਨ੍ਹਾਂ ਦੀ ਮੰਗ ਵਧਣ ਕਰਕੇ ਇਨ੍ਹਾਂ ਕਰੰਸੀਆਂ ਦੀਆਂ ਕੀਮਤਾਂ ਵਿੱਚ ਵਾਧਾ ਹੋ ਰਿਹਾ ਹੈ।

ਅੱਜਕੱਲ੍ਹ ਸੰਸਾਰ ਇੱਕ ਸੰਸਾਰਿਕ ਪਿੰਡ ਵਿੱਚ ਬਦਲ ਚੁੱਕਾ ਹੈ ਹਰ ਦੇਸ਼ ਸੂਚਨਾਵਾਂ ਤੇ ਹਵਾਈ ਸਫ਼ਰ ਨਾਲ ਇੱਕ-ਦੂਜੇ ਦੇਸ਼ ਨਾਲ ਜੁੜਿਆ ਹੋਇਆ ਹੈ। ਹਰ ਦੇਸ਼ ਦਾ ਲਗਭਗ 150 ਦੇਸ਼ਾਂ ਨਾਲ ਵਪਾਰ ਹੋ ਰਿਹਾ ਹੈ, ਇਸ ਲਈ ਵਿਦੇਸ਼ੀ ਕਰੰਸੀ ਹਰ ਦੇਸ਼ ਦੀ ਆਰਥਿਕਤਾ ਵਿੱਚ ਵੱਡੀ ਭੂਮਿਕਾ ਨਿਭਾਉਂਦੀ ਹੈ। ਇਸੇ ਲਈ ਕਿਸੇ ਦੇਸ਼ ਦੀ ਕਰੰਸੀ ਦਾ ਮੁੱਲ ਦੇਸ਼ ਦੀ ਆਰਥਿਕ ਸਥਿਤੀ ਦਾ ਸੂਚਕ ਹੈ, ਜੇ ਕਿਸੇ ਦੇਸ਼ ਦੀ ਕਰੰਸੀ ਦਾ ਵਿਦੇਸ਼ਾਂ ਵਿੱਚ ਜ਼ਿਆਦਾ ਮੁੱਲ ਹੈ ਤਾਂ ਉਹ ਮਜ਼ਬੂਤ ਅਰਥ ਵਿਵਸਥਾ ਮੰਨੀ ਜਾਂਦੀ ਹੈ। ਵਿਕਸਤ ਦੇਸ਼ਾਂ ਦੀਆਂ ਜ਼ਿਆਦਾ ਵਸਤੂਆਂ ਦੀ ਵਿਦੇਸ਼ਾਂ ਵਿੱਚ ਮੰਗ ਹੋਣ ਕਰਕੇ ਉਨ੍ਹਾਂ ਦੀਆਂ ਕਰੰਸੀਆਂ ਦੀ ਵੀ ਜ਼ਿਆਦਾ ਲੋੜ ਪੈਂਦੀ ਹੈ। ਭਾਰਤ ਦਾ ਅਮਰੀਕਾ ਨਾਲ ਵਪਾਰ ਸੰਤੁਲਨ ਲੰਮੇ ਸਮੇਂ ਤੋਂ ਭਾਰਤ ਦੇ ਉਲਟ ਰਿਹਾ ਹੈ, ਜਿਸ ਦਾ ਅਰਥ ਹੈ ਕਿ ਭਾਰਤ ਨੇ ਅਮਰੀਕਾ ਦੇ ਜ਼ਿਆਦਾ ਡਾਲਰ ਦੇਣੇ ਹੁੰਦੇ ਹਨ ਅਤੇ ਘੱਟ ਕਮਾਏ ਹੁੰਦੇ ਹਨ। ਇਸ ਤਰ੍ਹਾਂ ਹੀ ਇਸ ਦਾ ਚੀਨ, ਯੂਰਪੀਅਨ ਯੂਨੀਅਨ ਤੇ ਇੰਗਲੈਂਡ ਨਾਲ ਵਪਾਰ ਸੰਤੁਲਨ ਉਲਟ ਰਹਿਣ ਕਰਕੇ ਉਨ੍ਹਾਂ ਕਰੰਸੀਆਂ ਦਾ ਮੁੱਲ ਵੀ ਜ਼ਿਆਦਾ ਹੈ।

1980 ਤੋਂ ਪਹਿਲਾਂ ਕਰੰਸੀਆਂ ਦਾ ਮੁੱਲ ਸਥਿਰ ਰੱਖਿਆ ਗਿਆ ਸੀ, ਜਿਸ ਤਹਿਤ ਇਹ ਤੈਅ ਕਰ ਲਿਆ ਜਾਂਦਾ ਸੀ ਕਿ ਭਾਰਤ ਦੇ ਕਿੰਨੇ ਰੁਪਏ ਅਮਰੀਕੀ ਡਾਲਰ ਦੇ ਬਰਾਬਰ ਹੋਣਗੇ, ਪੌਂਡ ਦਾ ਇਹ ਮੁੱਲ ਹੋਵੇਗਾ। ਯੂਰਪ ਦੇ 27 ਦੇਸ਼ਾਂ ਯੂਨੀਅਨ ਦੀ ਸਾਂਝੀ ਕਰੰਸੀ 'ਯੂਰੋ' ਬਣੀ, ਪਰ ਇੰਗਲੈਂਡ ਨੇ ਯੂਰੋ ਨੂੰ ਨਹੀਂ ਅਪਣਾਇਆ।

ਆਪਣੀ ਕਰੰਸੀ ਪੌਂਡ ਹੀ ਰੱਖੀ। ਸ਼ੁਰੂ ਵਿਚ ਜਰਮਨੀ ਵਿਚ ਮਾਰਕ, ਰੋਮਾਨੀਆ ਵਿਚ ਲਿਉ ਅਤੇ ਹੋਰ ਦੇਸ਼ਾਂ ਦੀ ਵੱਖੋ-ਵੱਖ ਕਰੰਸੀ ਸੀ। 1970 ਤੋਂ ਪਹਿਲਾਂ ਜਰਮਨੀ ਦਾ ਮਾਰਕ ਭਾਰਤ ਦੇ 4 ਰੁਪਏ ਦੇ ਬਰਾਬਰ ਸੀ। 1947 ਵਿਚ ਅਮਰੀਕਾ ਦਾ ਇਕ ਡਾਲਰ ਭਾਰਤ ਦੇ 3.50 ਰੁਪਏ ਤੇ ਪੌਂਡ 13.50 ਦੇ ਬਰਾਬਰ ਸੀ। 1947 ਤੋਂ ਪਹਿਲਾਂ ਭਾਰਤ ਬ੍ਰਿਟਿਸ਼ ਸਾਮਰਾਜ ਦਾ ਹਿੱਸਾ ਹੋਣ ਕਰਕੇ ਇਸ ਦਾ ਜ਼ਿਆਦਾ ਵਪਾਰ ਇੰਗਲੈਂਡ ਦੇ ਅਧੀਨ ਹੋਰ ਦੇਸ਼ਾਂ ਨਾਲ ਹੁੰਦਾ ਸੀ, ਇਸੇ ਕਰਕੇ ਪੌਂਡ ਦੀ ਕੀਮਤ ਜ਼ਿਆਦਾ ਤੇ ਅਮਰੀਕੀ ਡਾਲਰ ਦੀ ਕੀਮਤ ਘੱਟ ਸੀ। ਇੱਥੋਂ ਤੱਕ ਕਿ 1938 ਤੱਕ ਭਾਰਤ ਦੇ ਇਕ ਰੁਪਏ ਲਈ ਵੀ 4 ਡਾਲਰ ਦੇਣੇ ਪੈਂਦੇ ਸਨ, ਕਿਉਂਕਿ ਅਮਰੀਕਾ, ਭਾਰਤ ਤੋਂ ਜ਼ਿਆਦਾ ਵਸਤੂਆਂ ਤੇ ਸੇਵਾਵਾਂ ਖਰੀਦਦਾ ਸੀ, ਜਦਕਿ ਭਾਰਤ ਵੱਲੋਂ ਅਮਰੀਕਾ ਤੋਂ ਬਹੁਤ ਘੱਟ ਵਸਤੂਆਂ ਖਰੀਦੀਆਂ ਜਾਂਦੀਆਂ ਸਨ। ਇਸ ਲਈ ਬਹੁਤ ਚਿਰ ਤੱਕ ਇੱਕ ਡਾਲਰ 4 ਰੁਪਏ ਤੇ ਬਾਅਦ 'ਚ 7 ਰੁਪਏ ਦੇ ਬਰਾਬਰ ਰਿਹਾ। ਉਸ ਸਮੇਂ ਕਈ ਵਾਰ ਦੇਸ਼ ਆਪਣੀ ਕਰੰਸੀ ਦੀ ਕੀਮਤ ਆਪ ਹੀ ਘਟਾ ਲੈਂਦੇ ਸਨ, ਭਾਰਤ ਨੇ ਪਹਿਲੀ ਵਾਰ 1949 'ਚ, ਫਿਰ 1966 ਤੇ ਫਿਰ 1972 ਵਿੱਚ ਰੁਪਏ ਦੀ ਕੀਮਤ ਆਪ ਘਟਾਈ ਸੀ। ਇਸ ਤਰ੍ਹਾਂ ਕੀਮਤ ਘਟਾਉਣ ਦਾ ਉਦੇਸ਼ ਆਪਣੇ ਦੇਸ਼ ਦਾ ਨਿਰਯਾਤ ਵਧਾਉਣਾ ਹੁੰਦਾ ਹੈ ਜਦੋਂ ਕੀਮਤ ਘਟਦੀ ਹੈ ਤਾਂ ਵਿਦੇਸ਼ੀਆਂ ਲਈ ਉਨ੍ਹਾਂ ਵਸਤੂਆਂ ਨੂੰ ਭਾਰਤ 'ਚੋਂ ਖਰੀਦਣਾ ਸਸਤਾ ਪੈਂਦਾ ਸੀ। ਜਿਸ ਤਰ੍ਹਾਂ 1947 ਦੇ ਸਮੇਂ ਇੱਕ ਡਾਲਰ ਨਾਲ 4 ਰੁਪਏ ਦੀਆਂ ਵਸਤੂਆਂ ਖਰੀਦੀਆਂ ਜਾ ਸਕਦੀਆਂ ਸਨ, ਪਰ ਜਦੋਂ ਕੀਮਤ ਘਟਾ ਕੇ 7 ਰੁਪਏ 1 ਡਾਲਰ ਕਰ ਦਿੱਤੀ ਗਈ ਤਾਂ ਇੱਕ ਡਾਲਰ ਨਾਲ 7 ਰੁਪਏ ਦੀਆਂ ਵਸਤੂਆਂ ਖਰੀਦੀਆਂ ਜਾ ਸਕਦੀਆਂ ਸਨ ਅਤੇ ਇਸ ਤੋਂ ਉਤਸ਼ਾਹਿਤ ਹੋ ਕੇ ਇਸ ਨਾਲ ਵਿਦੇਸ਼ੀ ਗਾਹਕ ਜ਼ਿਆਦਾ ਵਸਤੂਆਂ ਖਰੀਦਦੇ ਸਨ। ਦੇਸ਼ ਦਾ ਨਿਰਯਾਤ ਵਧਣ ਨਾਲ ਉਹ ਵਸਤੂਆਂ ਨੂੰ ਜ਼ਿਆਦਾ ਮਾਤਰਾ ਵਿੱਚ ਬਣਾਉਣਾ ਪੈਂਦਾ ਸੀ, ਜਿਸ ਨਾਲ ਨਿਵੇਸ਼ ਵਧਦਾ ਅਤੇ ਰੁਜ਼ਗਾਰ ਵਿੱਚ ਵਾਧਾ ਹੁੰਦਾ ਸੀ। ਪਰ ਇਸ ਨਾਲ ਇਹ ਸ਼ਰਤ ਹੈ ਕਿ ਉਨ੍ਹਾਂ ਵਸਤੂਆਂ ਦੀ ਵਿਦੇਸ਼ਾਂ ਵਿੱਚ ਮੰਗ ਹੋਵੇ। ਜੇ ਮੰਗ ਨਾ ਹੋਵੇ ਤਾਂ ਫਿਰ ਕਰੰਸੀ ਦੀ ਕੀਮਤ ਘਟਾਉਣ ਦਾ ਵੀ ਕੋਈ ਲਾਭ ਨਹੀਂ ਹੁੰਦਾ।

ਉਸ ਸਮੇਂ ਨਿਸ਼ਚਿਤ ਕਰੰਸੀ ਰੇਟ ਦਾ ਇਹ ਦੋਸ਼ ਸੀ ਕਿ ਇਸ ਨਾਲ ਭਾਵੇਂ ਨਿਸ਼ਚਿਤ ਰੇਟ ਘੱਟ ਹੁੰਦਾ ਸੀ ਪਰ ਜੇ ਉਸ ਕਰੰਸੀ ਦੀ ਜ਼ਿਆਦਾ ਲੋੜ ਹੁੰਦੀ ਸੀ ਤਾਂ ਦੇਸ਼ ਦਾ ਅਯਾਤਕਾਰ ਉਸ ਕਰੰਸੀ ਲਈ ਵੱਧ ਕੀਮਤ ਦੇਣ ਲਈ ਵੀ ਤਿਆਰ ਹੋ ਜਾਂਦਾ ਸੀ। ਇਸ ਨੂੰ ਬਲੈਕ ਰੇਟ ਕਹਿੰਦੇ ਸਨ। ਇਹ ਉਸ ਸਮੇਂ ਤੱਕ ਜਾਰੀ ਰਿਹਾ, ਜਦੋਂ ਤੱਕ ਕਰੰਸੀਆਂ ਦਾ ਮੰਡੀ ਰੇਟ ਨਾ ਅਪਣਾਇਆ ਗਿਆ। ਜਿਹੜੀਆਂ 'ਹਾਰਡ ਕਰੰਸੀਆਂ' ਜ਼ਿਆਦਾ ਮੰਗ ਵਾਲੀਆਂ ਸਨ, ਉਨ੍ਹਾਂ ਦੇ ਵਧ ਰੇਟ ਬਣ ਜਾਂਦੇ ਸਨ, ਜਿਨ੍ਹਾਂ ਵਿੱਚ ਡਾਲਰ, ਪੌਂਡ ਤੇ ਮਾਰਕ ਆਉਂਦੇ ਸਨ। ਅਮਰੀਕਾ, ਇੰਗਲੈਂਡ, ਕੈਨੇਡਾ, ਆਸਟ੍ਰੇਲੀਆ ਤੇ ਯੂਰਪੀਅਨ ਦੇਸ਼ ਵਿਕਸਿਤ ਦੇਸ਼ ਹਨ। ਉਨ੍ਹਾਂ ਦੀਆਂ ਕਰੰਸੀਆਂ ਦੀ ਜ਼ਿਆਦਾ ਮੰਗ ਹੋਣ ਕਰਕੇ ਉਨ੍ਹਾਂ ਦੀ ਕੀਮਤ ਵਧਦੀ ਜਾ ਰਹੀ ਹੈ, ਜੋ ਘੱਟ ਵਿਕਸਿਤ ਦੇਸ਼ਾਂ ਦੀਆਂ ਮੁਸ਼ਕਿਲਾਂ ਵਿੱਚ ਹੋਰ ਵਾਧਾ ਕਰਦੀ ਹੈ। ਜਦੋਂ ਕਿਸੇ ਕਰੰਸੀ ਦਾ ਰੇਟ ਵਧਦਾ ਹੈ ਤਾਂ ਉਸ ਦਾ ਅਯਾਤ ਘੱਟਦਾ ਹੈ, ਜਿਵੇਂ ਅੱਜਕੱਲ੍ਹ ਡਾਲਰ, ਪੌਂਡ ਤੇ ਯੂਰੋ ਦੀਆਂ ਕੀਮਤਾਂ ਬਹੁਤ ਜ਼ਿਆਦਾ ਵਧੀਆਂ ਹਨ ਤਾਂ ਉਨ੍ਹਾਂ ਨਾਲ ਵਸਤੂਆਂ ਖਰੀਦਣ ਲਈ ਵੱਧ ਮੁੱਲ ਦੇਣਾ ਪੈਂਦਾ ਹੈ। ਦੂਸਰਾ ਕਈ ਵਾਰ ਅਯਾਤਕਾਰ ਉਸ ਵਸਤੂ ਨੂੰ ਘੱਟ ਮਾਤਰਾ 'ਚ ਖਰੀਦਦਾ ਹੈ, ਪੂਰਤੀ ਘਟਣ ਨਾਲ ਕੀਮਤ ਵਧਦੀ ਹੈ। ਭਾਰਤ 85 ਫ਼ੀਸਦੀ ਪੈਟਰੋਲ, ਡੀਜ਼ਲ ਬਾਹਰ ਤੋਂ ਮੰਗਵਾਉਂਦਾ ਹੈ, ਜਿਸ ਦੀ ਅਦਾਇਗੀ ਜ਼ਿਆਦਾਤਰ ਡਾਲਰ ਵਿੱਚ ਕੀਤੀ ਜਾਂਦੀ ਹੈ, ਹੁਣ ਜਦੋਂ ਇੱਕ ਡਾਲਰ 90 ਰੁਪਏ ਤੋਂ ਵੱਧ ਹੋ ਗਿਆ ਹੈ ਤਾਂ ਇਸ ਦੇ ਦੋ ਪ੍ਰਭਾਵ ਹੋ ਸਕਦੇ ਹਨ, ਇੱਕ ਇਹ ਕਿ ਭਾਰਤ ਵਿੱਚ ਪੈਟਰੋਲ ਦੀ ਕੀਮਤ ਵਧੇਗੀ ਤੇ ਦੂਸਰਾ ਇਸ ਦੀ ਪੂਰਤੀ ਘਟਾਈ ਜਾਵੇਗੀ।

(ਬਾਕੀ ਸਫ਼ਾ 27 'ਤੇ)

# ਵਿਸ਼ਵੀਕਰਨ ਦੇ ਦੌਰ ਵਿੱਚ ਕਿਉਂ ਬਦਲ ਰਿਹਾ ਹੈ ਪੰਜਾਬੀ ?

ਡਾ. ਸੁਖਦੇਵ ਸਿੰਘ

ਵਿਸ਼ਵੀਕਰਨ ਅਜੋਕੇ ਸਮੇਂ ਦਾ ਅਜਿਹਾ ਵਰਤਾਰਾ ਬਣ ਗਿਆ ਹੈ ਕਿ ਇਸ ਦੇ ਪ੍ਰਭਾਵ ਨੂੰ ਵਿਅਕਤੀ ਚਾਹੁੰਦੇ ਹੋਏ ਵੀ ਆਪਣੀ ਜ਼ਿੰਦਗੀ 'ਚੋਂ ਮਨਫ਼ੀ ਨਹੀਂ ਕਰ ਸਕਦਾ। ਇਸ ਵਰਤਾਰੇ ਦਾ ਮੁੱਖ ਸਰੋਕਾਰ ਭਾਵੇਂ ਆਰਥਿਕਤਾ ਨਾਲ ਹੈ ਪਰੰਤੂ ਇਸ ਨੇ ਜੀਵਨ ਦੇ ਹੋਰ ਅਹਿਮ ਪੱਖਾਂ ਨੂੰ ਵੀ ਵੱਡੀ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ। ਵਿਸ਼ਵੀਕਰਨ ਦੇ ਸਿੱਟੇ ਵਜੋਂ ਇੱਕ ਅਜਿਹਾ ਸੱਭਿਆਚਾਰ ਵਿਕਸਿਤ ਹੋਇਆ ਹੈ, ਜਿਸ ਨੂੰ ਉਪਭੋਗੀ ਅਥਵਾ ਖ਼ਪਤ ਸੱਭਿਆਚਾਰ ਦਾ ਨਾਂਅ ਦਿੱਤਾ ਜਾ ਸਕਦਾ ਹੈ। ਇਸ ਵਰਤਾਰੇ ਕਾਰਨ ਵਸਤਾਂ ਦੀ ਭਰਮਾਰ ਤਾਂ ਵਧੀ, ਪਰ ਮਾਨਵੀ ਸਰੋਕਾਰਾਂ ਦੀ ਅਣਹੋਂਦ ਵਿਚ ਨਿੱਜਵਾਦ ਮਾਨਵੀ ਸੋਚ 'ਤੇ ਭਾਰੂ ਹੋ ਗਿਆ ਹੈ।

ਪੰਜਾਬੀ ਸੱਭਿਆਚਾਰ 'ਚ ਜਿਨ੍ਹਾਂ ਮਾਨਵੀ ਸਰੋਕਾਰਾਂ, ਨੈਤਿਕ ਕਦਰਾਂ-ਕੀਮਤਾਂ ਦਾ ਵਿਸ਼ੇਸ਼ ਸਥਾਨ ਸੀ, ਇਸ ਵਿਸ਼ਵੀਕਰਨ ਕਾਰਨ ਵਿਕਸਿਤ ਹੋਏ ਉਪਭੋਗੀ ਸੱਭਿਆਚਾਰ ਨੇ ਉਸ ਨੂੰ ਤਕੜੀ ਢਾਹ ਲਾਈ ਹੈ ਅਤੇ ਪੰਜਾਬੀ ਸੱਭਿਆਚਾਰ 'ਤੇ ਬਹੁਤ ਪ੍ਰਤੀਕੂਲ ਪ੍ਰਭਾਵ ਪਏ ਹਨ। ਇਨ੍ਹਾਂ ਪ੍ਰਭਾਵਾਂ ਨਾਲ ਪੰਜਾਬੀ ਸੱਭਿਆਚਾਰ ਵਿਚ ਰੂਪਾਂਤਰਨ ਦਾ ਅਮਲ ਬੜੀ ਤੇਜ਼ੀ ਨਾਲ ਵਾਪਰਿਆ ਹੈ। ਇਹ ਅਮਲ ਇੰਨਾ ਵਿਆਪਕ ਤੇ ਡੂੰਘਾ ਹੈ ਕਿ ਸਾਡੇ ਪਹਿਰਾਵੇ, ਬੋਲੀ, ਸਾਹਿਤ, ਜੀਵਨ, ਕੀਮਤਾਂ, ਵਿਹਾਰਿਕ ਪੈਟਰਨ ਦੇ ਰਿਸ਼ਤੇ ਵੀ ਬਦਲ ਗਏ ਹਨ। ਨਵੇਂ ਵਿਕਸਿਤ ਹੋਏ ਉਪਭੋਗੀ ਤੇ ਖ਼ਪਤ ਸੱਭਿਆਚਾਰ ਦੇ ਸਿੱਟੇ ਵਜੋਂ ਪੰਜਾਬੀ ਮਨੁੱਖ ਵਿੱਚ ਅਨੇਕਾਂ ਤਬਦੀਲੀਆਂ ਆਈਆਂ ਹਨ। ਇੱਕ ਪਾਸੇ ਮਨੁੱਖ ਨੇ ਵਿਆਪਕ ਮਸ਼ੀਨੀ ਯੰਤਰ ਬਣਾ ਕੇ ਜੀਵਨ ਦੀ ਵਿਕਾਸ ਗਤੀ ਨੂੰ ਬਹੁਤ ਤੀਬਰ ਕੀਤਾ ਹੈ, ਪ੍ਰੰਤੂ ਦੂਜੇ ਪਾਸੇ ਉਹ ਆਪ ਇਸ ਅਸਾਵੇਂ ਤੇਜ਼ ਵਿਕਾਸ ਕਾਰਨ ਖਿੰਡਦਾ ਜਾ ਰਿਹਾ ਹੈ, ਉਹ ਨਿਰੋਲ ਪੈਸਾ ਕੇਂਦਰਿਤ ਵਿਵਸਥਾ ਸਿਰਜ ਕੇ ਵਿਅਕਤੀਵਾਦੀ ਰੁਚੀਆਂ ਦਾ ਸ਼ਿਕਾਰ ਬਣਦਾ ਜਾ ਰਿਹਾ ਹੈ। ਹਾਲਾਂਕਿ ਉਹ ਇਸ ਨੂੰ ਮਾਣ ਨਾਲ ਆਧੁਨਿਕਤਾ ਤੇ ਅਤਿ-ਆਧੁਨਿਕਤਾ ਦਾ ਨਾਂਅ ਦਿੰਦਾ ਹੈ। ਇਸ ਅੱਤ ਦੀ ਆਧੁਨਿਕ ਜੀਵਨ ਸ਼ੈਲੀ ਕਾਰਨ ਬਿਮਾਰੀਆਂ ਤੇ ਤਕਨੀਕੀ ਪ੍ਰਧਾਨਤਾ ਵਾਲਾ ਸਭਿਆਚਾਰ ਵਧਣ ਦੇ ਸਿੱਟੇ ਵਜੋਂ ਪ੍ਰਦੂਸ਼ਿਤ ਹੋਇਆ ਸਮਾਜਿਕ ਪ੍ਰਬੰਧ ਤੇ ਵਾਤਾਵਰਨ ਵਿਸ਼ਵੀਕਰਨ ਦੇ ਮਾਰੂ ਪ੍ਰਭਾਵਾਂ ਨੂੰ ਪ੍ਰਗਟਾਉਂਦਾ ਹੈ।

ਜੇਕਰ ਪੰਜਾਬੀ ਮਨੁੱਖ ਦੇ ਪਰੰਪਰਾਗਤ ਸਰੂਪ ਬਾਰੇ ਜਾਣਨਾ ਹੋਵੇ ਤਾਂ ਪੰਜਾਬੀ ਲੋਕ- ਸਾਹਿਤ ਤੇ ਪੰਜਾਬੀ ਚੇਤਨਾ ਵਿੱਚ ਵਸੇ ਨਾਇਕਾਂ ਨੂੰ ਸਨਮੁੱਖ ਰੱਖਿਆ ਜਾ ਸਕਦਾ ਹੈ। ਪੰਜਾਬੀ ਮੱਧਕਾਲ ਦੀ ਪ੍ਰਧਾਨ ਚੇਤਨਾ-ਵਿਧੀ ਦਾ ਅਨੁਸਾਰੀ ਹੋ ਕੇ ਧਾਰਮਿਕ ਕਿਸਮ ਦਾ ਮਨੁੱਖ ਤਾਂ ਬਣਦਾ ਹੈ, ਪਰ ਉਸ ਦੀ ਸੋਚ ਫਿਰਕੂ ਨਹੀਂ ਬਣਦੀ।

ਸੂਫ਼ੀ ਕਾਵਿ ਨੇ ਪੰਜਾਬੀ ਮਾਨਸਿਕਤਾ 'ਤੇ ਗਹਿਰਾ ਪ੍ਰਭਾਵ ਪਾਇਆ ਅਤੇ ਸ਼ੇਖ ਫਰੀਦ ਦੀ ਬਾਣੀ ਪੰਜਾਬੀਆਂ ਨੂੰ ਵਿਹਾਰਿਕ ਜੀਵਨ ਵਿੱਚ ਸਬਰ-ਸੰਤੋਖ ਦੇ ਧਾਰਨੀ ਬਣਾਉਣ ਦਾ ਕਾਰਜ ਕਰਦੀ ਹੈ। ਫਿਰ ਕਿੱਸਾ ਕਾਵਿ ਦੇ ਨਾਇਕ ਪੰਜਾਬੀਆਂ ਖ਼ਾਸ ਕਰ ਨੌਜਵਾਨਾਂ ਦੇ ਆਦਰਸ਼ ਹੋ ਨਿੱਬੜਦੇ ਹਨ। ਦੇਸ਼ਭਗਤੀ ਦਾ ਜਜ਼ਬਾ ਵੀ ਪੰਜਾਬੀ ਮਾਨਸਿਕਤਾ ਦਾ ਇੱਕ ਅਨਿੱਖੜਵਾਂ ਅੰਗ ਰਿਹਾ ਹੈ, ਕਿਉਂਕਿ ਇਕ ਸਰਹੱਦੀ ਪ੍ਰਾਂਤ ਹੋਣ ਕਾਰਨ ਪੰਜਾਬੀਆਂ ਨੂੰ ਹਮੇਸ਼ਾ ਹਮਲਾਵਰਾਂ ਨਾਲ ਟੱਕਰ ਲੈਣੀ ਹੀ ਪੈਂਦੀ ਸੀ। ਪੰਜਾਬੀ ਮਨੁੱਖ ਸਦੀਆਂ ਤੋਂ ਸਮਾਜਿਕ, ਸੱਭਿਆਚਾਰਕ, ਧਾਰਮਿਕ, ਰਾਜਨੀਤਕ, ਸਾਹਿਤਕ ਤਬਦੀਲੀਆਂ ਕਾਰਨ ਬਦਲਦਾ ਰਿਹਾ ਹੈ। ਜਦੋਂ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਵਰਤਮਾਨ ਸਥਿਤੀਆਂ ਵਿੱਚ ਪੰਜਾਬੀ ਦਾ ਸਰੂਪ ਵੇਖਿਆ ਜਾਂਦਾ ਹੈ ਤਾਂ ਇਹ ਪਰੰਪਰਾਗਤ ਪੰਜਾਬੀ ਨਾਲੋਂ ਵੱਖਰੇ ਰੂਪ ਵਿੱਚ ਪੇਸ਼ ਹੁੰਦਾ ਹੈ। ਸਬਰ-ਸੰਤੋਖ ਤੇ ਮਾਨਵੀ ਸਰੋਕਾਰਾਂ ਨਾਲ ਭਰਪੂਰ ਪੰਜਾਬੀ ਸੱਭਿਆਚਾਰ ਵਿਸ਼ਵੀਕਰਨ ਦੇ ਸਿੱਟੇ ਵਜੋਂ ਵਿਕਸਿਤ ਹੋਏ ਪਦਾਰਥਵਾਦੀ, ਭੌਤਿਕਵਾਦੀ ਨਿੱਜਵਾਦੀ ਤੇ ਮਾਨਵੀ ਸਰੋਕਾਰਾਂ ਤੋਂ ਵਿਹੂਣੇ ਖ਼ਪਤ ਸੱਭਿਆਚਾਰ ਦੀਆਂ ਜ਼ਰਬਾਂ ਸਹਿੰਦਾ ਹੈ ਜਿਸ 'ਚ ਹਕੀਕਤ ਨਾਲੋਂ ਬਣਾਵਟੀਪਨ ਦੀ ਪ੍ਰਵਿਰਤੀ ਵਧੇਰੇ ਕਾਰਜਸ਼ੀਲ ਹੈ। ਨਵ-ਪੂੰਜੀਵਾਦੀ ਸ਼ਕਤੀਆਂ ਦਾ ਹਥਿਆਰ ਮੀਡੀਆ ਵੀ ਪੰਜਾਬੀ ਵਿਅਕਤੀ ਦਾ ਅਜਿਹਾ ਨਕਾਰਾਤਮਿਕ ਬਿੰਬ ਸਿਰਜਦਾ ਹੈ ਜੋ ਪਰੰਪਰਾਗਤ ਪੰਜਾਬੀ ਨਾਲੋਂ ਬਿਲਕੁਲ ਉਲਟ ਹੈ। ਪੰਜਾਬੀ ਬੰਦੇ ਦਾ ਮੀਡੀਆ ਬਿੰਬ ਬੌਧਿਕ ਤੌਰ 'ਤੇ ਅਵਿਕਸਿਤ ਹੱਸਣ, ਨੱਚਣ ਵਾਲੇ ਜੋਕਰਨੁਮਾ ਵਿਅਕਤੀ ਦਾ ਹੈ, ਜੋ ਨਾ ਕਦੇ ਚਿੰਤਤ ਹੁੰਦਾ ਹੈ ਅਤੇ ਨਾ ਹੀ ਕਦੇ ਚਿੰਤਨ ਕਰਦਾ ਹੈ। ਭਾਵੇਂ ਪੰਜਾਬੀ ਬੰਦੇ ਦਾ ਅਜਿਹਾ ਅਕਸ ਕਿਸੇ ਸੋਚੀ-ਸਮਝੀ ਸਾਜਿਸ਼ ਅਧੀਨ ਬਣਾਇਆ ਜਾ ਰਿਹਾ ਹੋਵੇ, ਪ੍ਰੰਤੂ ਫਿਰ ਵੀ ਵਰਤਮਾਨ ਸਮੇਂ ਬਹੁਗਿਣਤੀ ਪੰਜਾਬੀਆਂ ਦੇ ਵਿਹਾਰ 'ਚੋਂ ਇਸ ਦੀ ਝਲਕ ਵੇਖੀ ਜਾ ਸਕਦੀ ਹੈ।

ਪੰਜਾਬੀ ਸੱਭਿਆਚਾਰ 'ਤੇ ਗੁਰਬਾਣੀ ਦਾ ਬਹੁਤ ਪ੍ਰਭਾਵ ਰਿਹਾ ਹੈ। ਗੁਰਮਤਿ ਚਿੰਤਨ ਸਿਰਫ਼ ਇੱਕ ਆਦਰਸ਼ਕ ਵਿਚਾਰਧਾਰਾ ਹੀ ਨਹੀਂ ਸਗੋਂ ਇੱਕ ਵਿਹਾਰਕ ਜੀਵਨ ਫ਼ਲਸਫਾ ਵੀ ਹੈ। ਗੁਰਬਾਣੀ 'ਚ ਇੱਕ ਆਦਰਸ਼ਕ ਮਨੁੱਖ ਲਈ ਗੁਰਮੁਖ ਦਾ ਸੰਕਲਪ ਪੇਸ਼ ਕੀਤਾ ਗਿਆ ਹੈ, ਜੋ ਬੁਰਾਈ ਤੋਂ ਰਹਿਤ ਚੰਗੇ ਗੁਣਾਂ ਨੂੰ ਆਪਣੀ ਜੀਵਨ-ਸ਼ੈਲੀ ਦਾ ਅੰਗ ਬਣਾਉਂਦਾ ਹੈ। ਗੁਰਬਾਣੀ 'ਬੇਗਮਪੁਰਾ' ਵਾਲੇ ਸਮਾਜ ਦਾ ਹੋਕਾ ਦਿੰਦੀ ਹੈ, ਗੁਰਮਤਿ ਚਿੰਤਨ ਦੀ ਕਰਮਭੂਮੀ ਦਾ ਖੇਤਰ ਵਧੇਰੇ ਕਰਕੇ ਪੰਜਾਬ ਹੋਣ ਕਰਕੇ ਇਥੋਂ ਦੇ ਵਸਨੀਕਾਂ 'ਤੇ ਇਸ ਦਾ ਕਾਫੀ ਪ੍ਰਭਾਵ ਰਿਹਾ ਹੈ। ਪੰਜਾਬੀ ਬੰਦੇ ਕੋਲੋਂ ਆਸ ਕੀਤੀ ਜਾਂਦੀ ਹੈ ਕਿ ਉਹ ਗੁਰਮੁਖ ਵਿਅਕਤੀ ਦੇ ਸਾਰੇ ਗੁਣਾਂ ਨੂੰ ਧਾਰਨ ਕਰੇ ਪ੍ਰੰਤੂ ਅਜੋਕੇ ਦੌਰ ਵਿੱਚ ਜਦੋਂ ਵਿਸ਼ਵੀਕਰਨ ਦਾ ਵਰਤਾਰਾ ਤੀਬਰ ਗਤੀ ਨਾਲ ਪੰਜਾਬੀ ਮਨੁੱਖ ਦੀ ਸਮੁੱਚੀ ਸ਼ਖ਼ਸੀਅਤ ਨੂੰ ਪ੍ਰਭਾਵਿਤ ਕਰ ਰਿਹਾ ਹੈ ਤਾਂ ਆਦਰਸ਼ਕ ਜੀਵਨ-ਸ਼ੈਲੀ ਨੂੰ ਛੱਡ ਕੇ ਪੰਜਾਬੀ ਮਨੁੱਖ ਮੀਡੀਆ ਤੇ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਸਿਰਜੀ ਗਈ ਪੱਛਮੀ ਪ੍ਰਭਾਵਾਂ ਵਾਲੀ ਜੀਵਨ-ਸ਼ੈਲੀ ਦਾ ਧਾਰਨੀ ਬਣਦਾ ਜਾ ਰਿਹਾ ਹੈ।

ਵਰਤਮਾਨ ਸਮੇਂ ਪੰਜਾਬੀ ਨੌਜਵਾਨਾਂ ਵਿਚ ਵਿਦੇਸ਼ ਜਾਣ ਦਾ ਰੁਝਾਨ ਉਨ੍ਹਾਂ ਦੀ ਮਾਨਸਿਕਤਾ ਦਾ ਅੰਗ ਬਣ ਚੁੱਕਾ ਹੈ। ਇਸ ਦੇ ਆਰਥਿਕ ਤੇ ਰਾਜਨੀਤਕ ਕਾਰਨਾਂ ਤੋਂ ਇਲਾਵਾ ਹੋਰ ਵੀ ਅਨੇਕਾਂ ਕਾਰਨ ਹਨ। ਪਹਿਲਾਂ ਪੰਜਾਬੀ ਸੈਨਿਕ ਹੋਵੇ ਜਾਂ ਵਪਾਰੀ ਪ੍ਰਦੇਸ ਕਮਾਈ ਕਰਨ ਲਈ ਜਾਂਦਾ ਸੀ ਅਤੇ ਉਸ ਦਾ ਮੁੱਖ ਮਨੋਰਥ ਵਾਪਸ ਆਪਣੇ ਦੇਸ਼ ਪਰਤਣਾ ਹੀ ਹੁੰਦਾ ਸੀ। ਪਰ ਅੱਜ ਪੰਜਾਬੀ ਬੇਰੁਜ਼ਗਾਰੀ ਤੇ ਮੁਸ਼ਕਿਲਾਂ ਨਾਲ ਲੜਨ ਦੀ ਬਜਾਏ ਭਾਂਜਵਾਦੀ ਰੁਚੀਆਂ ਤਹਿਤ ਜਲਦੀ ਤੋਂ ਜਲਦੀ ਕਾਨੂੰਨੀ ਤੇ ਗ਼ੈਰ-ਕਾਨੂੰਨੀ ਦੀ ਪ੍ਰਵਾਹ ਕੀਤੇ ਬਗੈਰ ਹਰ ਹੀਲਾ ਵਰਤ ਕੇ ਵਿਦੇਸ਼ ਜਾਣ ਵੱਲ ਰੁਚਿਤ ਹੈ। ਵਿਸ਼ਵੀਕਰਨ ਦੇ ਵਰਤਾਰੇ ਦਾ ਇਕ ਅਹਿਮ ਪੱਖ ਵਿਖਾਵਾਪ੍ਰਸਤੀ ਹੈ ਅਤੇ ਅਜੋਕੇ ਸੂਚਨਾ ਤਕਨਾਲੋਜੀ ਦੇ ਯੁੱਗ 'ਚ ਵਿਖਾਵੇ ਦੀ ਪ੍ਰਵਿਰਤੀ ਸਿਖ਼ਰਾਂ 'ਤੇ ਪੁੱਜ ਗਈ ਹੈ। ਸੋਸ਼ਲ ਮੀਡੀਆ ਫ਼ੇਸਬੁੱਕ, ਇੰਸਟਾਗ੍ਰਮ ਨੇ ਬੰਦੇ ਦੀ ਨਿੱਜਤਾ ਨੂੰ ਚੋਖੀ ਢਾਹ ਲਾਈ ਹੈ, ਪੰਜਾਬੀ ਆਪਣੀ ਨਿੱਜੀ ਜ਼ਿੰਦਗੀ ਦੇ ਪਲਾਂ ਨੂੰ ਵੀ ਸੋਸ਼ਲ ਮੀਡੀਏ ਉੱਪਰ ਸਾਂਝੇ ਕਰਨ ਲੱਗ ਪਏ ਹਨ। ਇਸ ਨਾਲ ਉਨ੍ਹਾਂ ਦਾ ਨਿੱਜੀ ਜੀਵਨ ਨਿੱਜੀ ਨਾ ਰਹਿ ਕੇ ਜਨਤਕ ਹੋ ਰਿਹਾ ਹੈ। ਭਾਵੇਂ ਅਜੋਕਾ ਪੰਜਾਬੀ ਮਨੁੱਖ ਸੰਚਾਰ ਸਾਧਨਾਂ ਅਥਵਾ ਆਪਣੇ ਜੀਵਨ ਵਿਹਾਰ ਵਿੱਚ ਇੱਕ ਖ਼ਪਤਵਾਦੀ ਉਪਭੋਗੀ ਮਨੁੱਖ ਦੇ ਤੌਰ 'ਤੇ ਪੇਸ਼ ਹੁੰਦਾ ਦਿਖਾਈ ਦਿੰਦਾ ਹੈ। ਪ੍ਰੰਤੂ ਇਹ ਉਸ ਦੀ ਉੱਪਰਲੀ ਦਿਖਾਵੇ ਦੀ ਪਰਤ ਹੈ ਜੋ ਮਖੌਟਾ ਉਸ ਨੂੰ ਮਜਬੂਰੀਵੱਸ ਚੜ੍ਹਾਉਣਾ ਪੈ ਰਿਹਾ ਹੈ। ਉਹ ਪਰੰਪਰਾਵਾਂ ਨੂੰ ਵਿਸਾਰਨਾ ਨਹੀਂ ਚਾਹੁੰਦਾ ਪ੍ਰੰਤੂ ਬਦਲੀਆਂ ਸਥਿਤੀਆਂ ਵਿੱਚ ਉਸ ਨੂੰ ਨਵੀਆਂ ਕਦਰਾਂ-ਕੀਮਤਾਂ ਨਾਲ ਜੁੜਨਾ ਪੈਂਦਾ ਹੈ। ਭਾਵੇਂ ਉਹ ਖ਼ਪਤ ਸੱਭਿਆਚਾਰ ਦੀਆਂ ਨਵੀਆਂ ਕਦਰਾਂ-ਕੀਮਤਾਂ, ਰਵਾਇਤਾਂ ਨੂੰ ਧਾਰਨ ਕਰਨ ਤੋਂ ਇਨਕਾਰੀ ਹੋਵੇ, ਪ੍ਰੰਤੂ ਉਸ ਨੂੰ ਨਵੀਆਂ ਸਥਾਪਿਤ ਹੋ ਰਹੀਆਂ ਕਦਰਾਂ-ਕੀਮਤਾਂ ਨੂੰ ਸਵੀਕਾਰ ਕਰਨਾ ਪੈਂਦਾ ਹੈ।

ਇਸ ਤੱਥ ਤੋਂ ਦ੍ਰਿਸ਼ਟਮਾਨ ਹੁੰਦਾ ਹੈ ਕਿ ਵਰਤਮਾਨ ਸਮੇਂ ਪੰਜਾਬੀ ਬੰਦਾ ਇੱਕ ਦਵੰਦ 'ਚੋਂ ਗੁਜ਼ਰ ਰਿਹਾ ਹੈ। ਉਹ ਸਮੇਂ ਦੇ ਹਾਣ ਦਾ ਬਣੇ ਰਹਿਣ ਲਈ ਵਿਸ਼ਵੀਕਰਨ ਦੁਆਰਾ ਸਿਰਜਤ ਖ਼ਪਤਵਾਦੀ ਸੱਭਿਆਚਾਰ ਦੀਆਂ ਵਸਤਾਂ, ਕਦਰਾਂ-ਕੀਮਤਾਂ ਨੂੰ ਅਪਣਾਉਂਦਾ ਹੈ। ਪ੍ਰੰਤੂ ਇਸ ਦੇ ਨਾਲ ਹੀ ਉਸਦੇ ਅਵਚੇਤਨ ਵਿੱਚ ਪਰੰਪਰਾਗਤ ਪੰਜਾਬੀ ਵਿਅਕਤੀ ਵੀ ਪਿਆ ਹੋਇਆ ਹੈ ਜੋ ਆਪਣੀਆਂ ਅਮੀਰ ਪਰੰਪਰਾਵਾਂ ਨਹੀਂ ਛੱਡਣਾ ਚਾਹੁੰਦਾ। ਸਿੱਟੇ ਵਜੋਂ ਦਵੰਦ ਦੀ ਸਥਿਤੀ 'ਚ ਪੰਜਾਬੀ ਸਮਝੌਤਾਵਾਦੀ ਬਣ ਜਾਂਦਾ ਹੈ, ਜਿਸ ਤੋਂ ਉਸ ਦੀ ਦਵੰਦਾਤਮਿਕ ਸ਼ਖ਼ਸੀਅਤ ਪ੍ਰਸਤੁਤ ਹੁੰਦੀ ਹੈ।

# ਹਵਾਈ ਯਾਤਰਾ ਦੇ ਨਿਯਮਾਂ 'ਚ ਲੋੜੀਂਦੀ ਸੋਧ ਜ਼ਰੂਰੀ

**ਤਰੁਣ ਗੁਪਤ**

ਬੀਤੇ ਦਿਨੀਂ ਭਾਰਤੀ ਹਵਾਈ ਅੱਡਿਆਂ 'ਤੇ ਭਾਰੀ ਅਰਾਜਕਤਾ ਦਿਸੀ। ਇਸ ਸਥਿਤੀ ਨੂੰ ਕਿਵੇਂ ਪ੍ਰਗਟ ਕੀਤਾ ਜਾਵੇ ? ਹਾਲਾਤ ਨਿਰਧਾਰਤ ਦੀ ਪ੍ਰਕਿਰਿਆ ਵਿੱਚ ਅਜਿਹੇ ਅਸਾਧਾਰਨ ਘਟਨਾਚੱਕਰ ਨੂੰ ਵਿਸ਼ਲੇਸ਼ਕ ਆਮ ਤੌਰ 'ਤੇ ਬਲੈਕ ਸਵਾਨ ਅਤੇ ਗ੍ਰੇ ਸਵਾਲ ਵਰਗੀਆਂ ਧਾਰਨਾਵਾਂ ਨਾਲ ਨਿਰਧਾਰਤ ਕਰਦੇ ਹਨ। ਇਨ੍ਹਾਂ ਵਿੱਚ ਬਲੈਕ ਸਵਾਨ ਇੱਕ ਅਣਕਿਆਸੀ, ਅਚਾਨਕ ਅਤੇ ਅਣਜਾਣੀ ਘਟਨਾ ਹੁੰਦੀ ਹੈ। ਇਸ ਦੇ ਗੰਭੀਰ ਅਤੇ ਉਲਟ ਨਤੀਜੇ ਨਿਕਲਦੇ ਹਨ। ਕੀ ਇੰਡੀਗੋ ਦੀਆਂ ਉਡਾਣਾਂ ਵਿੱਚ ਦੇਰੀ ਅਤੇ ਰੱਦ ਹੋਣ ਨੂੰ ਇਸ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ ? ਇਸ ਦੀ ਪੜਤਾਲ ਕਰੀਏ ਤਾਂ ਪਾਇਲਟਾਂ ਲਈ ਜ਼ਿਆਦਾ ਵਿਸ਼ਰਾਮ ਅਤੇ ਸੋਧੇ ਹੋਏ ਰੋਸਟਰ ਦੇ ਸਰਕਾਰੀ ਨਿਯਮ ਦੋ ਸਾਲ ਪਹਿਲਾਂ ਹੀ ਬਣ ਗਏ ਸਨ। ਏਅਰਲਾਈਨ ਕੰਪਨੀਆਂ ਨੂੰ ਇਸ ਦੀ ਪਾਲਣਾ ਕਰਨ ਦੀ ਤਿਆਰ ਲਈ ਢੁੱਕਵਾਂ ਸਮਾਂ ਦਿੱਤਾ ਗਿਆ। ਇਸ ਵਿਚ ਕੁਝ ਵੀ ਅਣਕਿਆਸਾ ਅਤੇ ਅਨਿਸ਼ਚਤ ਨਹੀਂ ਸੀ। ਸੁਭਾਵਕ ਹੈ ਕਿ ਪਾਲਣਾ ਦੀ ਘਾਟ ਵਿਚ ਬਦਇੰਤਜ਼ਾਮੀ ਉਪਜਣੀ ਹੀ ਸੀ ਅਤੇ ਅਜਿਹਾ ਹੀ ਹੋਇਆ ਵੀ। ਗ੍ਰੇ ਸਵਾਨ ਘਟਨਾਚੱਕਰ ਦਾ ਇਹ ਮਕਸਦ ਹੁੰਦਾ ਹੈ ਕਿ ਕਿਸੇ ਘਟਨਾ ਦੀ ਭਵਿੱਖਬਾਣੀ ਦੇ ਬਾਵਜੂਦ ਉਹ ਅਸੰਭਾਵਤ ਹੁੰਦੀ ਹੈ। ਅਜਹੀ ਘਟਨਾ ਦਾ ਭਾਰੀ ਉਲਟ ਅਸਰ ਪੈਂਦਾ ਹੈ। ਇੰਡੀਗੋ ਦੀ ਮੈਨੇਜਮੈਂਟ ਸੰਭਵ ਤੌਰ 'ਤੇ ਇਸੇ ਭਰਮ ਵਿਚ ਰਿਹਾ ਕਿ ਸਖ਼ਤ ਦਿਸ਼ਾ-ਨਿਰਦੇਸ਼ ਦਿਖਾਵਟੀ ਪਹਿਲ ਹਨ ਜਿਨ੍ਹਾਂ 'ਤੇ ਸ਼ਾਇਦ ਹੀ ਅਮਲ ਹੋਵੇ। ਸੋਧੇ ਹੋਏ ਨਿਯਮਾਂ ਨੂੰ ਲੈ ਕੇ ਲੰਬੇ ਸਮੇਂ ਤੱਕ ਢਿੱਲ-ਮੱਠ, ਪਾਲਣਾ ਦੀ ਹੱਦ ਵਧਾਉਂਦੇਰਹਿਣ ਦੇ ਬਾਵਜੂਦ ਕੀ ਇਹ ਵਾਕਈ ਇੰਨਾ ਅਣਕਿਆਸਾ ਸੀ ਕਿ ਕਦੇ ਤਾਂ ਰੈਗੂਲੇਟਰੀ ਸੰਸਥਾ ਹਵਾਈ ਸੁਰੱਖਿਆ ਅਤੇ ਬਿਹਤਰ ਕਾਰਜ-ਸੰਸਕ੍ਰਿਤੀ ਦੀ ਦਿਸ਼ਾ ਵਿੱਚ ਅੱਗੇ ਵਧੇਗੀ ?

ਬਲੈਕ ਅਤੇ ਗ੍ਰੇ ਸਵਾਨ ਨੂੰ ਲੈ ਕੇ ਸ਼ਸ਼ੋਪੰਜ ਦੌਰਾਨ ਮੈਨੂੰ ਰੈੱਡ ਸਵਾਨ ਜ਼ਿਆਦਾ ਢੁੱਕਵਾਂ ਲੱਗਿਆ। ਇਹ ਅਜਿਹੇ ਹਾਲਾਤ ਦਾ ਸੰਕੇਤ ਕਰਦਾ ਹੈ ਜਿਸ ਦੀ ਸੰਭਾਵਨਾ ਕਾਫ਼ੀ ਜ਼ਿਆਦਾ ਹੁੰਦੀ ਹੈ। ਅਕਸਰ ਚਰਚਾ ਦੇ ਨਾਲ ਉਸ ਦੀ ਚੇਤਾਵਨੀ ਵੀ ਦਿੱਤੀ ਜਾਂਦੀ ਹੈ। ਇਸ ਦੇ ਬਾਵਜੂਦ ਜ਼ਿੰਮੇਵਾਰ ਲੋਕਾਂ ਦੇ ਨਕਾਰਾਪਣ ਕਾਰਨ ਉਲਟ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ। ਡੀਜੀਸੀਏ ਨੇ ਸੋਧੀ ਹੋਈ ਉਡਾਣ ਡਿਊਟੀ ਸਮਾਂ ਹੱਦ (ਐੱਫਡੀਟੀਐੱਲ) ਦਾ ਐਲਾਨ ਲਗਪਗ ਦੋ ਸਾਲ ਪਹਿਲਾਂ ਕਰ ਦਿੱਤਾ ਸੀ। ਇੰਡੀਗੋ ਇਸ ਤੋਂ ਭਲੀਭਾਂਤ ਜਾਣੂ ਵੀ ਸੀ। ਫਿਰ ਵੀ, ਉਸ ਨੇ ਇਸ ਦੀ ਅਣਦੇਖੀ ਕਰਨੀ ਹੀ ਵਾਜਿਬ ਸਮਝੀ ਜੋ ਬਿਲਕੁਲ ਅਣਉੱਚਿਤ ਸੀ। ਸਪਸ਼ਟ ਹੈ ਕਿ ਉਹ ਨਵੇਂ ਨਿਯਮਾਂ ਕਾਰਨ ਪੈਣ ਵਾਲੇ ਵਿੱਤੀ ਬੋਝ ਤੋਂ ਬਚਣਾ ਚਾਹੁੰਦੀ ਸੀ। ਇਹ ਕੁਝ ਹੋਰ ਨਹੀਂ, ਸਗੋਂ ਬਾਜ਼ਾਰ ਦੀ ਸਿਰਕੱਢ ਕੰਪਨੀ ਦੀ ਮਨਮਰਜ਼ੀ ਦੀ ਮਿਸਾਲ ਹੈ। ਬਦਇੰਤਜ਼ਾਮੀ ਤੋਂ ਬਾਅਦ ਤੋਂ ਹੀ ਇਸ ਮਾਮਲੇ ਨਾਲ ਜੁੜੀਆਂ ਵੱਖ-ਵੱਖ ਧਿਰਾਂ ਸਪਸ਼ਟੀਕਰਨ ਦੇਣ ਵਿਚ ਲੱਗੀਆਂ ਹੋਈਆਂ ਹਨ। ਸਰਕਾਰ ਨੇ ਫ਼ਿਲਹਾਲ ਤਰਮੀਮਸ਼ੁਦਾ ਨਿਯਮ ਕੁਝ ਸਮੇਂ ਲਈ ਟਾਲਦੇ ਹੋਏ ਕਿਰਾਏ ਦੀ ਹੱਦ ਮਿੱਥ ਦਿੱਤੀ ਹੈ। ਇੰਡੀਗੋ ਨੇ ਮਾਫ਼ੀ ਮੰਗਦੇ ਹੋਏ ਬੁਕਿੰਗ ਧਨਰਾਸ਼ੀ ਵਾਪਸ ਕਰਨ ਦਾ ਐਲਾਨ ਕੀਤਾ ਹੈ। ਭਾਵੇਂ ਹੀ ਕੁਝ ਦਿਨਾਂ ਵਿਚ ਇਸ ਸੰਕਟ ਤੋਂ ਥੋੜ੍ਹੀ ਰਾਹਤ ਮਿਲ ਜਾਵੇ ਪਰ ਵੱਡਾ ਸਵਾਲ ਇਹੀ ਹੈ ਕਿ ਕੀ ਇਹ ਰਾਹਤ ਸਥਾਈ ਹੋਵੇਗੀ ?



ਸਾਲ ਦਾ ਵਿਸ਼ਲੇਸ਼ਣ ਕਰੀਏ ਤਾਂ ਭਾਰਤੀ ਏਅਰਲਾਈਨ ਖੇਤਰ ਲਈ ਇਹ ਸਾਲ ਕਾਫ਼ੀ ਖ਼ਰਾਬ ਰਿਹਾ। ਜੂਨ ਵਿੱਚ ਏਅਰ ਇੰਡੀਆ ਦਾ ਜਹਾਜ਼ ਹਾਦਸੇ ਦਾ ਸ਼ਿਕਾਰ ਬਣ ਗਿਆ। ਕੁਝ ਹੈਲੀਕਾਪਟਰ ਵੀ ਦੁਰਘਟਨਾਵਾਂ ਦੇ ਸ਼ਿਕਾਰ ਬਣੇ ਅਤੇ ਹੁਣ ਇੰਡੀਗੋ ਜਹਾਜ਼ਾਂ ਦੇ ਬੇੜੇ ਪਸਤ ਹੋਏ ਪਏ ਹਨ। ਆਖ਼ਰਕਾਰ ਇਸ ਦੀ ਤਪਸ਼ ਉਪਭੋਗਤਾਵਾਂ ਨੂੰ ਹੀ ਸਹਿਣੀ ਪੈਂਦੀ ਹੈ।

ਇਹ 'ਅੱਗੇ ਖੂਹ-ਪਿੱਛੇ ਟੋਆ' ਵਾਲੀ ਕਹਾਣੀ ਹੈ। ਇਹ ਕਿੰਨੀ ਵੱਡੀ ਤ੍ਰਾਸਦੀ ਹੈ ਕਿ ਯਾਤਰੀਆਂ ਦੀ ਸੁਰੱਖਿਆ ਅਤੇ ਸਹੂਲਤ ਵਿਚਾਲੇ ਕਿੰਨੇ ਵੱਡਾ ਰੌਲੇ-ਘਚੌਲੇ ਵਾਲੀ ਸਥਿਤੀ ਹੈ। ਇਹ ਬਹਿਸ ਦੀ ਗੱਲ ਹੀ ਨਹੀਂ ਹੈ ਕਿ ਯਾਤਰੀਆਂ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਹੋਵੇ ਜਾਂ ਪਾਇਲਟਾਂ ਨੂੰ ਵਿਸ਼ਰਾਮ ਦੇਣ ਵਾਲੇ ਨਿਯਮਾਂ ਵਿੱਚ ਕੋਈ ਢਿੱਲ ਦਿੱਤੀ ਜਾਵੇ। ਕਾਕਪਿਟ ਵਿੱਚ ਕੰਮ ਦੇ ਬੋਝ ਹੇਠਾਂ ਦੱਬੇ ਅਤੇ ਢੁੱਕਵੇਂ ਆਰਾਮ ਤੋਂ ਵਿਰਵੇ ਪਾਇਲਟ ਹਰਗਿਜ਼ ਨਹੀਂ ਹੋਣੇ ਚਾਹੀਦੇ ਪਰ ਕੀ ਅਜਿਹੀ ਵਿਆਪਕ ਸੁਰੱਖਿਆ ਦੀ ਕੀਮਤ ਵੱਡੇ ਪੈਮਾਨੇ 'ਤੇ ਉਡਾਣਾਂ ਦੇ ਰੱਦ ਹੋਣ ਅਤੇ ਅਰਾਜਕਤਾ ਨੂੰ ਸੱਦਾ ਦੇ ਕੇ ਹੀ ਅਦਾ ਕੀਤੀ ਜਾਵੇਗੀ ?

ਬੇਸ਼ੱਕ ਸੁਰੱਖਿਆ ਸਭ ਤੋਂ ਉੱਪਰ ਹੈ ਪਰ ਸਾਨੂੰ ਉਸ ਤੋਂ ਅੱਗੇ ਵੀ ਜਾਣਾ ਹੋਵੇਗਾ। ਜਿਵੇਂ ਯਾਤਰੀਆਂ ਦੀਆਂ ਸਹੂਲਤਾਂ ਅਤੇ ਅਨੁਭਵ ਦਾ ਪੱਧਰ। ਸੇਵਾ ਕੇਤਰ ਦਾ ਹਿੱਸਾ ਹੋਣ ਦੇ ਨਾਲ ਹੀ ਏਅਰਲਾਈਨਜ਼ ਵਿੱਚ ਮਹਿਮਾਨ-ਨਿਵਾਜ਼ੀ ਸੇਵਾ ਦਾ ਵੀ ਵਿਸਥਾਰ ਮੰਨਿਆ ਜਾਂਦਾ ਹੈ। ਹਾਲਾਂਕਿ ਅਸਲੀਅਤ ਇਸ ਤੋਂ ਕੋਹਾਂ ਦੂਰ ਹੈ। ਸਹੂਲਤਾਂ ਦੀ ਗੱਲ ਛੱਟੋ, ਇੱਥੇ ਤਾਂ ਯਾਤਰੀ ਮੁੱਢਲੇ ਉਪਭੋਗਤਾ ਅਧਿਕਾਰਾਂ ਲਈ ਹੀ ਜੂਝਦੇ ਹਨ। ਭਾਰਤ ਵਿੱਚ ਯਾਤਰੀਆਂ ਦੇ ਅਧਿਕਾਰ ਨਾਲ ਜੁੜੇ ਦਸਤਾਵੇਜ਼ ਬੇਮਾਅਨੇ ਹੀ ਹਨ। ਉਨ੍ਹਾਂ 'ਤੇ ਕਦੇ-ਕਦਾਈਂ ਹੀ ਕੋਈ ਕਾਰਵਾਈ ਹੁੰਦੀ ਹੈ। ਹੁੰਦੀ ਵੀ ਹੈ ਤਾਂ ਸਿਰਫ਼ ਖਾਣ-ਪੀਣ ਅਤੇ ਰਿਫੰਡ ਵਰਗੇ ਮੁੱਦਿਆਂ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੀ ਹੈ। ਵਿਕਸਤ ਦੇਸ਼ਾਂ ਦੇ ਉਲਟ ਭਾਰਤ ਵਿੱਚ ਏਅਰਲਾਈਨ ਕੰਪਨੀ ਨੂੰ ਸੰਚਾਲਨ ਵਿੱਚ ਅਸਮਰੱਥਾ ਵਾਸਤੇ ਦੰਡਿਤ ਨਹੀਂ ਕੀਤਾ ਜਾਂਦਾ। ਤੁਸੀਂ ਭਾਵੇਂ ਹੀ ਘੱਟ ਦਰਾਂ ਵਾਲੀ ਟਿਕਟ ਐਡਵਾਂਸ ਵਿੱਚ ਬੁੱਕ ਕਰ ਕੇ ਰੱਖੋ ਪਰ ਨਿਰਧਾਰਤ ਉਡਾਣ ਦੇਰੀ ਨਾਲ ਉੱਡਣ ਜਾਂ ਰੱਦ ਹੋਣ ਦੀ ਸਥਿਤੀ ਵਿੱਚ ਬਦਲਵੀਂ ਟਿਕਟ ਖ਼ਰੀਦਣ ਲਈ ਮਜਬੂਰ ਯਾਤਰੀ ਨੂੰ ਮੂਲ ਟਿਕਟ ਤੋਂ ਮਿਲਣ ਵਾਲੇ ਰਿਫੰਡ ਤੋਂ ਕਿਤੇ ਜ਼ਿਆਦਾ ਕੀਮਤ ਅਦਾ ਕਰਨੀ ਪੈਂਦੀ ਹੈ।

ਏਅਰਲਾਈਨ ਬਿਨਾਂ ਕਿਸੇ ਅਗਾਊਂ ਸੂਚਨਾ ਦੇ ਉਡਾਣ ਵਿੱਚ ਦੇਰੀ ਅਤੇ ਉਸ ਨੂੰ ਰੱਦ ਤੱਕ ਕਰ ਸਕਦੀ ਹੈ ਪਰ ਯਾਤਰੀ ਦਾ ਥੋੜ੍ਹੀ ਜਿਹੀ ਵੀ ਦੇਰੀ ਨਾਲ ਆਪਣਾ ਅਸਵੀਕਾਰ ਕਰਨ ਦੇ ਯੋਗ ਹੈ। ਸੰਚਾਲਨ ਦੇ ਪੱਧਰ 'ਤੇ ਇਹ ਇੱਕ ਲਾਜ਼ਮੀਅਤ ਹੋ ਸਕਦੀ ਹੈ ਪਰ ਸਪਸ਼ਟ ਤੌਰ 'ਤੇ ਇਕਤਰਫ਼ਾ ਹੈ। ਨਿਯਮਾਂ ਵਿੱਚ ਇੰਨੀ ਸੋਧ ਤਾਂ ਜ਼ਰੂਰੀ ਹੈ ਕਿ ਏਅਰਲਾਈ ਨੂੰ ਉਸ ਦੀ ਗ਼ਲਤੀ ਕਾਰਨ ਦੇਰੀ ਨਾਲ ਉੱਡਣ ਜਾਂ ਰੱਦ ਹੋਣ ਵਾਲੀ ਉਡਾਣ ਦੇ ਇਵਜ਼ ਵਿੱਚ ਯਾਤਰੀਆਂ ਨੂੰ ਢੁੱਕਵੀਂ ਮੁਆਵਜ਼ਾ ਰਾਸ਼ੀ ਦੇਣੀ ਲਾਜ਼ਮੀ ਹੋਵੇ। ਯੂਰਪ ਅਤੇ ਅਮਰੀਕਾ ਵਿੱਚ ਇਹ ਇਕ ਆਮ ਚਲਨ ਹੈ।

ਇੰਡੀਗੋ 'ਤੇ ਸਖ਼ਤ ਕਾਰਵਾਈ ਦਾ ਐਲਾਨ, ਉਸ ਦੀਆਂ ਉਡਾਣਾਂ ਦੀ ਗਿਣਤੀ ਵਿਚ ਕਟੌਤੀ ਅਤੇ ਸੁਰੱਖਿਆ ਮਾਪਦੰਡਾਂ 'ਤੇ ਕੋਈ ਸਮਝੌਤਾ ਨਾ ਕਰਨ ਦੀ ਸਰਕਾਰ ਦੀ ਪਹਿਲ ਸ਼ਲਾਘਾਯੋਗ ਹੈ। ਬਾਜ਼ਾਰ ਦੀ ਮੋਹਰੀ ਕੰਪਨੀ ਦੇ ਖੰਭ ਕੁਤਰਨ ਦੇ ਇਸ ਯਤਨ ਵਿੱਚ ਭਾਵੀਂ ਹੀ ਸਮਾਜਵਾਦੀ ਦੌਰ ਦੇ ਚਲਨ ਦਾ ਜੋਖ਼ਮ ਦਿਸਦਾ ਹੋਵੇ ਪਰ ਵਰਤਮਾਨ ਸਥਿਤੀ ਵਿੱਚ ਇਹ ਮੁੱਖ ਮੁੱਦੇ ਨੂੰ ਵਿਸਾਰਨ ਵਰਗਾ ਹੀ ਹੋਵੇਗਾ। ਸਰਕਾਰ ਦੀ ਇਹ ਕਾਰਵਾਈ ਕਿਸੇ ਕੰਪਨੀ 'ਤੇ ਵਾਰ ਦੀ ਬਜਾਏ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਦੇ ਤੌਰ 'ਤੇ ਦੇਖੀ ਜਾਣੀ ਚਾਹੀਦੀ ਹੈ। ਵੈਸੇ ਵੀ ਬੇਲੋੜੀਆਂ ਸੇਵਾਵਾਂ ਵਿਚ ਕਿਸੇ ਵੀ ਤਰ੍ਹਾਂ ਦੀ ਅਜਾਰੇਦਾਰੀ ਪੂਰੀ ਤਰ੍ਹਾਂ ਅਸਵੀਕਾਰ ਹੋਣੀ ਚਾਹੀਦੀ ਹੈ। ਪੂੰਜੀਵਾਦ ਅਤੇ ਮੁਕਤ ਬਾਜ਼ਾਰ ਦੇ ਗੜ੍ਹ ਮੰਨੇ ਜਾਣ ਵਾਲੇ ਅਮਰੀਕਾ ਵਿੱਚ ਵੀ ਅਹਿਮ ਸੇਵਾਵਾਂ ਵਿੱਚ ਅਜਾਰੇਦਾਰੀ ਨਾਲ ਸਿੱਝਣ ਵਾਸਤੇ ਚੌਕਸੀ ਦਾ ਭਾਵ ਰਿਹਾ ਹੈ। ਦੋ ਕੰਪਨੀਆਂ ਦੀ ਚੜ੍ਹਤ ਮੁਕਤ ਬਾਜ਼ਾਰ ਦੀ ਚੰਗੀ ਸਿਹਤ ਦਾ ਸੰਕੇਤ ਨਹੀਂ ਕਿਹਾ ਜਾ ਸਕਦਾ।

ਭਾਰਤ ਵਿਸ਼ਵ ਦਾ ਤੀਜਾ ਸਭ ਤੋਂ ਵੱਡਾ ਏਅਰਲਾਈਨ ਬਾਜ਼ਾਰ ਅਤੇ ਚੌਥੀ ਸਭ ਤੋਂ ਵੱਡੀ ਆਰਥਿਕਤਾ ਹੈ ਪਰ ਇੱਥੋਂ ਦਆਂ ਦੋ ਏਅਰਲਾਈਜ਼-ਇੰਡੀਗੋ (65 ਪ੍ਰਤੀਸ਼ਤ) ਅਤੇ ਏਅਰ ਇੰਡੀਆ (30 ਫ਼ੀਸਦ) ਹੀ 95 ਪ੍ਰਤੀਸ਼ਤ ਦੀ ਹਿੱਸੇਦਾਰੀ ਨਾਲ ਲਗਪਗ ਪੂਰੇ ਬਾਜ਼ਾਰ 'ਤੇ ਕਬਜ਼ਾ ਕਰੀ ਬੈਠੀਆਂ ਹਨ। ਸਾਨੂੰ ਬਾਜ਼ਾਰ ਵਿੱਚ ਕੁਝ ਹੋਰ ਏਅਰਲਾਈਨਾਂ ਦੇ ਨਾਲ ਹੀ ਸਾਰਥਕ ਨੀਤੀਗਤ ਦਖ਼ਲਅੰਦਾਜ਼ੀ ਦੀ ਜ਼ਰੂਰਤ ਹੈ। ਭਾਰਤੀ ਬਾਜ਼ਾਰ ਤੇਜ਼ੀ ਨਾਲ ਵਿਸਥਾਰ ਕਰ ਰਿਹਾ ਹੈ ਅਤੇ ਹਵਾਈ ਖੇਤਰ ਸਬੰਧੀ ਬੁਨਿਆਦੀ ਢਾਂਚੇ ਨੂੰ ਵੀ ਇਸ ਤੇਜ਼ੀ ਨਾਲ ਸੁਰ-ਤਾਲ ਮਿਲਾਉਣੇ ਹੋਣਗੇ। ਯਾਤਰੀਆਂ ਦੀ ਸੁਰੱਖਿਆ ਅਤੇ ਸੰਤੁਸ਼ਟੀ ਇਸ ਮਹੱਤਵਪੂਰਨ ਖੇਤਰ ਦੇ ਮੂਲ ਵਿੱਚ ਹੋਣੀ ਚਾਹੀਦੀ ਹੈ।

# ਸਰਕਾਰਾਂ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਕਰਨ ਵਿੱਚ ਕਿਉਂ ਫ਼ੇਲ੍ਹ ?



**ਨਰਪਿੰਦਰ ਧਾਲੀਵਾਲ**



ਉੱਤਰੀ ਭਾਰਤ, ਖ਼ਾਸ ਕਰਕੇ ਪੰਜਾਬ ਵਿੱਚ ਕਿਸਾਨੀ ਨੂੰ ਕੁਦਰਤ ਦੀ ਮਾਰ ਤੋਂ ਬਚਾਉਣ ਅਤੇ ਕੁਦਰਤੀ ਖੇਤੀ ਅਤੇ ਨਵੀਆਂ ਫ਼ਸਲੀ ਕਿਸਮਾਂ ਦੇ ਕੇ ਕਿਸਾਨਾਂ ਦੀ ਰੋਜ਼ੀ-ਰੋਟੀ ਸੁਰੱਖਿਅਤ ਕਰਨ ਵਿੱਚ ਸਰਕਾਰਾਂ ਅਸਫਲ ਰਹੀਆਂ ਹਨ, ਹਾਲਾਂਕਿ ਕਿਸਾਨਾਂ ਦੀ ਆਰਥਿਕਤਾ ਦੀ ਸੁਰੱਖਿਆ ਸਮੇਂ ਦੀ ਲੋੜ ਹੋਣ ਦੇ ਨਾਲ-ਨਾਲ ਦੇਸ਼ ਦੇ ਵੀ ਹਿਤ ਵਿੱਚ ਹੈ। ਹੜ੍ਹਾਂ ਵਰਗੀ ਗੰਭੀਰ ਸਮੱਸਿਆਵਾਂ ਨਾਲ ਨਜਿੱਠਣ ਲਈ ਕੇਂਦਰ ਤੇ ਸੂਬਾਈ ਸਰਕਾਰਾਂ ਬੀਤੇ ਸਮੇਂ ਅੰਦਰ ਕੋਈ ਠੋਸ ਨੀਤੀ ਬਣਾਉਣ ਵਿੱਚ ਅਸਫਲ ਰਹੀਆਂ ਹਨ, ਜਿਸ ਕਾਰਨ ਹਰ ਸਾਲ ਦੇਸ਼ ਅੰਦਰ ਖ਼ਾਸ ਕਰਕੇ ਪੰਜਾਬ 'ਚ ਕਿਸਾਨਾਂ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਉਠਾਉਣਾ ਪੈਂਦਾ ਹੈ। ਦੂਜੇ ਪਾਸੇ ਵਾਤਾਵਰਨ, ਜੰਗਲਾਤ ਤੇ ਜਲਵਾਯੂ ਪਰਿਵਰਤਨ ਮੰਤਰਾਲੇ ਨੇ ਧਰਤੀ ਦੇ ਵਧਦੇ ਤਾਪਮਾਨ ਅਤੇ ਮੌਸਮੀ ਤਬਦੀਲੀਆਂ ਨਾਲ ਨਜਿੱਠਣ ਲਈ ਇੱਕ ਵਿਆਪਕ ਰਣਨੀਤੀ ਬਣਾਉਣ ਦੇ ਦਾਅਵੇ ਪੇਸ਼ ਕੀਤੇ ਹਨ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਉੱਤਰੀ ਭਾਰਤ ਦੇ ਮੈਦਾਨੀ ਇਲਾਕਿਆਂ, ਖ਼ਾਸ ਕਰਕੇ ਪੂਰਬੀ ਉੱਤਰ ਪ੍ਰਦੇਸ਼ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਕਿਸਾਨਾਂ ਦੀ ਸੁਰੱਖਿਆ ਲਈ ਕਈ ਅਹਿਮ ਯੋਜਨਾਵਾਂ ਜੰਗੀ ਪੱਧਰ 'ਤੇ ਲਾਗੂ ਕੀਤੀਆਂ ਜਾ ਰਹੀਆਂ ਹਨ।



ਸਭ ਤੋਂ ਪਹਿਲਾਂ, ਭਾਰਤ ਸਰਕਾਰ ਨੇ ਜਲਵਾਯੂ ਤਬਦੀਲੀ ਦਾ ਟਾਕਰਾ ਕਰਨ ਲਈ 'ਰਾਸ਼ਟਰੀ ਕਾਰਜ ਯੋਜਨਾ' ਤਿਆਰ ਕੀਤੀ ਹੈ, ਜਿਸ ਅਧੀਨ ਸੂਰਜੀ ਊਰਜਾ, ਪਾਣੀ ਤੇ ਖੇਤੀਬਾੜੀ ਵਰਗੇ ਪ੍ਰਮੁੱਖ ਖੇਤਰਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਇਸ ਮਿਸ਼ਨ ਦਾ ਮੁੱਖ ਉਦੇਸ਼ ਖੇਤੀਬਾੜੀ ਖੇਤਰ ਨੂੰ ਬਦਲਦੇ ਹਾਲਾਤ ਦੇ ਅਨੁਕੂਲ ਬਣਾਉਣਾ ਹੈ, ਤਾਂ ਜੋ ਕਿਸਾਨਾਂ ਨੂੰ ਆਰਥਿਕ ਨੁਕਸਾਨ ਤੋਂ ਬਚਾਇਆ ਜਾ ਸਕੇ। ਇਸ ਦੇ ਨਾਲ ਹੀ ਪਾਣੀ ਦੀ ਬੱਚਤ ਲਈ ਸਰਕਾਰ ਨੇ ਸਿੰਚਾਈ ਵਾਸਤੇ 'ਹਰ ਬੂੰਦ, ਵਧੇਰੇ ਪੈਦਾਵਾਰ' ਮੁਹਿੰਮ ਚਲਾਉਣ ਦੀ ਗੱਲ ਦੁਹਰਾਈ ਹੈ, ਜਿਸ ਨਾਲ ਖੇਤਾਂ ਵਿੱਚ ਪਾਣੀ ਦੀ ਸੁਚੱਜੀ ਵਰਤੋਂ ਲਈ ਤੁਪਕਾ ਤੇ ਫੁਹਾਰਾ ਪ੍ਰਣਾਲੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਜ਼ਮੀਨ ਦੀ ਉਪਜਾਊ ਸ਼ਕਤੀ ਬਰਕਰਾਰ ਰੱਖਣ ਲਈ 'ਮਿੱਟੀ ਸਿਹਤ ਕਾਰਡ' ਜਾਰੀ ਕੀਤੇ ਜਾ ਰਹੇ ਹਨ, ਜੋ ਕਿਸਾਨਾਂ ਨੂੰ ਖਾਦਾਂ ਦੀ ਸਹੀ ਵਰਤੋਂ ਬਾਰੇ ਵਿਗਿਆਨਕ ਜਾਣਕਾਰੀ ਪ੍ਰਦਾਨ ਕਰਦੇ ਹਨ। ਬਰਸਾਤੀ ਖੇਤਰਾਂ 'ਚ ਖੇਤੀ ਨੂੰ ਲਾਹੇਵੰਦ ਬਣਾਉਣ ਲਈ ਵਿਸ਼ੇਸ਼ ਵਿਕਾਸ ਯੋਜਨਾ ਲਾਗੂ ਕੀਤੀ ਗਈ ਹੈ। ਇਸ ਯੋਜਨਾ ਦਾ ਧੁਰਾ 'ਏਕੀਕ੍ਰਿਤ ਖੇਤੀ ਪ੍ਰਣਾਲੀ' ਹੈ, ਜਿਸ ਦਾ ਮਕਸਦ ਪੈਦਾਵਾਰ ਵਧਾਉਣਾ ਤੇ ਮੌਸਮੀ ਅਨਿਸਚਿਤਤਾ ਕਾਰਨ ਹੋਣ ਵਾਲੇ ਨੁਕਸਾਨ ਦੇ ਖ਼ਤਰੇ ਨੂੰ ਘੱਟ ਤੋਂ ਘੱਟ ਕਰਨਾ ਹੈ। ਕੇਂਦਰ ਸਰਕਾਰ ਨੇ ਕਈ ਰਾਜਾਂ ਲਈ ਵੱਖਰੇ ਤੌਰ 'ਤੇ 'ਰਾਜ ਕਾਰਜ ਯੋਜਨਾਵਾਂ' ਤਿਆਰ ਕਰਨ ਵਿੱਚ ਮਦਦ ਕਰਨ ਦੀ ਗੱਲ ਵੀ ਕਹੀ ਹੈ। ਜਿਸ 'ਚ ਖ਼ਾਸ ਤੌਰ 'ਤੇ ਉੱਤਰ ਪ੍ਰਦੇਸ਼ ਲਈ ਖੇਤੀਬਾੜੀ ਤੇ ਸਹਾਇਕ ਕਿੱਤਿਆਂ ਨੂੰ ਮੌਸਮੀ ਮਾਰ ਤੋਂ ਬਚਾਉਣ ਲਈ ਪੰਜ ਮੁੱਖ ਰਣਨੀਤੀਆਂ ਦੀ ਪਛਾਣ ਕੀਤੀ ਗਈ ਹੈ, ਤਾਂ ਜੋ ਸਥਾਨਕ ਚੁਣੌਤੀਆਂ ਦਾ ਸਹੀ ਹੱਲ ਕੱਢਿਆ ਜਾ ਸਕੇ।

ਕਿਸਾਨਾਂ ਨੂੰ ਕੁਦਰਤੀ ਆਫ਼ਤਾਂ ਤੋਂ ਸੁਚੇਤ ਕਰਨ ਲਈ ਬਨਾਰਸ ਹਿੰਦੂ ਯੂਨੀਵਰਸਿਟੀ ਵਿਖੇ ਇੱਕ ਵਿਸ਼ੇਸ਼ ਕੇਂਦਰ ਸਥਾਪਿਤ ਕੀਤਾ ਗਿਆ ਹੈ। ਇਹ ਕੇਂਦਰ ਗਰਮੀ-ਸਰਦੀ ਦੀਆਂ ਲਹਿਰਾਂ ਤੇ ਭਾਰੀ ਮੀਂਹ ਬਾਰੇ ਅਗਾਊਂ ਜਾਣਕਾਰੀ ਦਿੰਦਾ ਹੈ। ਮੌਸਮ ਵਿਭਾਗ ਦੇ ਸਹਿਯੋਗ ਨਾਲ ਤਿਆਰ ਕੀਤੀਆਂ ਗਈਆਂ ਇਹ ਫਸਲ-ਅਧਾਰਿਤ ਸਲਾਹਾਂ ਮੋਬਾਈਲ ਸੰਦੇਸ਼ਾਂ ਤੇ ਰੇਡੀਓ ਰਾਹੀਂ ਸਿੱਧੀਆਂ ਕਿਸਾਨਾਂ ਤੱਕ ਪਹੁੰਚਾਈਆਂ ਜਾਂਦੀਆਂ ਹਨ। ਸਰਕਾਰ ਨੇ ਜਲਵਾਯੂ ਅਨੁਕੂਲ ਖੇਤੀ ਲਈ ਇੱਕ ਨੈੱਟਵਰਕ ਪ੍ਰੋਜੈਕਟ ਤਹਿਤ ਉੱਤਰ ਪ੍ਰਦੇਸ਼ 'ਚ ਤਬਦੀਲੀਆਂ ਦਾ ਮੁਕਾਬਲਾ ਕਰਨ ਲਈ ਨਵੀਨਤਮ ਤਕਨੀਕਾਂ ਅਪਣਾਉਣ ਦੀ ਵਕਾਲਤ ਕੀਤੀ ਹੈ, ਪਰ ਪੰਜਾਬ ਦਾ ਕਿਧਰੇ ਨਾਂਅ ਦਿਖਾਈ ਨਹੀਂ ਦੇ ਰਿਹਾ, ਹਾਲਾਂਕਿ ਗੁਆਂਢੀ ਸੂਬੇ ਹਿਮਾਚਲ ਤੇ ਜੰਮੂ-ਕਸ਼ਮੀਰ ਦੀਆਂ ਪਹਾੜੀਆਂ ਤੋਂ ਆਉਂਦੇ ਪਾਣੀ ਕਾਰਨ ਪੰਜਾਬ ਨੂੰ ਹਰ ਸਾਲ ਵੱਡਾ ਹਰਜਾਨਾ ਭੁਗਤਣਾ ਪੈਂਦਾ ਹੈ। ਪਰ ਦਾਅਵੇ ਕੀਤੇ ਜਾ ਰਹੇ ਹਨ ਕਿ ਰਵਾਇਤੀ ਖੇਤੀ ਨੂੰ ਉਤਸ਼ਾਹ ਦੇਣ ਲਈ 'ਪਰੰਪਰਾਗਤ ਕ੍ਰਿਸ਼ੀ ਵਿਕਾਸ ਯੋਜਨਾ' ਤਹਿਤ ਜੈਵਿਕ ਖੇਤੀ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਝੋਨੇ ਤੇ ਕਣਕ ਦੀ ਬਿਜਾਈ ਦੇ ਆਧੁਨਿਕ ਤਰੀਕੇ (ਜਿਵੇਂ ਜ਼ੀਰੋ ਟਿੱਲ ਬਿਜਾਈ) ਅਤੇ ਮੌਸਮ ਦੀ ਮਾਰ ਝੱਲਣ ਦੇ ਸਮਰੱਥ ਫ਼ਸਲਾਂ ਦੀਆਂ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਬਾਰੇ ਕਿਸਾਨਾਂ ਨੂੰ ਜਾਣਕਾਰੀਆਂ ਦਿੱਤੀਆਂ ਜਾ ਰਹੀਆਂ ਹਨ। ਕੇਂਦਰ ਸਰਕਾਰ ਨੇ ਭਰੋਸਾ ਦਿਵਾਇਆ ਹੈ ਕਿ ਉਹ ਹੜ੍ਹਾਂ ਵਰਗੀਆਂ ਗੰਭੀਰ ਸਮੱਸਿਆਵਾਂ ਨਾਲ ਨਜਿੱਠਣ ਲਈ ਵੀ ਰਾਜਾਂ ਨੂੰ ਹਰ ਸੰਭਵ ਤਕਨੀਕੀ ਤੇ ਵਿੱਤੀ ਮਦਦ ਮੁਹੱਈਆ ਕਰਵਾਏਗੀ। ਇਸ ਦਾ ਉਦੇਸ਼ ਸੰਕਟਗ੍ਰਸਤ ਖੇਤੀ ਖੇਤਰਾਂ ਵਿੱਚ ਨੁਕਸਾਨ ਨੂੰ ਘਟਾਉਣਾ ਤੇ ਕਿਸਾਨਾਂ ਦੀ ਰੋਜ਼ੀ-ਰੋਟੀ ਨੂੰ ਸੁਰੱਖਿਅਤ ਕਰਨਾ ਹੈ।

# ਕਿਝ ਹੋਵੇ ਐੱਸ. ਆਈ. ਆਰ. ਵਿਵਾਦ ਦਾ ਹੱਲ ?

**ਅਵੀਜੀਤ ਪਾਠਕ**

ਜਾਪਦਾ ਹੈ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਕੀਤੀ ਜਾ ਰਹੀ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਐੱਸ. ਆਈ. ਆਰ.) ਦੇ ਢੰਗ-ਤਰੀਕਿਆਂ 'ਚ ਸਭ ਸਹੀ ਨਹੀਂ ਹੈ। ਦਰਅਸਲ, ਪੱਛਮੀ ਬੰਗਾਲ ਦੀਆਂ ਰਿਪੋਰਟਾਂ ਤੋਂ ਸੰਕੇਤ ਮਿਲਦਾ ਹੈ ਕਿ ਇਸ ਨੇ ਆਮ ਨਾਗਰਿਕਾਂ ਦੇ ਨਾਲ ਨਾਲ ਬੂਥ ਪੱਧਰ ਦੇ ਅਧਿਕਾਰੀਆਂ (ਬੀ. ਐੱਲ. ਓਜ਼.) ਵਿੱਚ ਵੀ ਗੰਭੀਰ ਤਣਾਅ ਅਤੇ ਚਿੰਤਾ ਪੈਦਾ ਕਰ ਦਿੱਤੀ ਹੈ। ਬੇਅੰਤ ਕੰਮ ਦੇ ਬੋਝ ਕਾਰਨ ਚਾਰ ਬੀ. ਐੱਲ. ਓਜ਼. ਦੀ ਖ਼ੁਦਕੁਸ਼ੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਦੇ ਨਾਲ ਇਸ ਗੱਲ 'ਤੇ ਵੀ ਧਿਆਨ ਦੇਣਾ ਓਨਾ ਹੀ ਜ਼ਰੂਰੀ ਹੈ ਕਿ ਆਮ ਨਾਗਰਿਕ ਇਸ ਗੱਲੋਂ ਬਹੁਤ ਪ੍ਰੇਸ਼ਾਨ ਹਨ ਕਿ ਉਨ੍ਹਾਂ ਨੂੰ ਕਿਹੜੇ ਦਸਤਾਵੇਜ਼ ਪੇਸ਼ ਕਰਨੇ ਪੈਣਗੇ ਤਾਂ ਜੋ ਉਨ੍ਹਾਂ ਦੇ ਨਾਮ ਸੋਧੀ ਹੋਈ ਵੋਟਰ ਸੂਚੀ ਵਿੱਚੋਂ ਬਾਹਰ ਨਾ ਹੋਣ। ਵਿਰੋਧੀ ਪਾਰਟੀਆਂ ਦਾ ਇਲਜ਼ਾਮ ਹੈ ਕਿ ਇਸ ਭੈਅ ਨਾਲ 40 ਲੋਕ ਪਹਿਲਾਂ ਹੀ ਮਰ ਚੁੱਕੇ ਹਨ। ਕੀ ਐੱਸ. ਆਈ. ਆਰ. ਰਾਹੀਂ ਸਰਕਾਰ ਸਾਨੂੰ ਇਹ ਸਾਬਿਤ ਕਰਨ ਲਈ ਕਹਿ ਰਹੀ ਹੈ ਕਿ ਅਸੀਂ ਭਾਰਤੀ ਹਾਂ, ਸਾਡੇ ਮਾਪੇ ਭਾਰਤੀ ਹਨ ਅਤੇ ਅਸੀਂ ਗ਼ੈਰਕਾਨੂੰਨੀ ਪਰਵਾਸੀ ਨਹੀਂ ਹਾਂ? ਅਤੇ ਖ਼ਾਸਕਰ ਪੱਛਮੀ ਬੰਗਾਲ ਵਰਗੇ ਸਰਹੱਦੀ ਸੂਬਿਆਂ ਵਿੱਚ ਇਸ ਚਿੰਤਾ ਨੇ ਇੱਕ ਨਵਾਂ ਹੀ ਰੂਪ ਧਾਰ ਲਿਆ ਹੈ।

ਜ਼ਰਾ ਕਲਪਨਾ ਕਰੋ ਕਿ ਇਹ ਚਿੰਤਾ ਕਿੰਨੀ ਤੇਜ਼ੀ ਨਾਲ ਫੈਲ ਰਹੀ ਹੈ। ਭਾਵੇਂ ਮੈਂ ਦਿੱਲੀ ਵਿੱਚ ਰਹਿੰਦਾ ਹਾਂ, ਮੈਂ ਵੀ ਆਪਣੇ ਸਾਰੇ ਦਸਤਾਵੇਜ਼ਾਂ ਨੂੰ ਠੀਕ ਕਰਨ ਵਿੱਚ ਲੱਗ ਗਿਆ ਹਾਂ: ਉਹ ਦਸਤਾਵੇਜ਼ ਜੋ ਇਹ ਸਾਬਤ ਕਰ ਸਕਦੇ ਹਨ ਕਿ ਮੇਰਾ ਜਨਮ ਭਾਰਤ ਵਿੱਚ ਹੋਇਆ ਸੀ, ਮੇਰੇ ਮਾਪੇ ਭਾਰਤੀ ਸਨ ਅਤੇ ਮੇਰਾ ਨਾਮ 2002 ਦੀ ਵੋਟਰ ਸੂਚੀ ਵਿੱਚ ਸ਼ਾਮਲ ਸੀ। ਮੇਰੇ ਪਿਤਾ ਇੱਕ ਸਰਕਾਰੀ ਅਫ਼ਸਰ ਸਨ। ਤਿੰਨ ਦਹਾਕਿਆਂ ਤੋਂ ਵੱਧ ਸਮਾਂ ਮੈਂ ਇੱਕ ਕੇਂਦਰੀ ਯੂਨੀਵਰਸਿਟੀ ਵਿੱਚ ਪੜ੍ਹਾਇਆ। ਮੈਨੂੰ ਅੱਜ ਵੀ ਉਹ ਦਿਨ ਯਾਦ ਹੈ ਜਦੋਂ ਮੈਂ ਸਬੰਧਿਤ ਅਧਿਕਾਰੀਆਂ ਨੂੰ ਆਪਣੇ ਰਿਹਾਇਸ਼ੀ ਪਤੇ, ਜਨਮ ਮਿਤੀ ਅਤੇ ਪਿਤਾ ਦੇ ਨਾਂ ਦੇ ਸਾਰੇ ਪ੍ਰਮਾਣਿਕ ਸਬੂਤਾਂ ਨਾਲ ਸੰਤੁਸ਼ਟ ਕਰਨ ਤੋਂ ਬਾਅਦ ਆਧਾਰ ਕਾਰਡ ਦੀ ਅਰਜ਼ੀ ਦੇਣ ਲਈ ਲੰਮੀ ਕਤਾਰ ਵਿੱਚ ਲੱਗਾ ਸੀ। ਮੇਰਾ ਪੈਨ ਅਤੇ ਆਧਾਰ ਆਪਸ ਵਿੱਚ ਜੁੜੇ ਹੋਏ ਹਨ। ਮੈਂ ਨਿਯਮਿਤ ਤੌਰ 'ਤੇ ਆਪਣਾ ਆਮਦਨ ਕਰ ਅਦਾ ਕਰਦਾ ਹਾਂ। ਮੇਰੇ ਕੋਲ ਪਾਸਪੋਰਟ ਹੈ। ਫਿਰ ਵੀ ਮੈਂ ਇਸ ਸਦੀਵੀ ਚਿੰਤਾ ਵਿੱਚ ਹੀ ਘਿਰਿਆ ਹੋਇਆ ਹਾਂ। ਕੌਣ ਜਾਣਦਾ ਹੈ ਕਿ ਕੱਲ੍ਹ ਨੂੰ ਸਰਕਾਰ ਮੈਨੂੰ ਕਹਿ ਦੇਵੇ ਬਈ ਇਹ ਦਸਤਾਵੇਜ਼ ਕਾਫ਼ੀ ਨਹੀਂ ਹਨ? ਜ਼ਰਾ ਆਧਾਰ ਦੀ ਹੋਣੀ ਬਾਰੇ ਸੋਚੋ। ਇਸ ਦੀ ਲੋੜ ਹਰ ਥਾਂ ਹੈ- ਬੈਂਕਾਂ ਵਿੱਚ, ਹਵਾਈ ਅੱਡਿਆਂ 'ਤੇ, ਸਕੂਲਾਂ ਵਿੱਚ, ਹਸਪਤਾਲਾਂ ਵਿੱਚ ਅਤੇ ਇੱਥੋਂ ਤੱਕ ਕਿ ਸ਼ਮਸ਼ਾਨਘਾਟਾਂ ਵਿੱਚ ਵੀ। ਪਰ ਹੁਣ ਸਾਨੂੰ ਦੱਸਿਆ ਜਾ ਰਿਹਾ ਹੈ ਕਿ ਆਧਾਰ ਨਾਗਰਿਕਤਾ ਦਾ ਸਬੂਤ ਨਹੀਂ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਭਾਵੇਂ ਤੁਹਾਡੇ ਕੋਲ ਵੋਟਰ ਫੋਟੋ ਸ਼ਨਾਖਤੀ ਕਾਰਡ ਨੰਬਰ ਹੈ, ਪਰ ਕਿਸੇ ਅਣਦੱਸੀ ਵਜ੍ਹਾ ਕਰ ਕੇ ਤੁਹਾਡਾ ਨਾਂ 2002 ਦੀ ਵੋਟਰ ਸੂਚੀ ਵਿੱਚ ਨਹੀਂ ਲੱਭਿਆ ਜਾ ਸਕਿਆ ਤਾਂ ਤੁਸੀਂ ਮੁਸੀਬਤ ਵਿੱਚ ਹੋ। ਦਰਅਸਲ, ਮੈਂ ਚਿੰਤਤ ਹਾਂ। ਜੇਕਰ ਮੇਰੇ ਵਰਗਾ ਇੱਕ ਖ਼ੁਸ਼ਹਾਲ ਵਿਅਕਤੀ ਇਸ ਚਿੰਤਾ ਅਤੇ ਸ਼ੰਕਾ ਤੋਂ ਨਹੀਂ ਬਚ ਸਕਦਾ ਤਾਂ ਕਲਪਨਾ ਕਰੋ ਕਿ ਕੋਈ ਪਰਵਾਸੀ ਮਜ਼ਦੂਰ, ਟਰਾਂਸਜੈਂਡਰ ਵਿਅਕਤੀ, ਝੁੱਗੀ-ਝੌਂਪੜੀ ਵਿੱਚ ਰਹਿਣ ਵਾਲਾ ਜਾਂ ਸਾਧਾਰਨ ਕਿਸਾਨ ਕਿਹੋ ਜਿਹੇ ਫ਼ਿਕਰਾਂ ਵਿੱਚੋਂ ਲੰਘ ਰਹੇ ਹੋਣਗੇ।



ਹਾਲਾਂਕਿ, ਇਹ ਸਿਰਫ਼ ਮੇਰੀ ਜਾਂ ਤੁਹਾਡੀ ਚਿੰਤਾ ਦੀ ਗੱਲ ਨਹੀਂ ਹੈ। ਦਰਅਸਲ, ਜੇ ਅਸੀਂ ਹੋਰ ਡੂੰਘਾਈ ਵਿੱਚ ਜਾਣਾ ਚਾਹੀਏ ਤਾਂ ਸਾਨੂੰ ਅਜੋਕੇ ਰਾਸ਼ਟਰ ਦੇ ਅਸਲ ਸੁਭਾਅ ਨੂੰ ਸਮਝਣਾ ਪਏਗਾ ਜੋ ਸਵਾਧੀਨਤਾ ਅਤੇ ਮਨੁੱਖੀ ਅਧਿਕਾਰਾਂ ਦੇ ਕਿੱਸਿਆਂ ਦੇ ਬਾਵਜੂਦ ਜਾਸੂਸੀ ਨੂੰ ਆਮ ਕਰਨ ਅਤੇ ਰੋਜ਼ਾਨਾ ਜੀਵਨ ਦੇ ਨਿਰੰਤਰ ਦਸਤਾਵੇਜ਼ੀਕਰਨ ਰਾਹੀਂ ਆਪਣੇ ਨਾਗਰਿਕਾਂ ਉੱਤੇ ਮੁਕੰਮਲ ਅਖ਼ਤਿਆਰ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਹੈਰਾਨੀ ਦੀ ਗੱਲ ਨਹੀਂ ਕਿ ਆਮ ਨਾਗਰਿਕ ਹੋਣ ਨਾਤੇ ਅਸੀਂ ਨਿਰੰਤਰ ਭੈਅ ਦੇ ਨਾ ਮੁੱਕਣ ਵਾਲੇ ਚੱਕਰ ਵਿੱਚ ਘੁੰਮ ਰਹੇ ਹਾਂ। ਸਾਨੂੰ ਇੱਕ ਦਫ਼ਤਰ ਤੋਂ ਦੂਜੇ ਵੱਲ ਭੱਜਣ ਅਤੇ 'ਦਸਤਾਵੇਜ਼ਾਂ' ਨੂੰ ਠੀਕ ਰੱਖਣ ਲਈ ਮਜਬੂਰ ਕੀਤਾ ਜਾਂਦਾ ਹੈ। ਕੱਲ੍ਹ ਇਹ ਲਾਜ਼ਮੀ ਦਸਤਾਵੇਜ਼ ਆਧਾਰ ਸੀ, ਜੋ ਤੁਹਾਡੇ ਸਰੀਰ ਦੇ ਕਿਸੇ ਮਹੱਤਵਪੂਰਨ ਅੰਗ ਵਾਂਗ ਸੀ ਤੇ ਇਸ ਤੋਂ ਬਿਨਾਂ ਤੁਸੀਂ ਕੁਝ ਵੀ ਨਹੀਂ ਸੀ! ਇਸ ਤੋਂ ਇਲਾਵਾ ਤਕਨੀਕੀ ਵਿਕਾਸ ਦੇ ਨਾਲ ਤੁਹਾਡਾ ਈ-ਮੇਲ ਪਤਾ ਜਾਂ ਤੁਹਾਡਾ ਮੋਬਾਈਲ ਫੋਨ ਨੰਬਰ ਤੁਹਾਡੀ ਪਛਾਣ ਨੂੰ ਪਰਿਭਾਸ਼ਿਤ ਕਰਨ ਲੱਗਾ ਹੈ। ਇਹ ਤੁਹਾਡੇ ਆਧਾਰ, ਪੈਨ ਅਤੇ ਬੈਂਕ ਖਾਤੇ ਨਾਲ ਜੁੜਿਆ ਹੋਣਾ ਚਾਹੀਦਾ ਹੈ। ਕਲਪਨਾ ਕਰੋ ਕਿ ਤੁਸੀਂ ਆਪਣਾ ਸਮਾਰਟ ਫੋਨ ਗੁਆ ਲਿਆ ਹੈ ਅਤੇ ਉਸ ਤੀਬਰ ਚਿੰਤਾ ਬਾਰੇ ਸੋਚੋ ਜੋ ਤੁਹਾਨੂੰ ਘੇਰਦੀ ਹੈ। ਇਹ ਸਿਰਫ਼ ਤੁਹਾਡੇ ਫੋਨ ਦਾ ਨੁਕਸਾਨ ਨਹੀਂ ਹੈ, ਤੁਹਾਡੀ ਪਛਾਣ ਦਾ ਨੁਕਸਾਨ ਹੈ; ਇਹ ਦੁਨੀਆ ਤੋਂ ਇੱਕ ਕਿਸਮ ਦੇ ਤੋੜ-ਵਿਛੋੜੇ ਦੇ ਅਨੁਭਵ ਵਰਗਾ ਹੈ। ਇਸ ਤੋਂ ਇਲਾਵਾ ਹੁਣ ਕੁਝ ਵੀ ਨਿੱਜੀ ਜਾਂ ਪ੍ਰਾਈਵੇਟ ਨਹੀਂ ਲੱਗਦਾ। ਡੇਟਾ ਵਿਗਿਆਨ ਦੇ ਯੁੱਗ ਵਿੱਚ ਤੁਹਾਡਾ ਈ-ਮੇਲ ਪਤਾ ਜਾਂ ਮੋਬਾਈਲ ਫੋਨ ਨੰਬਰ ਹਰ ਜਗ੍ਹਾ ਪਹੁੰਚ ਗਿਆ ਹੈ। ਤੁਹਾਡੇ ਹਰ ਕੰਮ ਦੀ ਲਗਾਤਾਰ ਨਿਗਰਾਨੀ ਅਤੇ ਸਮੀਖਿਆ ਹੁੰਦੀ ਹੈ। ਇਸ ਲਈ ਕੀ ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਤੁਹਾਨੂੰ ਅਤੇ ਮੈਨੂੰ ਹਰ ਤਰ੍ਹਾਂ ਦੇ ਸੰਦੇਸ਼ ਪ੍ਰਾਪਤ ਹੁੰਦੇ ਰਹਿੰਦੇ ਹਨ- ਪ੍ਰਾਪਰਟੀ ਡੀਲਰਾਂ ਤੋਂ ਲੈ ਕੇ ਵਿੱਤੀ ਮਾਹਿਰਾਂ ਤੱਕ ਅਤੇ ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਦੇ ਦਫ਼ਤਰ ਤੋਂ ਵੀ? ਇਸ ਜਾਸੂਸ ਮਸ਼ੀਨਰੀ ਦਾ ਹਿੱਸਾ ਬਣਨਾ ਕੋਈ ਚੰਗਾ ਅਹਿਸਾਸ ਨਹੀਂ ਹੈ। ਇਹ ਡਰ, ਤਣਾਅ ਅਤੇ ਚਿੰਤਾ ਵਧਾਉਂਦਾ ਹੈ। ਇਹ ਤੁਹਾਡੀ ਨਿੱਜਤਾ 'ਤੇ ਹਮਲਾ ਹੈ।

ਦਰਅਸਲ, ਤੁਹਾਡੇ ਮਨੁੱਖੀ ਸਾਰ-ਤੱਤ ਨੂੰ ਤੁਹਾਡੇ ਬਾਇਓਮੈਟ੍ਰਿਕਸ ਜਾਂ ਤੁਹਾਡੀ ਪਛਾਣ ਦੇ ਸਬੂਤ, ਭਾਵੇਂ ਉਹ ਰਾਸ਼ਨ ਕਾਰਡ ਹੋਵੇ, ਪਾਸਪੋਰਟ ਹੋਵੇ ਜਾਂ ਉਪਯੋਗਤਾ ਬਿੱਲ ਜੋ ਤੁਹਾਡੇ ਰਿਹਾਇਸ਼ੀ ਪਤੇ ਨੂੰ ਸਾਬਿਤ ਕਰਦਾ ਹੈ, ਤੱਕ ਸੀਮਤ ਕਰਨ ਦਾ ਇਹ ਕੰਮ ਉਸ ਚੀਜ਼ ਨੂੰ ਗੰਭੀਰ ਨੁਕਸਾਨ ਪਹੁੰਚਾਉਂਦਾਹੈ ਜੋ ਸਾਨੂੰ ਮਨੁੱਖ ਬਣਾਉਂਦੀ ਹੈ- ਭਰੋਸੇ ਦੀ ਤਾਕਤ। ਇਹ ਇੱਕ ਸੱਭਿਅਕ ਸਮਾਜ ਦੀ ਅਸਲ ਭਾਵਨਾ ਨੂੰ ਖ਼ਤਮ ਕਰਦਾ ਹੈ। ਇਸ ਗੱਲ 'ਤੇ ਗ਼ੌਰ ਕਰੋ, ਮੈਂ ਪੱਛਮੀ ਬੰਗਾਲ ਦੇ ਆਪਣੇ ਜੱਦੀ ਸ਼ਹਿਰ ਵਿੱਚ ਇੱਕ ਮੁਸਲਿਮ ਗੁਆਂਢੀ ਨੂੰ ਜਾਣਦਾ ਹਾਂ। ਮੈਂ ਜਾਣਦਾ ਹਾਂ ਕਿ ਉਸ ਦੇ ਮਾਪੇ/ਦਾਦਾ-ਦਾਦੀ ਇੱਥੇ ਪੈਦਾ ਹੋਏ ਸਨ। ਪਰ ਫਿਰ ਕਿਸੇ ਅਣਦੱਸੀ ਵਜ੍ਹਾ ਕਰਕੇ ਉਸ ਨੂੰ 2002 ਦੀ ਵੋਟਰ ਸੂਚੀ ਵਿੱਚ ਆਪਣਾ ਨਾਮ ਨਹੀਂ ਲੱਭਿਆ। ਸਰਕਾਰ ਉਸ 'ਤੇ ਸ਼ੱਕ ਕਰਨਾ ਸ਼ੁਰੂ ਕਰ ਦਿੰਦੀ ਹੈ ਅਤੇ ਫ਼ਿਰਕੂ ਸਿਆਸਤ ਦੇ ਵਾਇਰਸ ਨੂੰ ਜਿਊਂਦਾ ਰੱਖਣ ਦੇ ਚਾਹਵਾਨ ਇਹ ਦੋਸ਼ ਲਗਾਉਣ ਲੱਗਦੇ ਹਨ ਕਿ ਇੱਥੇ ਬੰਗਲਾਦੇਸ਼ ਤੋਂ ਆਇਆ ਇੱਕ ਗ਼ੈਰਕਾਨੂੰਨੀ ਪਰਵਾਸੀ ਰਹਿ ਰਿਹਾ ਹੈ। ਇੱਕ ਸੱਭਿਅਕ ਸਮਾਜ ਦੇ ਨਿਤਾਰੇ ਨਾਲੋਂ ਅਖੌਤੀ ਪ੍ਰਮਾਣਿਕ 'ਦਸਤਾਵੇਜ਼ਾਂ' ਵਿੱਚ ਵਧੇਰੇ ਵਿਸ਼ਵਾਸ ਰੱਖਣ ਵਾਲੀ ਸਰਕਾਰ ਲਈ ਤੁਹਾਡੇ ਅਤੇ ਮੇਰੇ ਵਿਚਾਰ ਦਾ ਕੋਈ ਮਹੱਤਵ ਨਹੀਂ ਹੈ। ਹੋਰ ਆਖ਼ਰ ਟੈਕਨੋ-ਫਾਸ਼ੀਵਾਦ ਕੀ ਹੈ? ਮਨੁੱਖੀ ਅਨੁਭਵ ਦੀ ਪ੍ਰਮਾਣਿਕਤਾ ਉੱਤੇ 'ਦਸਤਾਵੇਜ਼ਾਂ' ਦੀ ਸ੍ਰੇਸ਼ਠਤਾ?

ਸ਼ਾਇਦ ਸਾਨੂੰ ਜਾਸੂਸੀ ਅਤੇ ਦਸਤਾਵੇਜ਼ੀਕਰਨ ਜਾਂ ਮਾਨਵੀ ਤੱਤ ਨੂੰ ਇੱਕ 'ਰਸਮੀ ਪ੍ਰਵਾਨਗੀ' ਪ੍ਰਾਪਤ ਪਛਾਣ ਦੇ ਸਬੂਤ ਤੱਕ ਸੀਮਤ ਕਰਨ ਦਾ ਵਿਰੋਧ ਕਰਨ ਲਈ ਕਿਸੇ ਕਿਸਮ ਦੇ ਉਦਾਰਵਾਦੀ ਰਾਜਨੀਤਕ ਸੱਭਿਆਚਾਰ ਅਤੇ ਸਿੱਖਿਆ ਪ੍ਰਣਾਲੀ ਦੀ ਲੋੜ ਹੈ। ਸਾਨੂੰ ਭਾਈਚਾਰਕ ਜੀਵਨ ਦੀ ਸੁਧਾਰਵਾਦੀ ਸ਼ਕਤੀ, ਸਿਵਿਲ ਸੁਸਾਇਟੀ ਦੇ ਜੋਸ਼ ਅਤੇ ਸੰਚਾਰੀ ਤਰਕਸ਼ੀਲਤਾ ਦੇ ਜਾਦੂ ਨੂੰ ਬਹਾਲ ਕਰਨ ਅਤੇ ਮਹੱਤਵ ਦੇਣ ਦੀ ਲੋੜ ਹੈ। ਇਹ ਢੁੱਕਵਾਂ ਸਮਾਂ ਹੈ ਕਿ ਅਸੀਂ ਇਸ ਨੂੰ ਮਹਿਸੂਸ ਕਰੀਏ। ਨਹੀਂ ਤਾਂ ਅਸੀਂ ਡਰ ਅਤੇ ਚਿੰਤਾ ਨਾਲ ਜੀਵਾਂਗੇ, ਅਸੀਂ ਹਰ ਕਿਸੇ 'ਤੇ ਸ਼ੱਕ ਕਰਾਂਗੇ, ਆਪਣੇ ਆਪ 'ਤੇ ਸ਼ੱਕ ਕਰਾਂਗੇ ਅਤੇ ਮਰਨ ਵੇਲੇ ਵੀ ਅਸੀਂ ਆਪਣੇ ਸਾਰੇ 'ਦਸਤਾਵੇਜ਼ਾਂ' ਨੂੰ ਠੀਕ ਰੱਖਣ ਦੀ ਕੋਸ਼ਿਸ਼ ਕਰਾਂਗੇ ਤਾਂ ਜੋ ਮੌਤ ਦਾ ਵੀ ਇੱਕ 'ਅਧਿਕਾਰਤ' ਸਰਟੀਫਿਕੇਟ ਜਾਰੀ ਕੀਤਾ ਜਾ ਸਕੇ।

*** ਲੇਖਕ ਸਮਾਜ ਸ਼ਾਸਤਰੀ ਹੈ।**

# ਵਿੱਤੀ ਅਤੇ ਆਮਦਨ ਵੰਡ ਨੀਤੀਆਂ 'ਚੋਂ ਪੈਦਾ ਹੁੰਦੀ ਹੈ ਆਰਥਿਕ ਨਾ-ਬਰਾਬਰੀ

**ਡਾ. ਕੇਸਰ ਸਿੰਘ ਭੰਗੂ**

ਨਵੰਬਰ 2025 ਵਿੱਚ ਵਿਸ਼ਵ ਪ੍ਰਸਿੱਧ ਅਰਥਸ਼ਾਸਤਰੀ ਜੋਸਫ਼ ਈ ਸਟਿਗਲਿਟਜ਼ ਦੀ ਅਗਵਾਈ ਵਾਲੀ ਜੀ-20 ਸਮੂਹ ਦੀ ਸੁਤੰਤਰ ਮਾਹਿਰਾਂ ਦੀ ਇੱਕ ਕਮੇਟੀ ਨੇ ਦੁਨੀਆ ਭਰ ਵਿੱਚ ਵਧ ਰਹੀ ਆਰਥਿਕ ਨਾ-ਬਰਾਬਰੀ ਦੀ ਖ਼ਤਰਨਾਕ ਅਲਾਮਤ ਨੂੰ ਉਜਾਗਰ ਕੀਤਾ ਹੈ। ਇਸ ਰਿਪੋਰਟ ਵਿੱਚ 2000-2024 ਦੇ ਅੰਕੜਿਆਂ ਅਨੁਸਾਰ ਦੁਨੀਆ ਦੇ 83 ਪ੍ਰਤੀਸ਼ਤ ਦੇਸ਼ਾਂ ਵਿੱਚ ਕਾਫ਼ੀ ਜ਼ਿਆਦਾ ਆਰਥਿਕ ਨਾ-ਬਰਾਬਰੀ ਦਰਜ ਕੀਤੀ ਗਈ ਹੈ ਤੇ ਇਨ੍ਹਾਂ ਦੇਸ਼ਾਂ ਵਿੱਚ ਦੁਨੀਆ ਦੀ ਲਗਭਗ 90 ਪ੍ਰਤੀਸ਼ਤ ਆਬਾਦੀ ਵਸਦੀ ਹੈ। ਰਿਪੋਰਟ ਵਿੱਚ ਆਰਥਿਕ ਨਾ-ਬਰਾਬਰੀ ਨੂੰ ਦਰਸਾਉਣ ਲਈ ਵਿਸ਼ਵ ਬੈਂਕ ਦੀ ਪਰਿਭਾਸ਼ਾ ਵਰਤੀ ਗਈ ਹੈ ਜਿਸ ਮੁਤਾਬਕ ਜੇਕਰ ਕਿਸੇ ਦੇਸ਼ ਦਾ ਆਰਥਿਕ ਨਾ-ਬਰਾਬਰੀ ਸਬੰਧੀ ਗਿਨੀ ਗੁਣਾਂਕ 0.4 ਤੋਂ ਵੱਧ ਹੋਵੇ ਤਾਂ ਉਸ ਦੇਸ਼ ਨੂੰ ਉੱਚ ਦਰਜੇ ਦੀ ਆਰਥਿਕ ਨਾ-ਬਰਾਬਰੀ ਵਾਲਾ ਦੇਸ਼ ਕਿਹਾ ਜਾਂਦਾ ਹੈ। ਆਰਥਿਕ ਨਾ-ਬਰਾਬਰੀ ਨੂੰ ਸਮਝਣਾ ਅਤੇ ਘਟਾਉਣ ਲਈ ਯਤਨਸ਼ੀਲ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਦੁਨੀਆ, ਦੇਸ਼, ਸਮਾਜ, ਰਾਜਨੀਤੀ, ਸਭਿਆਚਾਰ ਅਤੇ ਹੋਰ ਬਹੁਤ ਸਾਰੇ ਪਹਿਲੂਆਂ ਉੱਤੇ ਮਾੜੇ ਪ੍ਰਭਾਵ ਪਾਉਂਦੀ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਆਰਥਿਕ ਨਾ-ਬਰਾਬਰੀ ਦੇ ਵਿਸ਼ੇ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ ਅਤੇ ਇਸ ਦੇ ਕਾਰਨ ਕੀ ਹਨ, ਕਿਵੇਂ ਇਸ ਨੂੰ ਘਟਾਇਆ ਜਾ ਸਕਦਾ ਹੈ ਤੇ ਇਸ ਦੇ ਅਸਰਾਂ 'ਤੇ ਲਗਾਤਾਰ ਖੋਜ ਕਰਕੇ ਨੀਤੀਆਂ ਬਣਾਈਆਂ ਜਾਣ ਤਾਂ ਜੋ ਉਨ੍ਹਾਂ ਨੂੰ ਸਹੀ ਦਿਸ਼ਾ ਵੱਲ ਮੋੜਿਆ ਜਾ ਸਕੇ।

ਸੰਨ 2000 ਤੋਂ ਬਾਅਦ ਆਮਦਨ ਦੇ ਮਾਮਲੇ 'ਚ ਦੁਨੀਆ ਵਿੱਚ ਨਾ-ਬਰਾਬਰੀ ਥੋੜ੍ਹੀ ਜਿਹੀ ਘਟੀ ਹੈ। ਇਸ ਦੇ ਮੁੱਖ ਕਾਰਨਾਂ ਵਿੱਚੋਂ ਪਹਿਲਾ, ਦੁਨੀਆ ਦੇ ਦੋ ਬਹੁਤ ਵੱਡੀ ਆਬਾਦੀ ਵਾਲੇ ਦੇਸ਼ਾਂ ਭਾਰਤ ਅਤੇ ਚੀਨ ਦੀ ਵਿਕਾਸ ਦਰ ਕਾਫ਼ੀ ਉੱਚੀ ਰਹੀ ਹੈ। ਦੂਜਾ, ਦੁਨੀਆ ਦੇ ਬਹੁਤ ਸਾਰੇ ਗ਼ਰੀਬ ਅਤੇ ਪੱਛੜੇ ਦੇਸ਼ਾਂ ਵਿੱਚ ਵੀ ਵਿਕਾਸ ਦੀ ਗਤੀ ਵਿੱਚ ਮਾਮੂਲੀ ਤੇਜ਼ੀ ਵੇਖੀ ਗਈ ਹੈ। ਤੀਜਾ, ਦੁਨੀਆ ਵਿੱਚ ਆਮਦਨ ਨਾ-ਬਰਾਬਰੀ ਸਬੰਧੀ ਅੰਕੜਿਆਂ ਦੀ ਘਾਟ ਹੈ ਅਤੇ ਉਨ੍ਹਾਂ ਬਾਰੇ ਭਰੋਸੇਯੋਗਤਾ ਦੀ ਕਮੀ ਵੀ ਹੈ। ਇਸ ਦੇ ਬਾਵਜੂਦ ਦੁਨੀਆ ਵਿੱਚ ਹਾਲੇ ਵੀ ਆਮਦਨ ਨਾ-ਬਰਾਬਰੀ ਬਹੁਤ ਵੱਡੇ ਪੱਧਰ 'ਤੇ ਦੇਖੀ ਜਾ ਸਕਦੀ ਹੈ ਕਿਉਂਕਿ ਆਮਦਨ ਵੰਡ ਦਾ ਗਿਨੀ ਗੁਣਾਂਕ 0.61 ਹੈ ਜਿਹੜਾ ਕਿ ਬਹੁਤ ਉੱਚਾ ਹੈ। ਜਦੋਂ ਧਨ-ਦੌਲਤ ਤੇ ਸੰਪਤੀ ਦੀ ਵੰਡ ਵੱਲ ਦੇਖਦੇ ਹਾਂ ਤਾਂ ਤਸਵੀਰ ਕੁਝ ਹੋਰ ਹੀ ਕਹਿੰਦੀ ਹੈ ਕਿਉਂਕਿ 2000 ਤੋਂ 2024 ਦੌਰਾਨ ਜਿੰਨੀ ਵੀ ਨਵੀਂ ਧਨ-ਦੌਲਤ ਪੈਦਾ ਹੋਈ ਹੈ, ਉਸ ਦਾ 41 ਪ੍ਰਤੀਸ਼ਤ ਉਤਲੇ ਇੱਕ ਪ੍ਰਤੀਸ਼ਤ ਅਮੀਰਾਂ ਦੇ ਹਿੱਸੇ ਆਇਆ ਹੈ, ਜਦੋਂਕਿ ਸਾਡੇ ਦੇਸ਼ ਵਿੱਚ 62 ਪ੍ਰਤੀਸ਼ਤ ਅਤੇ ਚੀਨ ਵਿੱਚ 54 ਪ੍ਰਤੀਸ਼ਤ ਨਵਾਂ ਪੈਦਾ ਹੋਈ ਧਨ-ਦੌਲਤ ਇੱਕ ਪ੍ਰਤੀਸ਼ਤ ਅਮੀਰ ਲੋਕਾਂ ਦੇ ਹਿੱਸੇ ਆਈ। ਇਸ ਦੇ ਉਲਟ ਦੁਨੀਆ ਭਰ ਵਿੱਚ ਹੇਠਲੇ 50 ਪ੍ਰਤੀਸ਼ਤ ਲੋਕਾਂ ਦੇ ਹਿੱਸੇ ਕੇਵਲ 1 ਪ੍ਰਤੀਸ਼ਤ ਧਨ-ਦੌਲਤ ਹੀ ਆਈ। ਸੰਸਾਰ ਵਿੱਚ ਚਾਰ ਵਿੱਚੋਂ ਇੱਕ ਵਿਅਕਤੀ ਦਰਮਿਆਨੇ ਜਾਂ ਭਿਆਨਕ ਪੱਧਰ ਦੀ ਭੁੱਖਮਰੀ ਦਾ ਸ਼ਿਕਾਰ ਹੈ। ਆਲਮੀ ਭੁੱਖਮਰੀ ਰਿਪੋਰਟ, 2024 ਦੇ ਅੰਕੜਿਆਂ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ 'ਗਲੋਬਲ ਹੰਗਰ ਇੰਡੈਕਸ' (ਜੀਐੱਚਆਈ 2024) ਮੁਤਾਬਕ ਭਾਰਤ ਦੁਨੀਆ ਭਰ ਦੇ 145 ਦੇਸ਼ਾਂ ਦੇ ਸਰਵੇਖਣ ਵਿੱਚੋਂ 105ਵੇਂ ਨੰਬਰ 'ਤੇ ਹੈ ਅਤੇ ਭੁੱਖਮਰੀ ਦੀ ਭਿਆਨਕ ਪੱਧਰ ਦੀ ਸ਼੍ਰੇਣੀ ਵਿੱਚ ਇਹ 42 ਹੋਰ ਮੁਲਕਾਂ ਨਾਲ ਖੜ੍ਹਾ ਹੈ। ਇਨ੍ਹਾਂ ਵਿੱਚੋਂ ਛੇ ਮੁਲਕ ਬੁਰੁੰਡੀ, ਚਾਡ, ਮੈਡਗਾਸਕਰ, ਸੋਮਾਲੀਆ, ਦੱਖਣੀ ਸੂਡਾਨ ਅਤੇ ਯਮਨ ਹਨ ਜੋ ਭਿਆਨਕ ਭੁੱਖਮਰੀ ਦਾ ਸ਼ਿਕਾਰ ਹਨ।



ਆਰਥਿਕ ਨਾ-ਬਰਾਬਰੀ ਕਦੇ ਵੀ ਕਿਸੇ ਕੁਦਰਤੀ ਕਾਰਨ ਕਰ ਕੇ ਪੈਦਾ ਨਹੀਂ ਹੁੰਦੀ। ਕੋਈ ਦੇਸ਼ ਕਿਸ ਕਿਸਮ ਦੀਆਂ ਆਰਥਿਕ ਅਤੇ ਆਮਦਨ ਵੰਡ ਨੀਤੀਆਂ 'ਤੇ ਚੱਲਦਾ, ਇਹ ਉਸ ਕਾਰਨ ਪੈਦਾ ਹੁੰਦੀ ਹੈ। ਰਿਪੋਰਟ ਵਿੱਚ ਇਹ ਗੱਲ ਜ਼ੋਰਦਾਰ ਢੰਗ ਨਾਲ ਕਹੀ ਗਈ ਹੈ ਕਿ ਆਰਥਿਕ ਨਾ-ਬਰਾਬਰੀ ਰਾਜਸੀ ਇੱਛਾ ਸ਼ਕਤੀ ਦੀ ਘਾਟ ਵਿੱਚੋਂ ਪੈਦਾ ਹੁੰਦੀ ਹੈ ਤੇ ਵਧਦੀ ਹੈ। ਇਸ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ ਪਰ ਇਸ ਲਈ ਸ਼ਕਤੀਸ਼ਾਲੀ ਰਾਜਸੀ ਇੱਛਾ ਸ਼ਕਤੀ ਦਾ ਹੋਣਾ ਜ਼ਰੂਰੀ ਹੈ। ਸੰਸਾਰ ਵਿੱਚ ਆਮਦਨ 'ਚ ਅਸਮਾਨਤਾ ਅਤੇ ਨਾ-ਬਰਾਬਰੀ ਵਧਣ ਦੇ ਦੋ ਮੁੱਖ ਕਾਰਨ ਹਨ। ਪਹਿਲਾ, ਦੇਸ਼ ਦੀਆਂ ਆਰਥਿਕ ਅਤੇ ਰਾਜਨੀਤਕ ਸੰਸਥਾਵਾਂ ਤੇ ਰਾਜਸੀ ਸਥਿਤੀਆਂ ਰਾਸ਼ਟਰੀ ਆਮਦਨ ਦੀ ਵੰਡ ਨੂੰ ਪ੍ਰਭਾਵਿਤ ਕਰਦੀਆਂ ਹਨ। ਦੂਜਾ, ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਨੂੰ ਅਮਲ ਵਿੱਚ ਲਿਆਉਣ ਤੋਂ ਬਾਅਦ ਦੁਨੀਆ ਭਰ ਦੇ ਦੇਸ਼ਾਂ ਦੀ ਕੁੱਲ ਸੰਪਤੀ ਵਿੱਚ ਨਿੱਜੀ ਸੰਪਤੀ ਦਾ ਹਿੱਸਾ ਬਹੁਤ ਵਧਿਆ ਹੈ ਜਦੋਂਕਿ ਇਸ ਦੇ ਉਲਟ ਜਨਤਕ ਸੰਪਤੀ ਦੇ ਹਿੱਸੇ ਵਿੱਚ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਸੰਨ 1980 ਤੋਂ ਬਾਅਦ ਕੁੱਲ ਸੰਪਤੀ ਵਿੱਚੋਂ ਜਨਤਕ ਸੰਪਤੀ 'ਚ ਆਈ ਭਾਰੀ ਗਿਰਾਵਟ ਅਤੇ ਨਿੱਜੀ ਸੰਪਤੀ ਵਿੱਚ ਹੋਏ ਅਥਾਹ ਵਾਧੇ ਕਾਰਨ ਅੰਸਤੁਲਨ ਪੈਦਾ ਹੋ ਗਿਆ ਹੈ, ਜਿਸ ਦੇ ਸਿੱਟੇ ਵਜੋਂ ਸਰਕਾਰਾਂ ਲਈ ਆਮਦਨ ਵਿੱਚ ਅਸਮਾਨਤਾ ਅਤੇ ਨਾ-ਬਰਾਬਰੀ ਨੂੰ ਘਟਾਉਣਾ ਜਾਂ ਰੋਕਣਾ ਮੁਸ਼ਕਿਲ ਹੀ ਨਹੀਂ ਬਲਕਿ ਨਾ-ਮੁਮਕਿਨ ਹੋ ਗਿਆ ਹੈ। ਇਸੇ ਦੌਰਾਨ ਭਾਰਤ ਵਿੱਚ ਗ਼ਰੀਬੀ ਦੀ ਦਰ 27 ਪ੍ਰਤੀਸ਼ਤ ਤੋਂ ਘਟ ਕੇ 5 ਪ੍ਰਤੀਸ਼ਤ ਹੋਣ ਦੀ ਚਰਚਾ ਚੱਲ ਰਹੀ ਹੈ। ਇਹ ਅੰਕੜੇ ਸੰਸਾਰ ਬੈਂਕ ਵੱਲੋਂ ਜਾਰੀ ਕੀਤੇ ਗਏ ਹਨ ਜਿਹੜੇ ਕਿ ਅੰਤਰਰਾਸ਼ਟਰੀ ਗ਼ਰੀਬੀ ਦੀ ਰੇਖਾ 3 ਡਾਲਰ ਪ੍ਰਤੀ ਵਿਅਕਤੀ ਪ੍ਰਤੀ ਦਿਨ ਉੱਤੇ ਆਧਾਰਿਤ ਹਨ, ਭਾਵ ਕਿ ਇੱਕ ਵਿਅਕਤੀ ਵੱਲੋਂ ਰੋਜ਼ਾਨਾ ਖਾਣ-ਪੀਣ, ਕਿਰਾਏ, ਸਿਹਤ, ਪੜ੍ਹਾਈ ਆਦਿ ਉੱਤੇ ਕੀਤਾ ਗਿਆ ਖਰਚ। ਇਹ ਵੀ ਕਿਹਾ ਗਿਆ ਹੈ ਕਿ ਅੰਤਰਰਾਸ਼ਟਰੀ ਗ਼ਰੀਬੀ ਦੀ ਰੇਖਾ ਜਿਹੜੀ 2011-12 ਵਿੱਚ 2.1 ਡਾਲਰ ਹੁੰਦੀ ਸੀ, ਨੂੰ ਸੋਧ ਕੇ 2022-23 ਵਿੱਚ 3 ਡਾਲਰ ਕੀਤਾ ਅਤੇ ਦੇਸ਼ ਵਿੱਚ 10 ਸਾਲਾਂ ਵਿੱਚ ਲਗਭਗ 27 ਕਰੋੜ ਲੋਕ ਅਤਿ ਦੀ ਗ਼ਰੀਬੀ ਤੋਂ ਬਾਹਰ ਆ ਗਏ ਹਨ। ਪਰ ਸੱਚਾਈ ਕੁਝ ਹੋਰ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਐਨੇ ਪੈਸਿਆਂ ਵਿੱਚ ਇੱਕ ਵਿਅਕਤੀ ਦਾ ਖ਼ਰਚ ਕਿਵੇਂ ਚੱਲ ਸਕਦਾ ਹੈ। ਜੇਕਰ ਅੰਤਰਰਾਸ਼ਟਰੀ ਗ਼ਰੀਬੀ ਦੀ ਰੇਖਾ ਨੂੰ ਮਾਮੂਲੀ ਵਧਾ ਲਈਏ ਤਾਂ ਸਥਿਤੀ ਬਿਲਕੁਲ ਬਦਲ ਜਾਂਦੀ ਹੈ। ਜੇਕਰ ਕੌਮਾਂਤਰੀ ਗ਼ਰੀਬੀ ਦੀ ਰੇਖਾ ਨੂੰ 4.2 ਡਾਲਰ ਰੋਜ਼ਾਨਾ ਕਰ ਲਈਏ ਤਾਂ ਦੇਸ਼ ਵਿੱਚ ਗ਼ਰੀਬੀ ਦੀ ਦਰ 5 ਪ੍ਰਤੀਸ਼ਤ ਤੋਂ ਵਧ ਕੇ 24 ਪ੍ਰਤੀਸ਼ਤ ਹੋ ਜਾਂਦੀ ਹੈ। ਇਸ ਲਈ ਮੁਲਕ ਨੂੰ ਚਾਹੀਦਾ ਹੈ ਕਿ ਉਹ ਅਸਲੀਅਤ ਨੂੰ ਧਿਆਨ ਵਿੱਚ ਰੱਖ ਕੇ ਆਪਣੀ ਗ਼ਰੀਬੀ ਦੀ ਰੇਖਾ ਤੈਅ ਕਰੇ ਕਿਉਂਕਿ 2009 ਤੋਂ ਬਾਅਦ ਦੇਸ਼ ਵਿੱਚ ਗ਼ਰੀਬੀ ਦੀ ਰੇਖਾ ਨੂੰ ਤੈਅ ਨਹੀਂ ਕੀਤਾ ਗਿਆ ਅਤੇ ਕੇਵਲ ਅੰਤਰਰਾਸ਼ਟਰੀ ਗ਼ਰੀਬੀ ਦੀ ਰੇਖਾ ਨਾਲ ਹੀ ਕੰਮ ਚਲਾਇਆ ਜਾ ਰਿਹਾ ਹੈ।

ਨਾ-ਬਰਾਬਰੀ ਕਈ ਤਰ੍ਹਾਂ ਦੀ ਹੁੰਦੀ ਹੈ, ਸਿਹਤ ਵਿੱਚ ਨਾ-ਬਰਾਬਰੀ, ਸਿੱਖਿਆ ਵਿੱਚ ਨਾ-ਬਰਾਬਰੀ, ਰੁਜ਼ਗਾਰ ਵਿੱਚ ਨਾ-ਬਰਾਬਰੀ, ਰਿਹਾਇਸ਼ੀ ਸਥਿਤੀਆਂ ਵਿੱਚ ਨਾ-ਬਰਾਬਰੀ,

**(ਬਾਕੀ ਸਫ਼ਾ 27 'ਤੇ)**



## ਇੱਕ ਪੱਖ ਇਹ ਵੀ...

# ਨਿੱਕੀਆਂ ਜਿੰਦਾਂ ਵੱਡੇ ਸਾਕੇ ਕਰਨ ਵਾਲੀ ਕੌਮ ਦੀ ਨੌਜਵਾਨ ਪੀੜ੍ਹੀ ਸਿੱਖੀ ਤੋਂ ਬੇਮੁਖ ਕਿਉਂ?

## ਨੌਜਵਾਨਾਂ ਨੂੰ ਦੱਸੀ ਜਾਵੇ ਬਾਣੀ ਅਤੇ ਬਾਣੇ ਦੀ ਮਹੱਤਤਾ

## ਖੇਡ ਮੈਦਾਨਾਂ ਵਿੱਚ ਸਿੱਖ ਖਿਡਾਰੀ ਹੁੰਦੇ ਨੇ ਖਿੱਚ ਦਾ ਕੇਂਦਰ






**ਇਹ ਅੱਜ ਦੇ ਸਮੇਂ ਦਾ ਕੌੜਾ ਸੱਚ ਹੈ ਕਿ ਕਾਨਵੈਂਟ ਅਤੇ ਇੰਗਲਿਸ਼ ਮੀਡੀਅਮ ਵਾਲੇ ਸਕੂਲਾਂ ਵਿੱਚ ਪੜ੍ਹਦੇ ਸਿੱਖਾਂ ਦੇ ਕਈ ਬੱਚਿਆਂ ਨੂੰ 10 ਸਿੱਖ ਗੁਰੂ ਸਾਹਿਬਾਨ ਦੇ ਨਾਂਅ ਵੀ ਪਤਾ ਨਹੀਂ ਹੁੰਦੇ ਪਰ ਉਹਨਾਂ ਨੂੰ ਅੰਗਰੇਜ਼ਾਂ ਦੇ ਕ੍ਰਿਸਮਿਸ ਤੋਂ ਲੈ ਕੇ ਵੈਲਨਟਾਈਨ ਡੇਅ ਤੱਕ ਦਾ ਚੰਗੀ ਤਰ੍ਹਾਂ ਪਤਾ ਹੁੰਦਾ ਹੈ।**

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਪੰਦ੍ਹਰਵੀਂ ਸਦੀ ਵਿੱਚ ਅਵਤਾਰ ਧਾਰਿਆ ਸੀ ਤਾਂ ਉਸ ਸਮੇਂ ਹਰ ਪਾਸੇ ਹੀ ਅੰਧ-ਵਿਸ਼ਵਾਸ, ਜਾਦੂ ਮੰਤਰ , ਜਾਤੀਵਾਦ ਦਾ ਬੋਲਬਾਲਾ ਸੀ , ਔਰਤਾਂ ਦੀ ਸਥਿਤੀ ਬਹੁਤ ਹੀ ਚਿੰਤਾਜਨਕ ਸੀ, ਇਸ ਦੇ ਨਾਲ ਹੀ ਉਸ ਸਮੇਂ ਰਾਜੇ ਅਤੇ ਹੋਰ ਤਾਕਤਵਰ ਲੋਕ ਆਮ ਲੋਕਾਂ ਉੱਪਰ ਜ਼ੁਲਮ ਕਰਨਾ ਆਪਣਾ ਹੱਕ ਸਮਝਦੇ ਸਨ। ਗੁਰੂ ਨਾਨਕ ਦੇਵ ਜੀ ਨੇ ਕੁਰਾਹੇ ਪਈ ਦੁਨੀਆਂ ਨੂੰ ਸਿੱਧੇ ਰਾਹ ਪਾਉਣ ਲਈ ਆਪਣਾ ਸਾਰਾ ਹੀ ਜੀਵਨ ਲੇਖੇ ਲਾ ਦਿੱਤਾ। ਗੁਰੂ ਕਾਲ ਦੌਰਾਨ ਸਿੱਖ ਧਰਮ ਦੀ ਆਨ ਤੇ ਸ਼ਾਨ ਲਈ ਗੁਰੂ ਸਾਹਿਬਾਨ ਸਮੇਤ ਅਨੇਕਾਂ ਹੀ ਸਿੱਖਾਂ ਨੇ ਕੁਰਬਾਨੀਆਂ ਕੀਤੀਆਂ ਪਰ ਸਿੱਖੀ ਸਿਦਕ ਅਤੇ ਧਰਮ ਨਹੀਂ ਹਾਰਿਆ। ਇੱਥੋਂ ਤੱਕ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦੇ ਵੀ ਜ਼ੁਲਮ ਵਿਰੁੱਧ ਜੰਗ ਵਿੱਚ ਸ਼ਹੀਦ ਹੋਏ ਪਰ ਉਹਨਾਂ ਨੇ ਈਨ ਨਹੀਂ ਮੰਨੀ। ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੇ ਨਿੱਕੀ ਜਿਹੀ ਉਮਰੇ ਹੀ ਧਰਮ ਲਈ ਸ਼ਹੀਦੀ ਦੇ ਕੇ ਇਹ ਸਿੱਧ ਕਰ ਦਿੱਤਾ ਕਿ ਦੁਨੀਆਂ ਵਿੱਚ ਨਿੱਕੀਆਂ ਜਿੰਦਾਂ ਵੱਡੇ ਸਾਕੇ ਕਰ ਸਕਦੀਆਂ ਹਨ।

ਜੇ ਅੱਜ ਦੇ ਸਮੇਂ ਵੱਲ ਜ਼ਰ੍ਹਾ ਧਿਆਨ ਨਾਲ ਨਜ਼ਰ ਮਾਰੀਏ ਤਾਂ ਅੱਜ ਵੀ ਸਾਨੂੰ ਹਰ ਪਾਸੇ ਅੰਧਕਾਰ ਅਤੇ ਅੰਧ ਵਿਸ਼ਵਾਸ ਦਾ ਬੋਲਬਾਲਾ ਦਿਖਾਈ ਦਿੰਦਾ ਹੈ। ਵੱਡੀ ਗਿਣਤੀ ਲੋਕ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਦੀ ਥਾਂ ਦੇਹਧਾਰੀ ਬਾਬਿਆਂ ਦੇ ਚੇਲੇ ਬਣੇ ਹੋਏ ਹਨ। ਸਭ ਤੋਂ ਨਿਰਾਸ਼ਾ ਵਾਲੀ ਗੱਲ ਇਹ ਹੈ ਕਿ ਨਿੱਕੀਆਂ ਜਿੰਦਾਂ ਵੱਡੇ ਸਾਕੇ ਕਰਨ ਵਾਲੀ ਕੌਮ ਦੀ ਨੌਜਵਾਨ ਪੀੜ੍ਹੀ ਹੁਣ ਸਿੱਖੀ ਤੋਂ ਹੀ ਬੇਮੁਖ ਹੁੰਦੀ ਜਾ ਰਹੀ ਹੈ।

ਗੁਰੂ ਸਾਹਿਬਾਨ ਨੇ ਸਿੱਖਾਂ ਲਈ ਵਿਸ਼ੇਸ਼ ਪਹਿਰਾਵਾ ਇਸ ਲਈ ਨਿਸ਼ਚਿਤ ਕੀਤਾ ਸੀ ਤਾਂ ਕਿ ਉਹਨਾਂ ਦੇ ਸਿੱਖ ਦੀ ਦੂਰੋਂ ਹੀ ਪਹਿਚਾਣ ਹੋ ਜਾਵੇ ਪਰ ਹੁਣ ਅੱਜ ਦੀ ਸਿੱਖ ਨੌਜਵਾਨ ਪੀੜ੍ਹੀ ਸਿੱਖੀ ਤੋਂ ਏਨੀ ਜਿਆਦਾ ਬੇਮੁਖ ਹੋ ਗਈ ਹੈ ਕਿ ਨੇੜੇ ਖੜ੍ਹੇ ਬਾਬੂ ਜੀ ਦਾ ਭੁਲੇਖਾ ਪਾਉਂਦੇ ਨੌਜਵਾਨ ਦਾ ਪਤਾ ਹੀ ਨਹੀਂ ਲੱਗਦਾ ਕਿ ਉਹ ਸਿੱਖਾਂ ਦਾ ਪੁੱਤਰ ਹੈ।



ਪੰਜਾਬ ਵਿੱਚ ਇੱਕ ਸਮਾਂ ਅਜਿਹਾ ਵੀ ਸੀ ਜਦੋਂ ਖਾੜਕੂਵਾਦ ਦੌਰਾਨ ਸਿੱਖ ਨੌਜਵਾਨਾਂ ਵਾਂਗ ਹੀ ਪੰਡਤਾਂ ਅਤੇ ਬਾਣੀਆਂ ਦੇ ਅਨੇਕਾਂ ਮੁੰਡੇ ਵੀ ਪੱਗਾਂ ਬੰਨ੍ਹਣ ਲੱਗ ਪਏ ਸਨ ਪਰ ਜਦੋਂ ਸਮਾਂ ਬਦਲਿਆ ਤਾਂ ਪੱਗਾਂ ਬੰਨ੍ਹਣ ਵਾਲੇ ਨੌਜਵਾਨ ਹੀ ਘੱਟ ਨਜ਼ਰ ਆਉਣ ਲੱਗ ਗਏ। ਹੁਣ ਤਾਂ ਹਾਲ ਇਹ ਹੈ ਕਿ ਵੱਡੀ ਗਿਣਤੀ ਸਿੱਖ ਨੌਜਵਾਨ ਕਲੀਨਸੇਵ ਹੋ ਚੁੱਕੇ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਨੌਜਵਾਨ ਹਰ ਕੌਮ ਦਾ ਵਡਮੁੱਲਾ ਸਰਮਾਇਆ ਹੁੰਦੇ ਹਨ। ਵਹਿੰਦੇ ਦਰਿਆਵਾਂ ਦੇ ਵਹਿਣ ਨੂੰ ਅਤੇ ਨੌਜਵਾਨਾਂ ਦੇ ਜੋਸ਼ ਨੂੰ ਕੋਈ ਵੀ ਠੱਲ੍ਹ ਨਹੀਂ ਪਾ ਸਕਦਾ। ਕਿਹਾ ਜਾਂਦਾ ਹੈ ਕਿ ਜੇ ਕਿਸੇ ਕੌਮ ਨੂੰ ਤਬਾਹ ਕਰਨਾ ਹੋਵੇ ਤਾਂ ਦੁਸ਼ਮਣ ਲੋਕ ਉਸ ਕੌਮ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਲੱਤ ਲਾ ਦਿੰਦੇ ਹਨ। ਹਾਲ ਤਾਂ ਇਹ ਹੈ ਜਿਹੜੇ ਪਿੰਡਾਂ ਦੀਆਂ ਗਲੀਆਂ ਦੇ ਬਾਹਰ ਖੁੱਲ੍ਹੀ ਥਾਂ/ ਖੇਡ ਮੈਦਾਨਾਂ 'ਚ ਪਹਿਲਾਂ ਡੰਡ ਬੈਠਕਾਂ ਲਗਾਉਣ ਲਈ ਮੁੰਡੇ ਇਕੱਠੇ ਹੁੰਦੇ ਸਨ ਹੁਣ ਉਹ ਪਿੰਡ ਦੇ ਬਾਹਰ ਨਸ਼ੇ ਕਰਨ ਲਈ ਇਕੱਠੇ ਹੁੰਦੇ ਹਨ। ਪਿੰਡਾਂ/ਕਸਬਿਆਂ/ ਸ਼ਹਿਰਾਂ ਦੀਆਂ ਗਲੀਆਂ ਵਿੱਚ ਨਸ਼ੇ ਦੇ ਵਰਤੇ ਹੋਏ ਟੀਕੇ ਅਤੇ ਨਸ਼ੇ ਦੀਆਂ ਗੋਲੀਆਂ ਦੇ ਖਾਲੀ ਰੈਪਰ ਡਿੱਗੇ ਮਿਲਦੇ ਹਨ। ਵੱਡੀ ਗਿਣਤੀ ਨੌਜਵਾਨ ਹੁਣ ਨਸ਼ੇ ਦੀ ਦਲਦਲ ਵਿੱਚ ਫਸਦੇ ਜਾ ਰਹੇ ਹਨ। ਇਸ ਤੋਂ ਇਲਾਵਾ 1984 ਦੇ ਸਿੱਖ ਵਿਰੋਧੀ ਦੰਗੇ ਅਤੇ ਪੰਜਾਬ ਪੁਲਿਸ ਦੇ ਸਿੱਖ ਮੁਲਾਜ਼ਮਾਂ ਵੱਲੋਂ ਹੀ ਅਨੇਕਾਂ ਦਸਤਾਰਧਾਰੀ ਸਿੱਖ ਨੌਜਵਾਨਾਂ ਨਾਲ ਕੀਤਾ ਜਾਂਦਾ ਮਾੜਾ-ਚੰਗਾ ਸਲੂਕ ਵੀ ਨੌਜਵਾਨਾਂ ਨੂੰ ਸਿੱਖੀ ਤੋਂ ਬੇਮੁਖ ਕਰਨ ਦਾ ਕਾਰਨ ਬਣੇ ਹਨ। ਇਸ ਤੋਂ ਇਲਾਵਾ ਫ਼ੈਸ਼ਨ ਦੀ ਭੇਡਚਾਲ ਵੀ ਸਿੱਖ ਨੌਜਵਾਨਾਂ ਨੂੰ ਸਿੱਖੀ ਤੋਂ ਬੇਮੁਖ ਕਰ ਰਹੀ ਹੈ। ਹਾਲ ਤਾਂ ਇਹ ਹੈ ਕਿ ਹੁਣ ਖੇਡ ਮੈਦਾਨਾਂ ਵਿੱਚ ਵੀ ਜੂੜੇ ਵਾਲੇ ਖਿਡਾਰੀ ਨਾਮਾਤਰ ਹੀ ਦਿਸਦੇ ਹਨ ਭਾਵੇਂ ਕਿ ਖੇਡ ਮੈਦਾਨ ਵਿੱਚ ਖੇਡ ਰਹੇ ਖਿਡਾਰੀਆਂ ਵਿਚੋਂ ਵੱਡੀ ਗਿਣਤੀ ਖਿਡਾਰੀ ਸਿੱਖ ਪਰਿਵਾਰਾਂ ਨਾਲ ਸਬੰਧਿਤ ਹੁੰਦੇ ਹਨ ਪਰ ਉਹਨਾਂ ਵਿਚੋਂ ਸਿਰ ਉੱਪਰ ਵਾਲਾਂ ਦਾ ਜੂੜਾ ਬਣਾ ਕੇ ਚਿੱਟਾ ਰੁਮਾਲ ਬੰਨ੍ਹਣ ਵਾਲੇ ਸਿੱਖ ਖਿਡਾਰੀ ਦੋ ਕੁ ਮਸਾਂ ਹੁੰਦੇ ਹਨ।

ਆਖਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਨਿੱਕੀਆਂ ਜਿੰਦਾਂ ਵੱਡੇ ਸਾਕੇ ਕਰਨ ਵਾਲੀ ਕੌਮ ਦੀ ਨੌਜਵਾਨ ਪੀੜ੍ਹੀ ਸਿੱਖੀ ਤੋਂ ਬੇਮੁਖ ਕਿਉਂ ਹੋ ਗਈ ਹੈ ? ਕੀ ਕਾਰਨ ਹਨ ਕਿ ਅੱਲ੍ਹੜ ਉਮਰ ਵਿੱਚ ਹੀ ਅਨੇਕਾਂ ਸਿੱਖ ਬੱਚੇ ਕੇਸ ਕਤਲ ਕਰਵਾਉਣ ਦੀ ਸੋਚਦੇ ਹਨ। ਕੁਝ ਨੌਜਵਾਨ ਸਿਰਫ਼ ਦੋਸਤਾਂ ਦੇ ਮਗਰ ਲੱਗ ਕੇ ਕੇਸ ਕਤਲ ਕਰਵਾਉਂਦੇ ਹਨ। ਕੁੱਝ ਸਿੱਖ ਖਿਡਾਰੀ ਇਸ ਲਈ ਵੀ ਵਾਲ ਕਟਵਾ ਦਿੰਦੇ ਹਨ ਕਿ ਖੇਡਦੇ ਸਮੇਂ ਸਿਰ ਵਿੱਚ ਮਿੱਟੀ ਪੈ ਜਾਂਦੀ ਹੈ, ਇਸ ਲਈ ਹਰ ਦਿਨ ਹੀ ਕੇਸੀਂ ਇਸ਼ਨਾਨ ਕਰਨਾ ਸੰਭਵ ਨਹੀਂ ਹੁੰਦਾ।

ਅੱਜ ਕੱਲ੍ਹ ਕੈਨੇਡਾ-ਅਮਰੀਕਾ ਸਮੇਤ ਹੋਰਨਾਂ ਮੁਲਕਾਂ ਵਿੱਚ ਸਿੱਖੀ ਸਰੂਪ ਵਾਲੇ ਸਿੱਖ ਨੌਜਵਾਨ ਨਜ਼ਰ ਆਉਂਦੇ ਹਨ। ਇਸ ਤਰ੍ਹਾਂ ਵਿਦੇਸ਼ੀ ਸਿੱਖਾਂ ਨੇ ਤਾਂ ਸਿੱਖੀ ਸਾਂਭ ਲਈ ਪਰ ਗੁਰੂ ਸਾਹਿਬਾਨ ਦੀ ਧਰਤੀ ਉੱਪਰ ਹੀ ਸਿੱਖ ਨੌਜਵਾਨ ਸਿੱਖੀ ਤੋਂ ਦੂਰ ਹੁੰਦੇ ਜਾ ਰਹੇ ਹਨ। ਕੋਈ ਵੀ ਧਾਰਮਿਕ ਸਮਾਗਮ ਵੇਖ ਲਉ ਉਥੇ ਹੀ ਸਿੱਖ ਨੌਜਵਾਨ ਵੱਡੀ ਗਿਣਤੀ ਵਿੱਚ ਨਜ਼ਰ ਆਉਣਗੇ ਜਿਨ੍ਹਾਂ ਦੇ ਪੱਗਾਂ ਬੰਨੀਆਂ ਹੋਣਗੀਆਂ ਪਰ ਸਿਰ ਦੇ ਵਾਲ ਕੱਟੇ ਹੋਣਗੇ। ਕਈ ਸਿੱਖ ਨੌਜਵਾਨ ਸਿਰ ਉੱਪਰ ਪਟਕਾ ਬੰਨ੍ਹ ਕੇ ਉੱਪਰ ਦੀ ਟੋਪੀ ਲੈ ਲੈਂਦੇ ਹਨ।

ਜਿਸ ਤਰੀਕੇ ਨਾਲ ਵੱਡੀ ਗਿਣਤੀ ਸਿੱਖ ਨੌਜਵਾਨ ਸਿੱਖੀ ਤੋਂ ਹੀ ਦੂਰ ਹੁੰਦੇ ਜਾ ਰਹੇ ਹਨ, ਉਹ ਚਿੰਤਾ ਦਾ ਵਿਸ਼ਾ ਹੈ। ਸਿੱਖ ਨੌਜਵਾਨਾਂ ਨੂੰ ਗੁਰੂ ਨਾਨਕ ਦੇਵ ਜੀ ਸਮੇਤ ਸਾਰੇ ਹੀ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਬਾਰੇ ਜਾਣਕਾਰੀ ਦੇਣ ਅਤੇ ਨਿੱਕੀਆਂ ਜਿੰਦਾਂ ਵੱਲੋਂ ਵੱਡੇ ਸਾਕੇ ਕਰਨ ਅਤੇ ਸਿੱਖ ਵਿਰਸੇ ਨਾਲ ਜੋੜਨ ਲਈ ਵਿਸ਼ੇਸ਼ ਲਹਿਰ ਨੂੰ ਚਲਾਉਣ ਦੀ ਲੋੜ ਹੈ ਤਾਂ ਕਿ ਗੁਰੂ ਸਾਹਿਬਾਨ ਦੀ ਇਸ ਪਵਿੱਤਰ ਧਰਤੀ ਪੰਜਾਬ ਉੱਪਰ ਨੌਜਵਾਨਾਂ ਨੂੰ ਧਰਮ ਤੇ ਵਿਰਸੇ ਨਾਲ ਜੋੜਿਆ ਜਾ ਸਕੇ।




TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS Love's AMBEST
FUEL CARDS
NO CREDIT - NO PROBLEM
BEST CUSTOMER SERVICE
QUIKQ WEX
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
ROAD SQUAD connect
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
MORE BAYS. EXPERTISE. SOLUTIONS.
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

## ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਅੰਕ

# ਨਿੱਕੀਆਂ ਜਿੰਦਾਂ ਵੱਡੇ ਸਾਕੇ

**ਡਾ. ਅਮਨਦੀਪ ਸਿੰਘ ਟੱਲੇਵਾਲੀਆ**

'ਸਾਕਾ ਸਰਹਿੰਦ' ਕਿਉਂ ਵਾਪਰਿਆ? ਅਨੰਦਪੁਰ ਸਾਹਿਬ ਦੀ ਲੜਾਈ ਜੋ ਇਤਿਹਾਸਕਾਰਾਂ ਅਨੁਸਾਰ ਮਈ 1704 ਈ: (ਸੰਮਤ 1761) ਨੂੰ ਸ਼ੁਰੂ ਹੋਈ ਸੀ ਲਗਾਤਾਰ ਸੱਤ ਮਹੀਨੇ ਚੱਲਦੀ ਰਹੀ ਕਿਲੇ ਦੇ ਅੰਦਰ ਸਿੰਘਾਂ ਕੋਲ ਰਾਸ਼ਨ ਪਾਣੀ ਮੁੱਕ ਗਿਆ ਅਤੇ ਉਧਰ ਪਹਾੜੀ ਰਾਜਿਆਂ ਦੀਆਂ ਅਤੇ ਮੁਸਲਮਾਨੀ ਫੌਜਾਂ ਵੀ ਹੋਰ ਬਹੁਤਾ ਚਿਰ ਲੜਨ ਦੇ ਸਮਰੱਥ ਨਹੀਂ ਸਨ। ਇਸ ਕਰਕੇ ਮੁਸਲਮਾਨਾਂ ਨੇ ਕੁਰਾਨ ਦੀਆਂ ਅਤੇ ਪਹਾੜੀ ਰਾਜਿਆਂ ਨੇ ਗਊਆਂ ਦੀਆਂ ਝੂਠੀਆਂ ਸਹੁੰਆਂ ਖਾ ਕੇ ਗੁਰੂ ਜੀ ਕੋਲੋਂ ਅਨੰਦਪੁਰ ਦਾ ਕਿਲ੍ਹਾ ਖਾਲੀ ਕਰਵਾ ਲਿਆ ਅਤੇ ਕਿਹਾ ਕਿ ਉਹ ਮੁੜਕੇ ਵਾਰ ਨਹੀਂ ਕਰਨਗੇ ਪਰ ਗੁਰੂ ਗੋਬਿੰਦ ਸਿੰਘ ਜੀ ਜਾਣਦੇ ਸਨ ਕਿ ਇਹ ਮੱਕਾਰ, ਚਾਲਬਾਜ ਲੋਕ ਕਦੇ ਵੀ ਆਪਣੀ ਆਖੀ ਗੱਲ ਤੋਂ ਮੁਕਰ ਸਕਦੇ ਹਨ। ਪਰ ਮਾਤਾ ਗੁਜਰੀ ਜੀ ਅਤੇ ਕੁੱਝ ਸਿੰਘਾਂ ਦੇ ਕਹਿਣ 'ਤੇ ਗੁਰੂ ਜੀ ਨੇ ਕਿਲ੍ਹਾ ਛੱਡ ਦਿੱਤਾ ਅਤੇ ਰੋਪੜ ਦੇ ਇਲਾਕੇ ਵੱਲ ਨੂੰ ਵਧਣਾ ਸ਼ੁਰੂ ਕਰ ਦਿੱਤਾ। ਅਜੇ ਗੁਰੂ ਜੀ ਦਾ ਵਹੀਰ ਸਰਸਾ ਨਦੀ ਕੰਢੇ ਹੀ ਪਹੁੰਚਿਆ ਸੀ ਕਿ ਪਿੱਛੋਂ ਆ ਰਹੀ ਦੁਸ਼ਮਣ ਦੀ ਫੌਜ਼ ਨੇ ਮੁੜ ਹਮਲਾ ਕਰ ਦਿੱਤਾ। ਸਰਸਾ ਨਦੀ ਵਿੱਚ ਉਸ ਵੇਲੇ ਹੜ੍ਹ ਆਇਆ ਹੋਇਆ ਸੀ। ਇਸ ਸਥਾਨ 'ਤੇ ਲਹੂ ਡੋਲਵੀਂ ਟੱਕਰ ਸ਼ੁਰੂ ਹੋਈ। ਬਹੁਤ ਕੀਮਤੀ ਇਤਿਹਾਸ ਸਰਸਾ ਨਦੀ ਵਿੱਚ ਰੁੜ ਗਿਆ। ਇਸੇ ਹੀ ਸਥਾਨ 'ਤੇ ਗੁਰੂ ਜੀ ਦਾ ਪ੍ਰੀਵਾਰ ਖੇਰੂੰ-ਖੇਰੂੰ ਹੋ ਗਿਆ, ਵੱਡੇ ਸਾਹਿਬਜ਼ਾਦੇ, ਪਿਤਾ ਗੁਰੂ ਗੋਬਿੰਦ ਸਿੰਘ ਜੀ ਸਮੇਤ ਕੁੱਝ ਸਿੰਘਾਂ ਦੇ ਨਾਲ ਚਮਕੌਰ ਵੱਲ ਨੂੰ ਚਲੇ ਗਏ, ਛੋਟੇ ਸਾਹਿਬਜ਼ਾਦੇ ਅਤੇ ਬਿਰਧ ਮਾਂ ਗੁਜਰੀ ਜੀ ਇਕੱਲੇ ਰਹਿ ਗਏ। ਪੋਹ ਦੀ ਰੁੱਤ, ਕਹਿਰਾਂ ਦੀ ਸਰਦੀ ਦੋ ਛੋਟੇ ਛੋਟੇ ਬਾਲ ਦਾਦੀ ਦੀ ਉਂਗਲੀ ਫੜ ਕੇ ਜੰਗਲਾਂ ਵਿੱਚ ਦੀ ਹੁੰਦੇ ਹੋਏ ਹਨੇਰੇ ਨੂੰ ਚੀਰਦੇ ਆਪਣੀ ਜ਼ਿੰਦਗੀ ਦੇ ਔਕੜਾਂ ਭਰੇ ਸਫ਼ਰ ਨੂੰ ਤਹਿ ਕਰ ਰਹੇ ਸਨ। ਇੰਝ ਤੁਰਦੇ-ਤੁਰਦੇ ਗੰਗੂ ਬ੍ਰਾਹਮਣ, ਜੋ ਕਿ ਗੁਰੂ ਘਰ ਦਾ ਰਸੋਈਆ ਸੀ ਉਹਦੇ ਪਿੰਡ ਸਹੇੜੀ ਜਾ ਪਹੁੰਚੇ, ਉਹ ਬੱਚਿਆਂ ਨੂੰ ਅਤੇ ਦਾਦੀ ਜੀ ਨੂੰ ਆਪਣੇ ਘਰੇ ਲੈ ਗਿਆ, ਦਾਦੀ ਜੀ ਕੋਲ ਕੁੱਝ ਗਹਿਣੇ ਅਤੇ ਕੁੱਝ ਪੈਸੇ ਜੋ ਕਿ ਇੱਕ ਪੋਟਲੀ ਵਿੱਚ ਪਾਏ ਹੋਏ ਸਨ। ਬੱਸ ਇਹਨਾਂ ਗਹਿਣਿਆਂ ਅਤੇ ਹੀਰਿਆਂ ਦੀ ਚਮਕ ਨੇ ਉਹਨੂੰ ਅੰਨ੍ਹਾ ਕਰ ਦਿੱਤਾ ਅਤੇ ਉਹ ਇਹਨਾਂ ਕੀਮਤੀ ਵਸਤਾਂ ਨੂੰ ਹਾਸਿਲ ਕਰਨ ਲਈ ਹੀਰਿਆਂ ਤੋਂ ਵੀ ਸੋਹਣੇ ਛੋਟੇ ਬੱਚਿਆਂ ਦੀ ਮੌਤ ਦਾ ਕਾਰਨ ਬਣਿਆ, ਭਾਵੇਂ ਕਿ ਉਹ ਗੁਰੂ ਘਰ ਦਾ ਰਸੋਈਆ ਸੀ ਪਰ ਸ਼ਾਇਦ ਉਸ ਕੋਲੋਂ ਗੁਰੂ ਦੁਆਰਾ ਸਾਜਿਆ ਖਾਲਸਾ ਜੋ ਨੀਚਾਂ ਨੂੰ ਊਚ ਬਣਾਉਂਦਾ ਸੀ, ਜਿਸਨੇ ਚਿਰਾਂ ਤੋਂ ਚੱਲੀ ਆ ਰਹੀ ਬ੍ਰਾਹਮਣਵਾਦ ਦੀ ਰੀਤ ਨੂੰ ਭਸਮ ਕਰ ਦਿੱਤਾ ਸੀ, ਨਾ ਜਰਿਆ ਗਿਆ ਹੋਵੇ ਅਤੇ ਉਸ ਦੇ ਪਾਪੀ ਮਨ ਨੇ ਸਾਜਿਸ਼ ਰਚਣੀ ਸ਼ੁਰੂ ਕਰ ਦਿੱਤੀ ਹੋਵੇ ਅਤੇ ਅਜਿਹਾ ਮੌਕਾ ਗੁਆਉਣਾ ਉਸਨੇ ਨਾ-ਮੁਨਾਸਿਬ ਸਮਝਿਆ ਹੋਵੇ। ਉਹ ਜਾਤ ਦਾ ਬ੍ਰਾਹਮਣ ਸੀ ਜੋ ਕਿ ਅਜਿਹੀ ਮਾਨਸਿਕਤਾ ਵਿੱਚ ਪਲਿਆ ਸੀ ਜਿੱਥੇ ਮਜ਼ਲੂਮਾਂ ਅਤੇ ਬੇਕਸੂਰ ਲੋਕਾਂ ਦੀ ਮਜ਼ਬੂਰੀ ਦਾ ਨਜਾਇਜ਼ ਫਾਇਦਾ ਉਠਾਇਆ ਜਾਂਦਾ ਹੈ।

ਸਹੇੜੀ ਦੇ ਚੌਧਰੀ ਅਤੇ ਗੰਗੂ ਨੇ ਇਸ ਗੱਲ ਦੀ ਇਤਲਾਹ ਮੋਰਿੰਡੇ ਦੇ ਰੰਘੜ ਕੋਲ ਕੀਤੀ, ਕਿਉਂਕਿ ਉਹ ਚਾਹੁੰਦੇ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਅਤੇ ਮਾਤਾ ਨੂੰ ਵਜ਼ੀਰ ਖਾਨ ਕੋਲ ਫੜਾ ਕੇ ਉਹ ਬਹੁਤ ਵੱਡਾ ਇਨਾਮ ਜਿੱਤ ਲੈਣਗੇ। ਇਸ ਤਰ੍ਹਾਂ ਉਨ੍ਹਾਂ ਤਿੰਨਾਂ ਨੇ ਮਿਲਕੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਦੇ ਬੰਦੀ ਬਣਾ ਦਿੱਤਾ। ਸਾਹਿਬਜ਼ਾਦਿਆਂ ਨੂੰ ਅਤੇ ਦਾਦੀ ਜੀ ਨੂੰ ਇੱਕ ਰਾਤ ਠੰਡੇ ਬੁਰਜ ਵਿੱਚ ਰੱਖਿਆ ਗਿਆ, ਉਹ ਬੁਰਜ ਜਿਸ ਨੂੰ ਸਿੱਖ ਇਤਿਹਾਸ ਵਿੱਚ 'ਚੰਡਾਲ ਬੁਰਜ' ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਜਿਸਦੇ ਚਾਰ ਥੰਮ ਸਨ ਨਾ ਉਪਰ ਕੋਈ ਛੱਤ ਸੀ, ਲੋਹੇ ਦੇ ਸਰੀਏ ਵਾਲੇ ਵੱਡੇ ਵੱਡੇ ਦਰਵਾਜ਼ੇ ਸਨ। ਪੋਹ ਦੀ ਠੰਡੀ ਹਵਾ ਕਲੇਜਿਆਂ ਨੂੰ ਚੀਰਕੇ ਲੰਘ ਰਹੀ ਸੀ ਪਰ ਸਿਦਕ ਦੇ ਪੱਕੇ ਸ਼ਹੀਦ ਦਾਦੇ ਦੇ ਪੋਤੇ ਆਪਣੀ ਦਾਦੀ ਮਾਂ ਦੀ ਨਿੱਘੀ ਬੁੱਕਲ ਦਾ ਅਨੰਦ ਮਾਣ ਰਹੇ ਸਨ। ਮਖ਼ਮਲਾਂ 'ਤੇ ਸੌਣ ਵਾਲੇ, ਛੱਤੀ ਪ੍ਰਕਾਰ ਦੇ ਭੋਜਨ ਖਾਣ ਵਾਲੇ ਅੱਜ ਭੁੱਖਣ-ਭਾਣੇ ਠੰਡੇ ਬੁਰਜ ਵਿੱਚ ਬੈਠੇ ਦਾਦੀ ਮਾਂ ਦੀਆਂ ਬਾਤਾਂ ਸੁਣ ਰਹੇ ਸਨ, ਇਹ ਬਾਤਾਂ ਕੋਈ ਕਲਪਨਾਵਾਂ ਨਹੀਂ ਸਨ, ਸਗੋਂ ਸੱਚ ਦੇ ਰਾਹ ਤੇ ਤੁਰੇ ਹੋਏ ਪਾਂਧੀਆਂ ਨੂੰ ਰਸਤੇ ਵਿੱਚ ਆਉਣ ਵਾਲੀਆਂ ਔਖਿਆਈਆਂ ਅਤੇ ਉਨ੍ਹਾਂ ਔਕੜਾਂ ਨੂੰ ਖਿੜੇ ਮੱਥੇ ਸਹਿਣ ਕਰਨ ਦਾ ਉਪਦੇਸ਼ ਦਿੰਦੀਆਂ ਸਨ। ਦਾਦੀ ਮਾਂ ਸਮਝਾ ਰਹੀ ਸੀ ਕਿ ਬੱਚਿਓ ਦਾਦਾ ਜੀ ਦੀ ਚਿੱਟੀ ਪੱਗ ਨੂੰ ਦਾਗ ਲੱਗਣ ਤੋਂ ਬਚਾਇਓ ਭਾਵੇਂ ਤੁਹਾਡਾ ਸੀਸ ਕੱਟ ਜਾਵੇ। ਦਾਦੀ ਮਾਂ ਦੀਆਂ ਦਿੱਤੀਆਂ ਨਸੀਹਤਾਂ ਤੇ ਫੁੱਲ ਚੜ੍ਹਾਉਂਦਿਆਂ ਬੱਚਿਆਂ ਨੇ ਕਿਹਾ ਸੀ, ਸਿਰ ਦੇ ਕੇ ਸਿਦਕ ਬਚਾਵਾਂਗੇ। 24 ਦਸੰਬਰ 1704 ਈ: ਦਾ ਦਿਨ ਚੜ੍ਹਿਆ, ਠੰਡੇ ਬੁਰਜ ਵਿੱਚੋਂ ਸਾਹਿਬਜ਼ਾਦਿਆਂ ਨੂੰ ਲੈਣ ਲਈ ਸਿਪਾਹੀ ਆਏ। ਇਸ ਸਥਿਤੀ ਦਾ ਵਰਨਣ ਅੱਲਾ ਯਾਰ ਖਾਂ ਜੋਗੀ 'ਸ਼ਹੀਦਾਨਿ ਵਫ਼ਾ' ਵਿੱਚ ਇਸ ਤਰ੍ਹਾਂ ਕਰਦਾ ਹੈ :-

ਜਾਨੇ ਸੇ ਪਹਿਲੇ ਆਓ ਗਲੇ ਸੇ ਲਗਾ ਤੋ ਲੂੰ,
ਕੇਸੋਂ ਕੋ ਕੰਘੀ ਕਰੂੰ ਜਰਾ ਧੁਲਾ ਤੋ ਲੂੰ,
ਪਿਆਰੇ ਸਰੋਂ ਪੇ ਨੰਨ੍ਹੀ ਸੀ ਕਲਗੀ ਸਜਾ ਤੋ ਲੂੰ,
ਮਰਨ ਸੇ ਪਹਿਲੇ ਤੁਮ ਕੋ ਦੂਲਹਾ ਬਨਾ ਤੋ ਲੂੰ ।

ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ, ਸੂਰਮਿਆਂ ਨੇ ਕਚਿਹਰੀ ਵਿੱਚ ਖਲੋ ਕੇ, ਗੱਜ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾਈ। ਇਹ ਦੇਖਕੇ ਸੂਬਾ ਕੰਬ ਉੱਠਿਆ। ਕਹਿੰਦੇ ਹਨ ਜਿਸ ਦਰਵਾਜ਼ੇ ਰਾਹੀਂ ਸਾਹਿਬਜ਼ਾਦਿਆਂ ਨੂੰ ਕਚਿਹਰੀ ਵਿੱਚ ਲਿਆਂਦਾ ਗਿਆ ਉਹ ਬਹੁਤ ਨੀਵਾਂ ਸੀ, ਤਾਂ ਕਿ ਜਦੋਂ ਉਹ ਅੰਦਰ ਵੜਣ ਤਾਂ ਉਹਨਾਂ ਦੀ ਨੀਵੀਂ ਪੈ ਜਾਵੇ ਪਰ ਅਣਖ ਨਾਲ ਜਿਉਣ ਵਾਲੇ ਸੂਰਮਿਆਂ ਦੀ ਧੌਣ ਕਾਇਰਾਂ ਸਾਹਮਣੇ ਨਹੀਂ ਝੁਕ ਸਕਦੀ।

ਸੂਬੇ ਨੇ ਸਾਹਿਬਜ਼ਾਦਿਆਂ ਨੂੰ ਧਰਮ ਤੋਂ ਡੁਲ੍ਹਾਉਣ ਦੇ ਲੱਖਾਂ ਯਤਨ ਕੀਤੇ ਤਰ੍ਹਾਂ-ਤਰ੍ਹਾਂ ਦੇ ਲਾਲਚ ਦਿੱਤੇ ਤਾਂ ਕਿ ਉਹ ਸਿੱਖ ਧਰਮ ਨੂੰ ਛੱਡਕੇ ਇਸਲਾਮ ਕਬੂਲ ਕਰ ਲੈਣ। ਸੂਰਜ ਪ੍ਰਕਾਸ਼ ਦੇ ਕਰਤਾ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਮੋਰਿੰਡੇ ਦੇ ਇੱਕ ਅਹਿਲਕਾਰ ਨੇ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਤੁਹਾਡੇ ਪਿਤਾ ਜੀ ਅਤੇ ਭਰਾ ਚਮਕੌਰ ਦੀ ਜੰਗ ਵਿੱਚ ਮਾਰੇ ਗਏ ਹਨ ਸੋ ਤੁਹਾਡਾ ਕੋਈ ਆਸਰਾ ਨਹੀਂ ਰਿਹਾ ਜੇਕਰ ਤੁਸੀਂ ਇਸਲਾਮ ਕਬੂਲ ਕਰ ਲਵੋ ਤਾਂ ਵਜ਼ੀਰ ਖਾਨ ਤੁਹਾਡੀ ਰੱਖਿਆ ਕਰ ਸਕਦਾ ਹੈ। ਸੂਰਜ ਪ੍ਰਕਾਸ਼ ਅਨੁਸਾਰ :-

ਸਾਹਿਬਜ਼ਾਦਿਓ ਪਿਤਾ ਤੁਹਾਰਾ ॥ ਗੜ੍ਹ ਚਮਕੌਰ ਘੇਰ ਗਹਿ ਮਾਰਾ॥
ਤਹਿ ਤੁਮਰੇ ਦੈ ਭ੍ਰਾਤ ਪ੍ਰਹਾਰੇ ॥ ਸੰਗੀ ਸਿੰਘ ਸਕਲ ਸੋ ਮਾਰੇ ॥

ਅੱਗੋਂ ਸਾਹਿਬਜ਼ਾਦਿਆਂ ਨੇ ਜੁਆਬ ਦਿੱਤਾ :-

ਸ੍ਰੀ ਸਤਿਗੁਰੂ ਜੋ ਪਿਤਾ ਹਮਾਰਾ ॥ ਜਗ ਮਹਿੰ ਕੋਨ ਸਕੇ ਤਿੰਹ ਮਾਰਾ ॥
ਜਿੰਮ ਆਕਾਸ਼ ਕੋ ਕਿਆ ਕੋਈ ਮਾਰਹਿ ॥ ਕੌਨ ਅੰਧੇਰੀ ਕੋ ਨਿਰਵਾਰਹਿ ॥

ਸੂਬੇ ਦੀ ਗੱਲ ਸੁਣਕੇ ਸਾਹਿਬਜ਼ਾਦਿਆਂ ਨੇ ਜੁਆਬ ਦਿੱਤਾ ਕਿ ਸਾਨੂੰ ਤਾਂ ਅਕਾਲ ਪੁਰਖ ਦੇ ਆਸਰੇ ਦੀ ਲੋੜ ਹੈ ਹੋਰ ਕੋਈ ਆਸਰੇ ਦੀ ਲੋੜ ਨਹੀਂ। ਸਾਹਿਬਜ਼ਾਦਿਆਂ ਨੇ ਨਿਡਰ ਹੋ ਕੇ ਕਿਹਾ ਕਿ ਵਜ਼ੀਰ ਖਾਨ ਸੂਰਜ ਪੂਰਬ ਨੂੰ ਛੱਡ ਕੇ ਪੱਛਮ 'ਚੋਂ ਨਿਕਲ ਸਕਦਾ, ਮੱਛੀਆਂ ਪਾਣੀ ਤੋਂ ਬਿਨਾਂ ਜਿੰਦਾ ਰਹਿ ਸਕਦੀਆਂ ਪਰ ਸ਼ੇਰਾਂ ਦੇ ਪੁੱਤ ਤੇਰੀਆਂ ਗਿੱਦੜ ਧਮਕੀਆਂ ਅੱਗੇ ਝੁਕ ਨਹੀਂ ਸਕਦੇ। ਸੂਬੇ ਨੂੰ ਜਦ ਕੋਈ ਗੱਲ ਰਾਹ ਪੈਂਦੀ ਨਾ ਦਿਸੀ ਤਾਂ ਉਹਨੇ ਸਾਹਿਬਜ਼ਾਦਿਆਂ ਨੂੰ ਇੱਕ ਰਾਤ ਹੋਰ ਠੰਡੇ ਬੁਰਜ ਵਿੱਚ ਰੱਖਣ ਦਾ ਹੁਕਮ ਕੀਤਾ। ਭੁੱਖੇ ਤਿਹਾਏ ਛੋਟੇ ਬੱਚੇ ਦੂਜੇ ਦਿਨ ਬੁਰਜ ਦੀ ਤਸੀਹਿਆਂ ਭਰੀ ਰਾਤ ਪਲ-ਪਲ ਕਰਕੇ ਗੁਜ਼ਾਰ ਰਹੇ ਸਨ। ਇਸ ਸਮੇਂ ਹੀ ਗੁਰੂ ਘਰ ਦਾ ਇੱਕ ਪ੍ਰੇਮੀ ਬਾਬਾ ਮੋਤੀ ਰਾਮ ਮਹਿਰਾ ਜੋ ਕਿ ਵਜ਼ੀਰ ਖਾਨ ਦੇ ਲੰਗਰ ਵਿੱਚ ਨੌਕਰੀ ਕਰਦਾ ਸੀ, ਦੁੱਧ ਦੀ ਗੜਬੀ ਲੈ ਕੇ ਬੁਰਜ ਵਿੱਚ ਪਹੁੰਚਿਆ, ਰਸਤੇ ਵਿੱਚ ਕਿਸੇ ਪਹਿਰੇਦਾਰ ਨੇ ਬਾਬਾ ਜੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਨੂੰ ਮੋਹਰਾਂ ਅਤੇ ਪੈਸੇ ਵੀ ਦੇਣੇ ਪਏ। ਮਾਤਾ ਗੁਜਰੀ ਜੀ ਨੇ ਦੁੱਧ ਪੋਤਿਆਂ ਨੂੰ ਛਕਾਇਆ ਅਤੇ ਮੋਤੀ ਮਹਿਰੇ ਦਾ ਧੰਨਵਾਦ ਕੀਤਾ :-

ਪਿਖ ਕੇ ਪ੍ਰੇਮ ਸੂ ਮੋਤੀ ਕੇਰਾ, ਮਾਤਾ ਕਹਯੋ ਭਲਾ ਹੋਵੈ ਤੇਰਾ ॥

ਸਾਹਿਬਜ਼ਾਦਿਆਂ ਦੀ ਦੂਸਰੀ ਪੇਸ਼ੀ 25 ਦਸੰਬਰ 1704 ਈ. ਨੂੰ ਹੋਈ। ਜਦੋਂ ਸਿਪਾਹੀ ਬੱਚਿਆਂ ਨੂੰ ਲੈਣ ਆਏ ਤਾਂ ਦਾਦੀ ਮਾਂ ਨੇ ਲਾਲ ਦੇ ਲਾਲਾਂ ਦੇ ਮੁੱਖ ਚੁੰਮੇ ਅਤੇ ਉਨ੍ਹਾਂ ਨੂੰ ਸਿਦਕ ਦੇ ਪੱਕੇ ਰਹਿਣ ਦੀ ਪ੍ਰੇਰਨਾ ਦਿੱਤੀ। ਸਾਹਿਬਜ਼ਾਦਿਆਂ ਨੇ ਕਚਿਹਰੀ ਵਿੱਚ ਜਾ ਕੇ ਗੱਜਕੇ ਫ਼ਤਿਹ ਬੁਲਾਈ। ਸੂਬੇ ਨੇ ਫਿਰ ਉਹੀ ਇਸਲਾਮ ਕਬੂਲ ਕਰਨ ਦੀ ਪੇਸ਼ਕਾਰੀ ਕੀਤੀ ਪਰ ਸਾਹਿਬਜ਼ਾਦਿਆਂ ਨੇ ਇਸ ਪੇਸ਼ਕਾਰੀ ਨੂੰ ਠੁਕਰਾ ਦਿੱਤਾ।

(ਬਾਕੀ ਸਫ਼ਾ 27 'ਤੇ)

# ਇਤਿਹਾਸ ਦਾ ਲਾਸਾਨੀ ਪੰਨਾ ਸਾਕਾ ਸਰਹਿੰਦ



**ਐਡਵੋਕੇਟ ਹਰਜਿੰਦਰ ਸਿੰਘ ਧਾਮੀ**
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ



ਸਰਬੰਸਦਾਨੀ, ਸਾਹਿਬ-ਏ-ਕਮਾਲ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਇਤਿਹਾਸ ਆਪਣੇ-ਆਪ ਵਿੱਚ ਲਾਸਾਨੀ ਅਤੇ ਵਿਲੱਖਣ ਹੈ। ਦੁਨੀਆਂ ਦੇ ਧਾਰਮਿਕ ਇਤਿਹਾਸ ਅੰਦਰ ਅਜਿਹੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਧਰਮਾਂ ਦੇ ਇਤਿਹਾਸ ਵਿੱਚ ਸਾਕਾ ਸਰਹਿੰਦ ਉਹ ਘਟਨਾ ਹੈ ਜਿਸ ਨੇ ਸਿੱਖ ਮਨਾਂ ਅੰਦਰ ਸਮੇਂ ਦੀ ਹਕੂਮਤ ਵਿਰੁੱਧ ਗੁੱਸੇ ਤੇ ਰੋਹ ਦੀ ਅੱਗ ਨੂੰ ਹੋਰ ਤਿੱਖਾ ਕੀਤਾ ਅਤੇ ਇਸ ਤੋਂ ਸ਼ਕਤੀ ਤੇ ਪ੍ਰੇਰਨਾ ਲੈ ਕੇ ਸਿੱਖਾਂ ਨੇ ਜ਼ਾਲਮ ਮੁਗ਼ਲ ਹਕੂਮਤ ਨਾਲ ਜ਼ਬਰਦਸਤ ਟੱਕਰ ਲਈ।

ਜਿਸ ਸਮੇਂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਸੂਬਾ ਸਰਹਿੰਦ ਦੇ ਹੁਕਮ ਨਾਲ ਜਿੰਦਾ ਨੀਹਾਂ ਵਿੱਚ ਚਿਣ ਕੇ ਸ਼ਹੀਦ ਕੀਤਾ ਗਿਆ ਤਾਂ ਸਾਹਿਬਜ਼ਾਦਿਆਂ ਦੀ ਉਮਰ ਭਾਵੇਂ ਬਹੁਤ ਛੋਟੀ ਸੀ ਪਰ ਉਨ੍ਹਾਂ ਦੀ ਦਲੇਰੀ ਅਤੇ ਸਿੱਖੀ ਪ੍ਰਤੀ ਦ੍ਰਿੜ੍ਹਤਾ ਪ੍ਰੌੜ ਉਮਰ ਤੋਂ ਘੱਟ ਨਹੀਂ ਸੀ।

ਸਾਹਿਬਜ਼ਾਦਿਆਂ ਨੇ ਜਿਸ ਦਲੇਰੀ, ਸਿਦਕਦਿਲੀ ਅਤੇ ਜਿੰਦਾਦਿਲੀ ਨਾਲ ਸੂਬੇ ਦੀ ਕਚਹਿਰੀ ਵਿੱਚ ਸਵਾਲਾਂ ਦੇ ਜਵਾਬ ਦਿੱਤੇ, ਉਸ ਵੱਲੋਂ ਧਰਮ ਛੱਡਣ ਖ਼ਾਤਰ ਦਿੱਤੇ ਜਾ ਰਹੇ ਲਾਲਚਾਂ ਨੂੰ ਠੁਕਰਾਇਆ ਤੇ ਸ਼ਹਾਦਤ ਨੂੰ ਕਬੂਲ ਕੀਤਾ, ਉਸ ਦਾ ਵਿਸ਼ਵ ਦੇ ਧਰਮ ਇਤਿਹਾਸ ਅੰਦਰ ਕੋਈ ਮੁਕਾਬਲਾ ਨਹੀਂ ਮਿਲਦਾ।

ਇਹ ਚੜ੍ਹਦੀ ਕਲਾ ਦੀ ਜੀਵਤ ਮਿਸਾਲ ਹੈ। ਇਸੇ ਲਈ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਸਿੱਖ ਅਤੇ ਗ਼ੈਰ ਸਿੱਖ ਇਤਿਹਾਸਕਾਰਾਂ ਨੇ ਅਦੁੱਤੀ ਕਿਹਾ ਹੈ। ਕਹਿਰ ਦੀ ਠੰਢੀ ਰਾਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸੇ ਸਮੇਤ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣਾ, ਸਰਸਾ ਨੇ ਰਸਤਾ ਰੋਕਣਾ, ਪਰਿਵਾਰ ਦਾ ਖੇਰੂੰ-ਖੇਰੂੰ ਹੋਣਾ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਆਦਿ ਸਭ ਘਟਨਾਵਾਂ ਸਿੱਖ ਇਤਿਹਾਸ ਦੇ ਵੱਡੇ ਪਹਿਲੂ ਹਨ।

ਸਰਸਾ ਨੂੰ ਪਾਰ ਕਰਨ ਤੋਂ ਬਾਅਦ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਆਪ ਦੇ ਮਾਤਾ ਜੀ, ਸਾਹਿਬਜ਼ਾਦੇ ਅਤੇ ਆਪ ਜੀ ਦੇ ਮਹਿਲ ਸਭ ਵਿੱਛੜ ਗਏ। ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਨਾਲ ਗੁਰੂ-ਘਰ ਦੇ ਰਸੋਈਏ ਗੰਗੂ ਨਾਲ ਉਸ ਦੇ ਪਿੰਡ ਖੇੜੀ (ਸਹੇੜੀ) ਆ ਗਏ। ਮਾਤਾ ਜੀ ਕੋਲ ਸੋਨੇ ਦੀਆਂ ਮੋਹਰਾਂ ਵੇਖ ਅਤੇ ਸਰਕਾਰੀ ਇਨਾਮ ਦੇ ਲਾਲਚ 'ਚ ਗੰਗੂ ਡੋਲ ਗਿਆ। ਗੰਗੂ ਵੱਲੋਂ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨਾਲ ਕੀਤੇ ਵਿਸ਼ਵਾਸਘਾਤ ਬਾਰੇ ਅੱਲਾ ਯਾਰ ਖਾਂ ਜੋਗੀ ਲਿਖਦੇ ਹਨ:

ਬਦਜ਼ਾਤ ਬਦ-ਸਿਫਾਤ ਵਹੁ ਗੰਗੂ ਨਮਕ-ਹਰਾਮ।
ਟੁਕੜੋਂ ਪੇ ਸਤਗੁਰੂ ਕੇ ਜੋ ਪਲਤਾ ਰਹਾ ਮੁਦਾਮ।
ਦੁਨੀਆ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਿਆ।
ਦੁਸ਼ਮਨ ਭੀ ਜੁ ਨ ਕਰਤਾ ਵਹੁ ਯਿ ਕਾਮ ਕਰ ਗਿਆ।

ਗੰਗੂ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਖ਼ਬਰ ਮੋਰਿੰਡੇ ਥਾਣੇ ਜਾ ਦਿੱਤੀ ਜਿੱਥੇ ਸਾਹਿਬਜ਼ਾਦਿਆਂ ਨੂੰ ਮਾਤਾ ਜੀ ਸਮੇਤ ਗ੍ਰਿਫ਼ਤਾਰ ਕਰ ਕੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਦੇ ਹਵਾਲੇ ਕੀਤਾ ਗਿਆ। ਸੂਬੇਦਾਰ ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਠੰਢੇ ਬੁਰਜ 'ਚ ਕੈਦ ਕਰ ਦਿੱਤਾ।

ਕਹਿਰ ਦੀ ਸੀਤ 'ਚ ਭੁੱਖੇ-ਭਾਣੇ ਸਾਹਿਬਜ਼ਾਦੇ ਸਾਰੀ ਰਾਤ ਦਾਦੀ ਮਾਂ ਦੀ ਗੋਦ 'ਚ ਬੈਠੇ ਗੁਰੂ ਪਿਤਾ ਦੀ ਸੂਰਮਗਤੀ, ਦਾਦਿਆਂ-ਪੜਦਾਦਿਆਂ ਦੀ ਕੁਰਬਾਨੀ ਦੀਆਂ ਬਾਤਾਂ ਸੁਣਦੇ ਸਿੱਖੀ ਅਸੂਲਾਂ 'ਤੇ ਦ੍ਰਿੜ੍ਹ ਰਹਿਣ ਲਈ ਸਿੱਖਿਆ ਲੈਂਦੇ ਰਹੇ। ਦਿਨ ਚੜ੍ਹਦਿਆਂ ਸਾਹਿਬਜ਼ਾਦਿਆਂ ਨੂੰ ਕਚਹਿਰੀ 'ਚ ਪੇਸ਼ ਕਰਨ ਦਾ ਹੁਕਮ ਹੋਇਆ। ਸਾਹਿਬਜ਼ਾਦੇ ਬੁਲੰਦ ਹੌਸਲੇ 'ਚ ਸਨ। ਮਾਤਾ ਗੁਜਰੀ ਜੀ ਨੇ ਬੱਚਿਆਂ ਨੂੰ ਤਿਆਰ ਕੀਤਾ।

ਸਾਹਿਬਜ਼ਾਦਿਆਂ ਨੂੰ ਕਚਹਿਰੀ 'ਚ ਵਜ਼ੀਰ ਖਾਂ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਨ੍ਹਾਂ ਨੂੰ ਪਹਿਲਾਂ ਧਨ, ਦੌਲਤ, ਜਗੀਰਾਂ, ਸ਼ਾਹੀ ਡੋਲੀਆਂ ਦੇ ਲਾਲਚ ਦੇ ਕੇ ਇਸਲਾਮ ਧਰਮ ਧਾਰਨ ਕਰਨ ਲਈ ਕਿਹਾ ਗਿਆ, ਫਿਰ ਸਰੀਰਕ ਕਸ਼ਟ ਤੇ ਮੌਤ ਦੇ ਡਰਾਵੇ ਦਿੱਤੇ ਗਏ ਪਰ ਕੋਮਲ ਜਿੰਦਾਂ ਦੇ ਚਿਹਰਿਆਂ 'ਤੇ ਸਿੱਖੀ ਪਿਆਰ, ਬੀਰਤਾ ਤੇ ਜੁਰਅਤ ਪ੍ਰਤੱਖ ਦਿਸ ਰਹੀ ਸੀ। ਸਾਹਿਬਜ਼ਾਦਿਆਂ ਦੇ ਅਡੋਲ ਚਿੱਤ ਰਹਿੰਦਿਆਂ ਰੋਅਬ ਭਰੇ ਜਵਾਬਾਂ ਨੇ ਸਭ ਨੂੰ ਕੰਬਣੀ ਛੇੜ ਦਿੱਤੀ।

ਸਾਹਿਬਜ਼ਾਦਿਆਂ ਨੂੰ ਇਸਲਾਮ ਧਾਰਨ ਕਰਵਾਉਣ ਲਈ ਲਾਲਚ, ਡਰਾਵੇ ਤੇ ਧਮਕੀਆਂ ਦਾ ਦੌਰ ਚੱਲਦਾ ਰਿਹਾ। ਪੇਸ਼ ਨਾ ਜਾਂਦੀ ਵੇਖ ਕੇ ਮੁੱਲਾਂ ਤੇ ਕਾਜ਼ੀਆਂ ਨੂੰ ਸਾਹਿਬਜ਼ਾਦਿਆਂ ਦੀ ਸਜ਼ਾ ਨਿਸ਼ਚਤ ਕਰਨ ਲਈ ਕਿਹਾ ਗਿਆ ਜਿਸ 'ਤੇ ਉਨ੍ਹਾਂ ਸਾਹਿਬਜ਼ਾਦਿਆਂ ਨੂੰ ਨੀਂਹਾਂ 'ਚ ਚਿਣ ਕੇ ਸ਼ਹੀਦ ਕਰਨ ਦਾ ਹੁਕਮ ਸੁਣਾਇਆ।

ਇੰਝ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਿਹ ਸਿੰਘ ਜੀ ਨੇ ਲਾਸਾਨੀ ਸ਼ਹਾਦਤ ਪ੍ਰਾਪਤ ਕਰ ਕੇ ਦੁਨੀਆ ਦੇ ਇਤਿਹਾਸ ਅੰਦਰ ਨਿਵੇਕਲਾ ਪੰਨਾ ਸਿਰਜਿਆ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਮਾਤਾ ਗੁਜਰੀ ਜੀ ਵੀ ਠੰਢੇ ਬੁਰਜ ਵਿੱਚ ਗੁਰਪੁਰੀ ਪਿਆਨਾ ਕਰ ਗਏ।

ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸਸਕਾਰ ਲਈ ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾਂ ਦੇ ਕੇ ਜ਼ਮੀਨ ਖ਼ਰੀਦੀ, ਜਿਸ ਸਥਾਨ 'ਤੇ ਗੁਰਦੁਆਰਾ ਜੋਤੀ ਸਰੂਪ ਸੁਭਾਇਮਾਨ ਹੈ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਸਿੱਖ ਸੰਘਰਸ਼ ਵਿੱਚ ਨਵੀਂ ਰੂਹ ਫੂਕ ਦਿੱਤੀ। ਦਸਮੇਸ਼ ਪਿਤਾ ਜੀ ਦਾ ਥਾਪੜਾ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਅਜਿਹੀ ਉਥਲ-ਪੁਥਲ ਲਿਆਂਦੀ ਕਿ ਮੁਗ਼ਲ ਸਾਮਰਾਜ ਦੀਆਂ ਜੜ੍ਹਾਂ ਹਿੱਲ ਗਈਆਂ। ਸਿੱਖ ਯੋਧਿਆਂ ਨੇ ਸਮੇਂ ਦੇ ਹੈਂਕੜਬਾਜ਼ ਵਜ਼ੀਰ ਖਾਂ ਅਤੇ ਉਸ ਦੇ ਦਰਬਾਰੀਆਂ ਦੀ ਜੋ ਦਸ਼ਾ ਕੀਤੀ ਉਹ ਇਤਿਹਾਸ ਬਣ ਗਿਆ।

ਇਸ ਸਾਕੇ ਪਿੱਛੋਂ ਖ਼ਾਲਸੇ ਨੇ ਸਿੱਖ ਰਾਜ ਦੀ ਮੰਜ਼ਿਲ ਵੀ ਸਰ ਕੀਤੀ। ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਸਿੱਖ ਕੌਮ ਲਈ ਮਾਰਗ ਦਰਸ਼ਕ ਹੈ। ਇਹ ਸ਼ਹਾਦਤਾਂ ਸਾਨੂੰ ਸਿੱਖ ਧਰਮ ਦੀਆਂ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣ ਲਈ ਸਦਾ ਤਤਪਰ ਰਹਿਣ ਦੀ ਪ੍ਰੇਰਨਾ ਦਿੰਦੀਆਂ ਆ ਰਹੀਆਂ ਹਨ।

# ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਦੀਆਂ ਸ਼ਹੀਦੀਆਂ ਦਾ ਮਹੀਨਾ ਦਸੰਬਰ

ਡਾ. ਰਣਜੀਤ ਸਿੰਘ

ਖ਼ਾਲਸਾ ਪੰਥ ਦੇ ਸਿਰਜਕ ਅਤੇ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਨੇ ਮਨੁੱਖੀ ਹੱਕਾਂ ਦੀ ਰਾਖੀ ਲਈ ਆਪਣੇ ਸਿੰਘਾਂ ਨੂੰ ਹੀ ਸਿਰ ਤਲੀ 'ਤੇ ਰੱਖਣ ਲਈ ਨਹੀਂ ਆਖਿਆ ਸਗੋਂ ਆਪਣੇ ਸਾਰੇ ਪਰਿਵਾਰ ਦੀ ਵੀ ਕੁਰਬਾਨੀ ਦਿੱਤੀ। ਸੰਸਾਰ ਵਿੱਚ ਕੋਈ ਹੋਰ ਪੀਰ ਪੈਗੰਬਰ ਨਹੀਂ ਹੋਇਆ, ਜਿਸ ਨੇ ਆਪਣੇ ਹੱਥੀਂ ਆਪਣੇ ਪਿਤਾ ਅਤੇ ਪੁੱਤਰਾਂ ਨੂੰ ਸ਼ਹੀਦੀ ਦੇਣ ਲਈ ਤੋਰਿਆ ਹੋਵੇ। ਗੁਰੂ ਗੋਬਿੰਦ ਸਿੰਘ ਜੀ ਸਿਰਫ਼ ਨੌਂ ਸਾਲ ਦੇ ਸਨ ਜਦੋਂ ਉਨ੍ਹਾਂ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦੀ ਦੇਣ ਲਈ ਤੋਰ ਦਿੱਤਾ। ਉਦੋਂ ਦੇਸ਼ ਵਿੱਚ ਔਰੰਗਜ਼ੇਬ ਦਾ ਰਾਜ ਸੀ। ਉਹ ਧੱਕੇ ਨਾਲ ਗ਼ੈਰ ਮੁਸਲਮਾਨਾਂ ਨੂੰ ਮੁਸਲਮਾਨ ਬਣਾ ਰਿਹਾ ਸੀ। ਕਸ਼ਮੀਰ ਦੇ ਪੰਡਿਤਾਂ ਨੂੰ ਵੀ ਧਰਮ ਤਬਦੀਲ ਕਰਨ ਦਾ ਹੁਕਮ ਸੁਣਾਇਆ ਗਿਆ। ਕਿਸੇ ਹਿੰਦੂ ਰਾਜੇ-ਮਹਾਰਾਜੇ ਨੇ ਪੰਡਿਤਾਂ ਦੀ ਬਾਂਹ ਨਾ ਫੜੀ। ਅਖੀਰ ਉਹ ਗੁਰੂ ਤੇਗ ਬਹਾਦਰ ਜੀ ਕੋਲ ਫ਼ਰਿਆਦ ਲੈ ਕੇ ਆਏ। ਬਾਲ ਗੋਬਿੰਦ ਰਾਏ ਨੇ ਪੁੱਛਿਆ, 'ਪਿਤਾ ਜੀ ਇਸ ਜ਼ੁਲਮ ਨੂੰ ਠੱਲ੍ਹ ਕਿਵੇਂ ਪਾਈ ਜਾ ਸਕਦੀ ਹੈ?' ਪਿਤਾ ਜੀ ਦਾ ਉੱਤਰ ਸੀ ਕਿ ਕਿਸੇ ਮਹਾਂਪੁਰਖ ਦੇ ਕੁਰਬਾਨੀ ਦੇਣ ਨਾਲ ਹੀ ਇਸ ਜ਼ੁਲਮ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਬਾਲ ਗੋਬਿੰਦ ਰਾਏ ਨੇ ਆਖਿਆ, 'ਪਿਤਾ ਜੀ ਤੁਹਾਡੇ ਤੋਂ ਵੱਡਾ ਮਹਾਂਪੁਰਖ ਕੌਣ ਹੋ ਸਕਦਾ ਹੈ?' ਆਪਣੇ ਪੁੱਤਰ ਦੇ ਸ਼ਬਦ ਸੁਣ ਕੇ ਗੁਰੂ ਜੀ ਨਿਹਾਲ ਹੋ ਗਏ। ਉਨ੍ਹਾਂ ਪੰਡਿਤਾਂ ਨੂੰ ਆਖਿਆ, 'ਜਾ ਕੇ ਬਾਦਸ਼ਾਹ ਨੂੰ ਆਖ ਦਿਓ ਕਿ ਜੇ ਸਾਡਾ ਗੁਰੂ ਇਸਲਾਮ ਕਬੂਲ ਕਰ ਲਵੇ ਤਾਂ ਅਸੀਂ ਵੀ ਮੁਸਲਮਾਨ ਬਣ ਜਾਵਾਂਗੇ।'

ਨੌਵੇਂ ਗੁਰੂ ਨੇ ਆਪਣੀ ਮਰਜ਼ੀ ਨਾਲ ਸ਼ਹਾਦਤ ਦੇਣ ਲਈ ਦਿੱਲੀ ਵੱਲ ਚਾਲੇ ਪਾਏ। ਇਹ ਸ਼ਹਾਦਤ ਉਨ੍ਹਾਂ ਆਪਣੀ ਮਰਜ਼ੀ ਨਾਲ ਮਨੁੱਖੀ ਹੱਕਾਂ ਦੀ ਰਾਖੀ ਲਈ ਦਿੱਤੀ। ਇਹ ਅਦੁੱਤੀ ਸ਼ਹਾਦਤ ਸੀ ਕਿਉਂਕਿ ਸੰਸਾਰ ਵਿੱਚ ਬਹੁਤੀਆਂ ਸ਼ਹਾਦਤਾਂ ਮੌਕੇ ਦੇ ਹਾਕਮਾਂ ਵੱਲੋਂ ਆਪਣੇ ਵਿਰੋਧੀਆਂ ਨੂੰ ਸਜ਼ਾ ਦੇ ਰੂਪ ਵਿੱਚ ਦਿੱਤੀ ਗਈਆਂ ਹਨ।



ਗੁਰੂ ਗੋਬਿੰਦ ਸਿੰਘ ਜੀ ਨੇ 1699 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਭਰੇ ਦੀਵਾਨ ਵਿੱਚ ਮਿਆਨ 'ਚੋਂ ਲਿਸ਼ਕਦੀ ਤਲਵਾਰ ਕੱਢ ਕੇ ਇੱਕ ਸਿਰ ਦੀ ਮੰਗ ਕੀਤੀ। ਇੰਝ ਉਨ੍ਹਾਂ ਪੰਜ ਜਿਊਂਦੇ ਸ਼ਹੀਦਾਂ ਦੀ ਚੋਣ ਕੀਤੀ, ਜਿਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਨਾਲ ਸਿੰਘ ਸਜਾ ਕੇ ਪੰਜ ਪਿਆਰਿਆਂ ਦਾ ਨਾਮ ਦਿੱਤਾ। ਗੁਰੂ ਜੀ ਨੇ ਖ਼ਾਲਸੇ ਦੀ ਸਿਰਜਣਾ ਕਰਕੇ ਆਪਣੇ ਆਪ ਨੂੰ ਉਸੇ ਪੰਗਤੀ ਵਿੱਚ ਖੜ੍ਹਾ ਕਰ ਦਿੱਤਾ। ਗੁਰੂ ਸਾਹਿਬ ਨੇ ਸਮਾਜ 'ਚੋਂ ਉਚ-ਨੀਚ ਤੇ ਜਾਤ ਪਾਤ ਦੇ ਫ਼ਰਕ ਨੂੰ ਮੇਟ ਸਭਨਾਂ ਨੂੰ ਬਰਾਬਰੀ ਬਖ਼ਸ਼ੀ। ਗੁਰੂ ਦਾ ਸਿੰਘ ਕੇਵਲ ਆਪਣੇ ਹੱਕਾਂ ਦੀ ਰਾਖੀ ਨਹੀਂ ਕਰਦਾ ਸਗੋਂ ਮਜ਼ਲੂਮਾਂ ਦੇ ਹੱਕਾਂ ਦੀ ਰਾਖੀ ਵੀ ਕਰਦਾ ਹੈ। ਉਹ ਕਿਰਤ ਕਰਦਾ ਹੈ, ਵੰਡ ਛਕਦਾ ਹੈ ਤੇ ਨਾਮ ਜਪਦਾ ਹੈ। ਉਹ ਮਿੱਠ ਬੋਲੜਾ ਹੈ ਤੇ ਉੱਚੇ ਆਚਰਣ ਵਾਲਾ ਹੈ।

ਇਸ ਇਨਕਲਾਬੀ ਤਬਦੀਲੀ ਨੇ ਮੌਕੇ ਦੇ ਸ਼ਾਸਕਾਂ, ਧਾਰਮਿਕ ਅਤੇ ਸਮਾਜਿਕ ਆਗੂਆਂ ਨੂੰ ਭੈਭੀਤ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਇਹ ਚੰਗਿਆੜੀ ਭਾਂਬੜ ਦਾ ਰੂਪ ਧਾਰ ਲਵੇ, ਸ਼ਾਸਕਾਂ ਨੇ ਇਸ ਨੂੰ ਬੁਝਾਉਣ ਲਈ ਭਾਰੀ ਫ਼ੌਜਾਂ ਨਾਲ ਦਸਮੇਸ਼ ਦੇ ਗੜ੍ਹ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਸ਼ਾਹੀ ਫ਼ੌਜਾਂ ਨੇ 1701 ਤੋਂ 1704 ਦੇ ਵਿਚਕਾਰ ਆਨੰਦਪੁਰ ਸਾਹਿਬ 'ਤੇ ਪੰਜ ਵਾਰ ਹਮਲਾ ਕੀਤਾ। ਚਾਰ ਲੜਾਈਆਂ ਵਿੱਚ ਸਿੰਘਾਂ ਨੇ ਵੈਰੀ ਦੇ ਦੰਦ ਖੱਟੇ ਕੀਤੇ। ਪੰਜਵੀਂ ਵਾਰ ਭਾਰੀ ਫ਼ੌਜ ਨਾਲ ਸ਼ਾਹੀ ਫ਼ੌਜਾਂ ਨੇ ਆਨੰਦਪੁਰ ਸਾਹਿਬ ਨੂੰ ਘੇਰਾ ਪਾਇਆ। ਇਹ ਘੇਰਾ ਛੇ ਮਹੀਨੇ ਚੱਲਦਾ ਰਿਹਾ। ਸ਼ਾਹੀ ਫ਼ੌਜਾਂ ਨੇ ਗੁਰੂ ਜੀ ਨੂੰ ਪੇਸ਼ਕਸ਼ ਕੀਤੀ ਕਿ ਜੇ ਉਹ ਲੜਾਈ ਬੰਦ ਕਰਕੇ ਆਨੰਦਪੁਰ ਸਾਹਿਬ ਨੂੰ ਛੱਡ ਜਾਣ ਤਾਂ ਘੇਰਾ ਚੁੱਕ ਲਿਆ ਜਾਵੇਗਾ।

ਗੁਰੂ ਜੀ ਆਪਣੇ ਪਰਿਵਾਰ ਅਤੇ ਸਿੰਘਾਂ ਨਾਲ ਕੀਰਤਪੁਰ ਸਾਹਿਬ ਵੱਲ ਤੁਰ ਪਏ। ਦੁਸ਼ਮਣ ਆਪਣੇ ਵਾਅਦੇ ਤੋਂ ਮੁੱਕਰ ਗਏ ਤੇ ਉਨ੍ਹਾਂ ਨੇ ਗੁਰੂ ਜੀ 'ਤੇ ਹਮਲਾ ਬੋਲ ਦਿੱਤਾ। ਅੱਗੇ ਸਰਸਾ ਨਦੀ ਹੜ੍ਹ ਆਇਆ ਹੋਇਆ ਸੀ। ਪਿੱਛੋਂ ਵੈਰੀ ਦਾ ਹਮਲਾ, ਅੱਗੇ ਹੜ੍ਹ, ਸਾਰੀ ਵਹੀਰ ਨਿੱਖੜ ਗਈ। ਗੁਰੂ ਜੀ ਦਾ ਪਰਿਵਾਰ ਵੀ ਨਿੱਖੜ ਗਿਆ। ਜਦੋਂ ਗੁਰੂ ਜੀ ਨੇ ਨਦੀ ਪਾਰ ਕੀਤੀ ਤਾਂ ਉਨ੍ਹਾਂ ਨਾਲ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਅਤੇ ਡੇਢ ਸੌ ਦੇ ਕਰੀਬ ਸਿੰਘ ਰਹਿ ਗਏ। ਗੁਰੂ ਜੀ ਜਦੋਂ ਰੋਪੜ ਪਹੁੰਚੇ ਤਾਂ ਉਨ੍ਹਾਂ 'ਤੇ ਮੁੜ ਹਮਲਾ ਹੋ ਗਿਆ। ਗੁਰੂ ਜੀ ਬਹਾਦਰੀ ਨਾਲ ਲੜੇ ਅਤੇ ਵੈਰੀ ਨੂੰ ਪਛਾੜਿਆ। ਇਥੋਂ ਚੱਲ ਕੇ ਗੁਰੂ ਜੀ ਚਮਕੌਰ ਸਾਹਿਬ ਪਹੁੰਚੇ। ਹੁਣ ਉਨ੍ਹਾਂ ਨਾਲ ਸਿਰਫ਼ 40 ਸਿੰਘ ਹੀ ਰਹਿ ਗਏ, ਬਾਕੀ ਸ਼ਹੀਦੀਆਂ ਪਾ ਗਏ। ਉਸ ਦਿਨ ਸੱਤ ਪੋਹ ਸੀ ਤੇ ਕੜਾਕੇ ਦੀ ਠੰਢ ਪੈ ਰਹੀ ਸੀ। ਇਥੇ ਗੁਰੂ ਜੀ ਨੇ ਇੱਕ ਵੱਡੀ ਹਵੇਲੀ ਵਿੱਚ ਟਿਕਾਣਾ ਕੀਤਾ, ਜਿਸ ਨੂੰ ਗੜ੍ਹੀ ਆਖਿਆ ਜਾਂਦਾ ਹੈ। ਸ਼ਾਹੀ ਫ਼ੌਜਾਂ ਪਿੱਛਾ ਕਰਦੀਆਂ ਇਥੇ ਵੀ ਪੁੱਜ ਗਈਆਂ ਅਤੇ ਗੜ੍ਹੀ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਇਸ ਹਮਲੇ ਦਾ ਡੱਟ ਕੇ ਮੁਕਾਬਲਾ ਕੀਤਾ ਪਰ ਦੁਪਹਿਰ ਤੀਕ ਸਿੰਘਾਂ ਦੇ ਤੀਰ ਤੇ ਗੋਲੀ-ਸਿੱਕਾ ਖ਼ਤਮ ਹੋ ਗਿਆ। ਹੁਣ ਤਲਵਾਰਾਂ ਨਾਲ ਮੁਕਾਬਲਾ ਕਰਨ ਦਾ ਫ਼ੈਸਲਾ ਕੀਤਾ ਗਿਆ। ਪੰਜ-ਪੰਜ ਸਿੰਘਾਂ ਦੇ ਜਥੇ ਬਣਾਏ ਗਏ, ਜਿਨ੍ਹਾਂ ਗੜ੍ਹੀ 'ਚੋਂ ਬਾਹਰ ਜਾ ਕੇ ਵੈਰੀ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕਰਨੀ ਸੀ। ਦੋ ਜਥਿਆਂ ਦੇ ਸਰਦਾਰ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਥਾਪੇ ਗਏ। ਬਾਬਾ ਅਜੀਤ ਸਿੰਘ ਦੀ ਉਸ ਵੇਲੇ ਉਮਰ 17 ਸਾਲ ਅਤੇ ਬਾਬਾ ਜੁਝਾਰ ਸਿੰਘ ਦੀ 15 ਸਾਲ ਸੀ। ਸਿੰਘਾਂ ਦਾ ਜਥਾ ਜੈਕਾਰੇ ਬੁਲਾਉਂਦਾ ਬਿਜਲੀ ਵਾਂਗ ਵੈਰੀ ਉੱਤੇ ਟੁੱਟ ਪੈਂਦਾ ਅਤੇ ਅਨੇਕਾਂ ਵੈਰੀਆਂ ਦੇ ਆਹੂ ਲਾਹੁੰਦਾ ਹੋਇਆ ਸ਼ਹੀਦੀ ਜਾਮ ਪੀ ਲੈਂਦਾ। ਵਾਰੀ ਆਉਣ 'ਤੇ ਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੂੰ ਅਸ਼ੀਰਵਾਦ ਦੇ ਕੇ ਸ਼ਹੀਦੀ ਦੇਣ ਲਈ ਤੋਰਿਆ। ਪੁੱਤਰ ਦੀ ਬਹਾਦਰੀ ਨੂੰ ਆਪ ਗੜ੍ਹੀ ਦੀ ਕੰਧ 'ਤੇ ਖੜ੍ਹੇ ਹੋ ਕੇ ਵੇਖ ਰਹੇ ਸਨ। ਜਦੋਂ ਸਾਹਿਬਜ਼ਾਦੇ ਨੇ ਸ਼ਹੀਦੀ ਦਾ ਜਾਮ ਪੀਤਾ ਤਾਂ ਉਨ੍ਹਾਂ ਨੇ ਰੋਸ ਪ੍ਰਗਟ ਕਰਨ ਦੀ ਥਾਂ ਰੱਬ ਦਾ ਸ਼ੁਕਰ ਕੀਤਾ ਅਤੇ ਛੋਟੇ ਸਾਹਿਬਜ਼ਾਦੇ ਨੂੰ ਯੁੱਧ ਵਿੱਚ ਭੇਜ ਦਿੱਤਾ। ਜਿਸ ਫੁਰਤੀ ਅਤੇ ਸਿਆਣਪ ਨਾਲ ਸਾਹਿਬਜ਼ਾਦੇ ਜੁਝਾਰ ਸਿੰਘ ਨੇ ਯੁੱਧ ਕੀਤਾ, ਉਸ ਨੇ ਵੈਰੀਆਂ ਨੂੰ ਵੀ ਦੰਗ ਕਰ ਦਿੱਤਾ। ਰਾਤ ਪੈਣ ਤੱਕ ਛੋਟੇ ਸਾਹਿਬਜ਼ਾਦੇ ਨੇ ਵੀ ਸ਼ਹੀਦੀ ਪ੍ਰਾਪਤ ਕਰ ਲਈ।

ਰਾਤ ਨੂੰ ਖ਼ਾਲਸੇ ਦਾ ਹੁਕਮ ਮੰਨ ਕੇ ਗੁਰੂ ਜੀ ਤਿੰਨ ਸਿੰਘਾਂ ਨਾਲ ਚਮਕੌਰ ਦੀ ਗੜ੍ਹੀ 'ਚੋਂ ਨਿਕਲ ਗਏ। ਗੁਰੂ ਜੀ ਦਾ ਘੋੜਾ ਇੱਕ ਥਾਂ ਆ ਕੇ ਰੁਕ ਗਿਆ ਤੇ ਅੱਗੇ ਜਾਣ ਤੋਂ ਨਾਂਹ ਕਰ ਦਿੱਤੀ। ਗੁਰੂ ਜੀ ਨੇ ਭਾਈ ਦਇਆ ਸਿੰਘ ਨੂੰ ਆਖਿਆ ਕਿ ਵੇਖੋ ਘੋੜਾ ਕਿਉਂ ਰੁਕਿਆ ਹੈ। ਦਇਆ ਸਿੰਘ ਨੇ ਦੱਸਿਆ ਕਿ ਸਾਹਿਬਜ਼ਾਦੇ ਦਾ ਸਰੀਰ ਪਿਆ ਹੈ ਤੇ ਘੋੜਾ ਉਨ੍ਹਾਂ ਦੇ ਪੈਰ ਚੁੰਮ ਰਿਹਾ ਹੈ। ਭਾਈ ਦਇਆ ਸਿੰਘ ਆਪਣਾ ਕਮਰਕੱਸਾ ਖੋਲ੍ਹ ਸਾਹਿਬਜ਼ਾਦੇ 'ਤੇ ਪਾਉਣ ਲੱਗੇ ਤਾਂ ਗੁਰੂ ਜੀ ਨੇ ਰੋਕ ਦਿੱਤਾ। ਉਨ੍ਹਾਂ ਕਿਹਾ, 'ਇਹ ਸਾਰੇ ਮੇਰੇ ਹੀ ਸਾਹਿਬਜ਼ਾਦੇ ਹਨ। ਕੋਈ ਆ ਕੇ ਆਪੇ ਹੀ ਇਨ੍ਹਾਂ ਦਾ ਸਸਕਾਰ ਕਰ ਦੇਵੇਗਾ।' ਸ਼ਹੀਦਾਂ ਦੇ ਸਤਿਕਾਰ ਵਜੋਂ ਗੁਰੂ ਜੀ ਆਪ ਵੀ ਘੋੜੇ ਤੋਂ ਉੱਤਰੇ ਅਤੇ ਆਪਣੇ ਜੋੜੇ ਉਤਾਰ ਨੰਗੇ ਪੈਰੀਂ ਤੁਰ ਪਏ। ਨਾਲ ਦੇ ਸਿੰਘਾਂ ਨੇ ਸੋਚਿਆ ਗੁਰੂ ਜੀ ਮੁੜ ਘੋੜੇ 'ਤੇ ਸਵਾਰ ਹੋਣਗੇ ਪਰ ਉਹ ਤਾਂ ਅੱਗੇ ਜਾ ਚੁੱਕੇ ਸਨ। ਗੁਰੂ ਜੀ ਨਾਲ ਉਨ੍ਹਾਂ ਦਾ ਮੇਲ ਮਾਛੀਵਾੜੇ ਜਾ ਕੇ ਹੋਇਆ, ਜਿੱਥੇ ਦਸਮੇਸ਼ ਪਿਤਾ ਇੱਕ ਟਿੰਡ ਦਾ ਸਰਾਹਣਾ ਬਣਾਈ ਸੁੱਤੇ ਪਏ ਸਨ। ਤੜਕੇ ਇੱਕ ਸਿੰਘਣੀ ਬੀਬੀ ਸ਼ਰਨ ਕੌਰ ਨੇ ਚਿਤਾ ਸਜਾਈ ਤੇ ਸਾਰੇ ਸ਼ਹੀਦ ਸਿੰਘਾਂ ਦੇ ਸਰੀਰਾਂ ਨੂੰ ਉਸ 'ਤੇ ਰੱਖ ਅੱਗ ਲਗਾ ਦਿੱਤੀ। ਅੱਗ ਦੀ ਲਪਟਾਂ ਵੇਖ ਵੈਰੀ ਦੀ ਫ਼ੌਜ ਵਿੱਚ ਭਗਦੜ ਮੱਚ ਗਈ ਤੇ ਉਨ੍ਹਾਂ ਚਿਤਾ ਨੂੰ ਘੇਰਾ ਪਾ ਲਿਆ। (**ਬਾਕੀ ਸਫ਼ਾ** 27 'ਤੇ)

# ਚਮਕੌਰ ਦੇ ਸਾਕੇ ਤੋਂ ਸਰਹਿੰਦ ਦੀ ਦੀਵਾਰ ਤੱਕ



ਗੁਰਦੇਵ ਸਿੰਘ ਸਿੱਧੂ (ਡਾ.)

ਪੰਜਾਬ ਦੇ ਇਤਿਹਾਸ ਵਿੱਚ ਦਸੰਬਰ ਮਹੀਨੇ ਦਾ ਪਿਛਲਾ ਪੰਦਰਵਾੜਾ ਵਿਸ਼ੇਸ਼ ਸਥਾਨ ਰੱਖਦਾ ਹੈ। ਇਨ੍ਹੀਂ ਦਿਨੀਂ ਹੀ ਇੱਕ ਪਿਤਾ ਦੇ ਚਾਰ ਪੁੱਤਰ ਕੌਮ ਤੇ ਧਰਮ ਲਈ ਆਪਾ ਵਾਰ ਗਏ ਸਨ। ਇਨ੍ਹਾਂ ਵਿਚੋਂ ਵੱਡੇ ਦੋ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ, ਜਿਨ੍ਹਾਂ ਚਮਕੌਰ ਦੇ ਮੈਦਾਨ-ਏ-ਜੰਗ ਵਿੱਚ ਆਪਣੀ ਤਲਵਾਰ ਦੇ ਜੌਹਰ ਵਿਖਾਏ ਤੇ ਛੋਟੇ ਦੋ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਸਨ, ਜਿਨ੍ਹਾਂ ਨੇ ਸੂਬਾ ਸਰਹੰਦ ਵੱਲੋਂ ਦਿੱਤੇ ਦੁਨਿਆਵੀ ਲਾਲਚਾਂ ਨੂੰ ਠੁਕਰਾਉਂਦਿਆਂ ਆਪਣੇ ਧਰਮ ਪ੍ਰਤਿ ਆਸਥਾ ਨੂੰ ਠੇਸ ਨਹੀਂ ਪੁੱਜਣ ਦਿੱਤੀ। ਇਸ ਘਟਨਾਵਲੀ ਦਾ ਆਰੰਭ ਮਈ 1704 ਈ. ਵਿੱਚ ਮੁਗ਼ਲਾਂ ਤੇ ਪਹਾੜੀ ਰਾਜਿਆਂ ਦੀਆਂ ਸੈਨਾਵਾਂ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਟਿਕਾਣੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾਉਣ ਤੋਂ ਹੁੰਦਾ ਹੈ। ਜਦ ਦੁਸ਼ਮਣ ਆਪਣੀ ਸੈਨਾ ਨਾਲ ਸਿੰਘਾਂ ਨੂੰ ਦਬਕਾਉਣ ਵਿੱਚ ਸਫ਼ਲ ਨਾ ਹੋਇਆ ਤਾਂ ਉਸ ਨੇ ਇਕ ਪਾਸੇ ਨਗਰ ਵਿੱਚ ਜਾਣ ਵਾਲੇ ਪਾਣੀ ਦੇ ਸਰੋਤ ਨੂੰ ਰੋਕ ਦਿੱਤਾ ਅਤੇ ਦੂਜੇ ਪਾਸੇ ਕੁਰਾਨ ਤੇ ਦੇਵੀ ਦੇ ਨਾਂ ਉੱਤੇ ਕਸਮਾਂ ਖਾ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਭਰੋਸਾ ਦਿਵਾਇਆ ਕਿ ਜੇ ਉਹ ਕਿਲ੍ਹਾ ਖਾਲੀ ਕਰ ਜਾਣ ਤਾਂ ਉਨ੍ਹਾਂ ਨੂੰ ਸੁਰੱਖਿਅਤ ਲਾਂਘਾ ਦੇ ਦਿੱਤਾ ਜਾਵੇਗਾ। ਗੁਰੂ ਗੋਬਿੰਦ ਸਿੰਘ ਆਪਣੇ ਪਰਿਵਾਰ ਅਤੇ ਸਿੱਖ ਸੈਨਾ ਨਾਲ ਅਜੇ ਅਨੰਦਪੁਰ ਤੋਂ ਬਹੁਤੀ ਦੂਰ ਨਹੀਂ ਪਹੁੰਚੇ ਸਨ ਕਿ ਦੁਸ਼ਮਣ ਨੇ ਪਿੱਛਿਓਂ ਹਮਲਾ ਕਰ ਦਿੱਤਾ। ਗੁਰੂ ਜੀ ਨੇ ਰਣਨੀਤਿਕ ਪੈਂਤੜੇ ਵਜੋਂ ਸਿੰਘਾਂ ਦੇ ਤਿੰਨ ਜਥਿਆਂ ਨੂੰ ਵੱਖ-ਵੱਖ ਸਥਾਨਾਂ 'ਤੇ ਤੈਨਾਤ ਕੀਤਾ ਹੋਇਆ ਸੀ। ਉਨ੍ਹਾਂ ਜਥਿਆਂ ਨੇ ਦੁਸ਼ਮਣ ਨੂੰ ਉਲਝਾਈ ਰੱਖਿਆ ਜਿਸ ਦੌਰਾਨ ਗੁਰੂ ਗੋਬਿੰਦ ਸਿੰਘ, ਉਨ੍ਹਾਂ ਦਾ ਪਰਿਵਾਰ ਤੇ ਕੁਝ ਸਿੱਖ ਸਰਸਾ ਨਦੀ ਤਕ ਪਹੁੰਚ ਗਏ ਪਰ ਇਸ ਹਫੜਾ-ਦਫੜੀ ਵਿੱਚ ਗੁਰੂ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ। ਵੱਡੇ ਦੋਵੇਂ ਸਾਹਿਬਜ਼ਾਦੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ, ਛੋਟੇ ਸਾਹਿਬਜ਼ਾਦੇ ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਅਤੇ ਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਅਤੇ ਮਾਤਾ ਜੀਤੋ ਜੀ ਭਾਈ ਮਨੀ ਸਿੰਘ ਦੇ ਨਾਲ ਸਨ। ਦੋਵਾਂ ਮਾਤਾਵਾਂ ਨੂੰ ਭਾਈ ਮਨੀ ਸਿੰਘ ਦਿੱਲੀ ਲੈ ਗਏ, ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਉਨ੍ਹਾਂ ਦਾ ਰਸੋਈਆ ਗੰਗੂ ਆਪਣੇ ਪਿੰਡ ਖੇੜੀ ਲੈ ਗਿਆ ਅਤੇ ਵੱਡੇ ਸਾਹਿਬਜ਼ਾਦੇ ਗੁਰੂ ਜੀ ਦੇ ਨਾਲ ਚਮਕੌਰ ਪੁੱਜੇ। ਹੋਰ ਚਾਲੀ ਸਿੰਘ ਵੀ ਇਸ ਜਥੇ ਵਿੱਚ ਸ਼ਾਮਲ ਸਨ।

ਗੁਰੂ ਜੀ ਜਾਣਦੇ ਸਨ ਕਿ ਦੁਸ਼ਮਣ ਸੈਨਾ ਉਨ੍ਹਾਂ ਦਾ ਪਿੱਛਾ ਕਰਦੀ ਆ ਰਹੀ ਹੈ, ਇਸ ਲਈ ਉਨ੍ਹਾਂ ਚਮਕੌਰ ਦੀ ਇਕ ਕੱਚੀ ਗੜ੍ਹੀ ਵਿੱਚ ਮੋਰਚੇ ਲਾ ਲਏ। ਗੁਰੂ ਜੀ ਨੇ ਸਾਰੇ ਸਿੰਘਾਂ ਨੂੰ ਤੀਰ, ਗੋਲੀਆਂ ਆਦਿ ਵੰਡ ਕੇ ਉਨ੍ਹਾਂ ਨੂੰ ਚੁਫੇਰੇ ਨਜ਼ਰ ਰੱਖਣ ਲਈ ਆਖਿਆ। ਇਉਂ ਇੱਥੇ ਉਹ ਅਸਾਵੀਂ ਜੰਗ ਲੜੀ ਗਈ, ਜਿਥੇ ਇਕ ਪਾਸੇ ਕੱਚੀ ਗੜ੍ਹੀ ਵਿੱਚ ਗਿਣਤੀ ਦੇ ਚਾਲੀ ਸਿੰਘ ਸਨ ਅਤੇ ਦੂਜੇ ਪਾਸੇ ਵੱਡੀ ਗਿਣਤੀ ਵਿੱਚ ਦੁਸ਼ਮਣ ਸੈਨਾ। ਜਿਉਂ ਹੀ ਦੁਸ਼ਮਣ ਗੜ੍ਹੀ ਦੇ ਨੇੜੇ ਆਉਂਦਾ, ਗੁਰੂ ਜੀ ਤੇ ਸਿੰਘ ਉਨ੍ਹਾਂ ਨੂੰ ਮੂੰਹ ਤੋੜਵਾਂ ਜਵਾਬ ਦਿੰਦੇ। ਜਦ ਤੀਰ ਅਤੇ ਗੋਲੀਆਂ ਖ਼ਤਮ ਹੋ ਗਏ ਤਾਂ ਗੁਰੂ ਜੀ ਤੋਂ ਆਗਿਆ ਲੈ ਕੇ ਸਿੰਘ ਛੋਟੀਆਂ-ਛੋਟੀਆਂ ਟੋਲੀਆਂ ਵਿੱਚ ਗੜ੍ਹੀ ਤੋਂ ਬਾਹਰ ਜਾ ਕੇ ਦੁਸ਼ਮਣ ਉੱਤੇ ਹਮਲਾਵਰ ਹੋਏ। ਗੜ੍ਹੀ ਉੱਤੇ ਖੜ੍ਹ ਕੇ ਸਿੰਘਾਂ ਦੀ ਸੂਰਬੀਰਤਾ ਨੂੰ ਵੇਖ ਅਜੀਤ ਸਿੰਘ



ਨੇ ਗੁਰੂ-ਪਿਤਾ ਅੱਗੇ ਜੰਗ ਦੇ ਮੈਦਾਨ ਵਿੱਚ ਜਾਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਮੱਥਾ ਚੁੰਮ ਕੇ ਉਨ੍ਹਾਂ ਨੂੰ ਛਾਤੀ ਨਾਲ ਲਾਇਆ ਤੇ ਹੱਥੀਂ ਜੰਗ ਦੇ ਮੈਦਾਨ ਵਿੱਚ ਤੋਰਿਆ। ਵੱਡੇ ਵੀਰ ਨੂੰ ਬਹਾਦਰੀ ਨਾਲ ਜੂਝਦਿਆਂ ਵੇਖ ਛੋਟੇ ਸਾਹਿਬਜ਼ਾਦੇ ਦੇ ਮਨ ਵਿੱਚ ਵੀ ਉਤਸ਼ਾਹ ਉਤਪੰਨ ਹੋਇਆ ਤਾਂ ਉਨ੍ਹਾਂ ਨੇ ਵੀ ਗੁਰੂ-ਪਿਤਾ ਨੂੰ ਬੇਨਤੀ ਕੀਤੀ, 'ਦਿਹੋ ਆਗਿਆ ਪਿਤਾ ਜੀ ਮੇਰੇ ਤਾਈਂ, ਜਾਵਾਂ ਜੰਗ ਅੰਦਰ ਲਲਕਾਰ ਕਰ ਕੇ।' ਇਹ ਬੇਨਤੀ ਸੁਣ ਕੇ ਗੁਰੂ ਜੀ ਖ਼ੁਸ਼ ਹੋਏ ਅਤੇ ਉਨ੍ਹਾਂ ਨੂੰ ਵੀ ਜੰਗ ਦੇ ਮੈਦਾਨ ਵਿੱਚ ਜਾਣ ਦੀ ਇਜਾਜ਼ਤ ਦੇ ਦਿੱਤੀ। ਚਮਕੌਰ ਦੀ ਜੰਗ ਦਾ ਮਹੱਤਵ ਇਸ ਕਾਰਨ ਨਹੀਂ ਕਿ ਭੋਜਨ ਅਤੇ ਅਸਲੇ ਤੋਂ ਵਿਹੀਨ ਚਾਲੀ ਸਿੰਘਾਂ, ਦੋਵਾਂ ਸਾਹਿਬਜ਼ਾਦਿਆਂ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਦੁਸ਼ਮਣ ਫੌਜ ਦਾ ਬੇਮਿਸਾਲ ਬਹਾਦਰੀ ਨਾਲ ਮੁਕਾਬਲਾ ਕੀਤਾ, ਸਗੋਂ ਇੱਕ ਬਾਪ ਵੱਲੋਂ ਆਪਣੇ ਜਿਗਰ ਦੇ ਟੋਟਿਆਂ ਨੂੰ ਸਾਹਮਣੇ ਖੜ੍ਹੀ ਮੌਤ ਵੱਲ ਆਪ ਤੋਰ ਕੇ ਹਉਕੇ ਲੈਣ ਦੀ ਥਾਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਕਰਕੇ ਵੀ ਹੈ।

ਇਨ੍ਹਾਂ ਦੋਵਾਂ ਸਾਹਿਬਜ਼ਾਦਿਆਂ ਦੀ ਜੰਗ ਦੇ ਮੈਦਾਨ ਵਿੱਚ ਸ਼ਹੀਦੀ ਤੋਂ ਕੁੱਝ ਹੀ ਦਿਨ ਪਿੱਛੋਂ ਸਰਹੰਦ ਦਾ ਸਾਕਾ ਵਰਤਿਆ। ਸਰਸਾ ਨਦੀ 'ਤੇ ਗੁਰੂ ਜੀ ਦੇ ਮੁੱਖ ਜਥੇ ਤੋਂ ਵਿਛੜੀ ਮਾਤਾ ਗੁਜਰੀ, ਸਿਆਲ ਦੀ ਠੰਢੀ ਠਾਰ ਰਾਤ ਵਿੱਚ ਵਗ ਰਹੀ ਠੱਕੇ ਦੀ ਹਵਾ, ਨਦੀ ਪਾਰ ਕਰਨ ਸਮੇਂ ਭਿੱਜੇ ਕੱਪੜੇ ਅਤੇ ਚਾਰ-ਚੁਫੇਰੇ ਹਰਲ-ਹਰਲ ਕਰਦੇ ਦੁਸ਼ਮਣਾਂ ਤੋਂ ਬਾਲਾਂ ਨੂੰ ਬਚਾ ਕੇ ਕਿਸੇ ਸੁਰੱਖਿਅਤ ਟਿਕਾਣੇ ਲੈ ਜਾਣ ਬਾਰੇ ਸੋਚ ਹੀ ਰਹੀ ਸੀ ਕਿ ਗੁਰੂ ਘਰ ਦਾ ਰਸੋਈਆ ਗੰਗੂ ਆ ਗਿਆ। ਉਸ ਨੇ ਮਾਤਾ ਗੁਜਰੀ ਨੂੰ ਧਰਵਾਸ ਦਿੰਦਿਆਂ ਆਖਿਆ, 'ਏਥੋਂ ਥੋੜ੍ਹੇ ਹੀ ਕੋਹਾਂ 'ਤੇ ਪਿੰਡ ਮੇਰਾ, ਓਹ ਤਾਂ ਸਮਝ ਤੂੰ ਆਪਣਾ ਘਰ ਮਾਈ।' ਡੁੱਬਦੇ ਨੂੰ ਤਿਣਕੇ ਦਾ ਸਹਾਰਾ, ਮਾਤਾ ਗੁਜਰੀ ਨੇ ਉਸ ਨਾਲ ਜਾਣ ਦੀ ਸਹਿਮਤੀ ਦੇ ਦਿੱਤੀ। ਮਾਤਾ ਗੁਜਰੀ ਕੋਲ ਦੌਲਤ ਵੇਖ ਕੇ ਗੰਗੂ ਦਾ ਮਨ ਬੇਈਮਾਨ ਹੋ ਗਿਆ। ਘਰ ਪਹੁੰਚ ਕੇ ਉਸ ਨੇ ਪਹਿਲਾਂ ਧਨ ਕਾਬੂ ਕੀਤਾ ਅਤੇ ਫਿਰ ਉਨ੍ਹਾਂ ਬਾਰੇ ਮੋਰਿੰਡੇ ਦੇ ਮੁਗ਼ਲ ਹਾਕਮ ਪਾਸ ਜਾ ਮੁਖ਼ਬਰੀ ਕੀਤੀ। ਮੋਰਿੰਡੇ ਦੇ ਹਾਕਮਾਂ ਨੇ ਮਾਤਾ ਗੁਜਰੀ ਜੀ ਅਤੇ ਦੋਵਾਂ ਬਾਲ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਕੋਲ ਪਹੁੰਚਾਉਣ ਵਿੱਚ ਦੇਰ ਨਾ ਲਾਈ। ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਮਾਲਵੇ ਵੱਲ ਨੂੰ ਜਾ ਰਹੇ ਗੁਰੂ ਗੋਬਿੰਦ ਸਿੰਘ ਦਾ ਪਿੱਛਾ ਕਰਨਾ ਛੱਡ ਕੇ ਵਜ਼ੀਰ ਖ਼ਾਂ ਸੂਬਾ ਸਰਹੰਦ ਰਾਜਧਾਨੀ ਪਰਤਿਆ ਤਾਂ ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿੱਚ ਪੇਸ਼ ਕਰਨ ਦਾ ਹੁਕਮ ਹੋਇਆ। ਸਾਹਿਬਜ਼ਾਦਿਆਂ ਉਪਰ ਮੁਸਲਮਾਨ ਬਣਨ ਲਈ ਜ਼ੋਰ ਪਾਇਆ ਗਿਆ ਪਰ ਉਹ ਨਾ ਮੰਨੇ। ਫਿਰ ਲਾਲਚ ਦਿੱਤੇ ਗਏ ਪਰ ਫਿਰ ਵੀ ਦੋਵਾਂ ਸਾਹਿਬਜ਼ਾਦਿਆਂ ਨੂੰ ਧਰਮ ਪਰਿਵਰਤਨ ਲਈ ਮਨਾ ਨਾ ਸਕੇ। ਆਖ਼ਰ ਦੋਵਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾ ਦਿੱਤਾ ਗਿਆ। ਸ਼ਹੀਦੀ ਮੌਕੇ ਸਾਹਿਬਜ਼ਾਦਿਆਂ ਦੀ ਉਮਰ ਕ੍ਰਮਵਾਰ ਨੌਂ ਸਾਲ ਅਤੇ ਸੱਤ ਸਾਲ ਸੀ ਅਤੇ ਇਉਂ ਉਹ ਵਿਸ਼ਵ ਦੇ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਹੋਏ ਹਨ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦੁਖਦਾਈ ਸੂਚਨਾ ਮਿਲੀ ਤਾਂ ਮਾਤਾ ਗੁਜਰੀ ਦੇ ਪ੍ਰਾਣ ਪੰਖੇਰੂ ਵੀ ਉਡਾਰੀ ਮਾਰ ਗਏ। ਚਮਕੌਰ ਸਾਹਿਬ ਅਤੇ ਸਰਹਿੰਦ ਵਿੱਚ ਵਾਪਰੀਆਂ ਇਨ੍ਹਾਂ ਦੋਵਾਂ ਅਦੁੱਤੀ ਘਟਨਾਵਾਂ ਦੀ ਮਹੱਤਤਾ ਦਰਸਾਉਣ ਲਈ ਵਿਦਵਾਨ ਖੋਜੀ ਕਾਫਿਰ ਵੱਲੋਂ ਆਪਣੀ ਪੁਸਤਕ 'ਸਿੱਖ ਇਤਿਹਾਸਕਾਰੀ ਵਿੱਚ ਤੁਕਾਕਾਰੀ' ਵਿੱਚ ਲਿਖੇ ਇਹ ਸ਼ਬਦ ਵਿਚਾਰਨਯੋਗ ਹਨ, 'ਅਨੰਦਪੁਰ ਛੱਡਣ ਤੋਂ ਲੈ ਕੇ ਚਮਕੌਰ ਅਤੇ ਸਰਹਿੰਦ ਵਾਲੇ ਸਾਕੇ, ਇਕ ਹਫ਼ਤੇ ਦੇ ਬੜੇ ਸੰਖੇਪ ਸਮੇਂ 'ਚ ਵਾਪਰਦੇ ਆ, ਮਗਰ ਸਾਕਿਆਂ 'ਚ ਸਮੋਇਆ ਇਤਿਹਾਸ ਸੰਖੇਪ ਨਹੀਂ, ਸਗੋਂ ਅਤਿ ਵਿਸ਼ਾਲ ਏ-ਸੰਘਣਾ ਵੀ। ਸੰਸਾਰ ਦੇ ਇਤਿਹਾਸ ਦੇ ਸੰਦਰਭ ਨਾਤੇ ਵੀ, ਖਾਸ ਕਰ ਕੇ ਚਮਕੌਰ ਦੀ ਅਜੇਹ ਜੰਗ ਅਤੇ ਸਰਹਿੰਦ ਵਿਚਲੀ ਸ਼ਹੀਦੀ ਦਾ ਤੋੜ, ਸ਼ਾਇਦ, ਕਿਧਰੇ ਨਹੀਂ ਮਿਲਦਾ।' (ਪੰਨਾ 69)

## ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਬਾਦਸ਼ਾਹ ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ



ਡਾ. ਹਰਪਾਲ ਸਿੰਘ ਪੰਨੂ

ਕਸ਼ਮੀਰੀ ਬ੍ਰਾਹਮਣਾਂ ਦਾ ਜਿਹੜਾ ਫਰਿਆਦੀ ਜਥਾ ਨੌਵੇਂ ਪਾਤਸ਼ਾਹ ਪਾਸ 1675 ਈਸਵੀ ਵਿਚ ਅਨੰਦਪੁਰ ਸਾਹਿਬ ਪੁੱਜਾ, ਉਸ ਜਥੇ ਦੀ ਅਗਵਾਈ ਕਰਨ ਵਾਲੇ ਵਿਦਵਾਨ ਸੱਜਣ ਭਾਈ ਕਿਰਪਾ ਰਾਮ ਜੀ ਸਨ। ਭਾਈ ਕਿਰਪਾ ਰਾਮ ਆਪਣੇ ਵਕਤ ਦੇ ਸ਼੍ਰੋਮਣੀ ਵਿਦਵਾਨ ਸਨ, ਸੰਸਕ੍ਰਿਤ, ਅਰਬੀ ਅਤੇ ਫਾਰਸੀ ਦੇ ਗੁਣਵਾਨ ਅਧਿਆਪਕ। ਜਦੋਂ ਫ਼ੈਸਲਾ ਹੋ ਗਿਆ ਕਿ ਗੁਰੂ ਜੀ ਸ਼ਹਾਦਤ ਦੇਣ ਦਿੱਲੀ ਜਾਣਗੇ, ਭਾਈ ਕਿਰਪਾ ਰਾਮ ਨੇ ਬਾਕੀ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨਾਲ ਦਿੱਲੀ ਸ਼ਹਾਦਤ ਦੇਣ ਦਾ ਫ਼ੈਸਲਾ ਲਿਆ। ਗੁਰੂ ਤੇਗ ਬਹਾਦਰ ਸਾਹਿਬ ਨੇ ਉਨ੍ਹਾਂ ਨੂੰ ਹੁਕਮ ਦਿੱਤਾ, 'ਭਾਈ ਕਿਰਪਾ ਰਾਮ, ਤੁਸੀਂ ਦਿੱਲੀ ਨਹੀਂ ਜਾਓਗੇ, ਤੁਹਾਨੂੰ ਵਾਪਸ ਕਸ਼ਮੀਰ ਵੀ ਜਾਣ ਦੀ ਆਗਿਆ ਨਹੀਂ ਹੈ। ਅਸੀਂ ਤੁਹਾਡੇ ਉੱਪਰ ਇਕ ਹੋਰ ਜ਼ਿੰਮੇਵਾਰੀ ਪਾਉਣੀ ਹੈ। ਬਾਲਕ ਗੋਬਿੰਦ ਰਾਏ ਦੀ ਵਿੱਦਿਆ ਅੱਗੋਂ ਤੋਂ ਤੁਹਾਡੀ ਨਿਗਰਾਨੀ ਵਿੱਚ ਹੋਇਗੀ। ਇਹ ਫਰਜ਼ ਨਿਭਾਉਣਾ।'

ਗੁਰੂ ਜੀ ਦਿੱਲੀ ਲਈ ਰਵਾਨਾ ਹੋ ਗਏ। ਭਾਈ ਕਿਰਪਾ ਰਾਮ ਬਤੌਰ ਅਧਿਆਪਕ ਆਨੰਦਪੁਰ ਟਿਕ ਗਏ। ਗੁਰੂ ਗੋਬਿੰਦ ਰਾਏ ਜੀ ਨੇ ਸੰਸਕ੍ਰਿਤ, ਅਰਬੀ ਅਤੇ ਫਾਰਸੀ ਵਿਦਿਆਵਾਂ, ਪਿੰਗਲ ਅਰੂਜ਼ ਆਦਿਕ ਗੁਣ ਉਨ੍ਹਾਂ ਪਾਸੋਂ ਸਿੱਖੇ। ਤੇਤੀ ਸਾਲ ਦੀ ਭਰ ਜੁਆਨ ਉਮਰੇ ਜਦੋਂ ਕਲਗੀਧਰ ਨੇ 1699 ਈ. ਵਿਚ ਖਾਲਸਾ ਪੰਥ ਪ੍ਰਗਟ ਕੀਤਾ, ਭਾਈ ਕਿਰਪਾ ਰਾਮ ਗੁਰ-ਦਰਬਾਰ ਵਿੱਚ ਹਾਜ਼ਰ ਹੋਏ ਅਤੇ ਬੇਨਤੀ ਕੀਤੀ, 'ਮਹਾਰਾਜ, ਸਾਨੂੰ ਵੀ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਪੰਥ ਵਿੱਚ ਸ਼ਾਮਲ ਕਰੋ।' ਗੁਰੂ ਜੀ ਨੇ ਨਿਮਰਤਾ ਸਹਿਤ ਫੁਰਮਾਇਆ, 'ਤੁਸੀਂ ਅਸਾਂ ਦੇ ਅਧਿਆਪਕ ਹੋ, ਕੀ ਤੁਹਾਡੇ ਲਈ ਅੰਮ੍ਰਿਤ ਪਾਨ ਕਰਨਾ ਜ਼ਰੂਰੀ ਹੈ?'

ਭਾਈ ਕਿਰਪਾ ਰਾਮ ਜੀ ਨੇ ਕਿਹਾ, 'ਅਸਾਂ ਪਾਸ ਵਿਹਾਰਕ ਸੰਸਾਰਕ ਵਿੱਦਿਆ ਸੀ ਮਹਾਰਾਜ, ਸੋ ਸਾਰੀ ਦੀ ਸਾਰੀ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਦੇ ਹੁਕਮ ਮੁਜਬ ਆਪ ਨੂੰ ਸਪ੍ਰੇਮ ਦਿੱਤੀ। ਰੂਹਾਨੀ ਦੌਲਤ ਆਪ ਪਾਸ ਹੈ ਜੋ ਅੰਮ੍ਰਿਤ ਸੰਸਕਾਰ ਰਾਹੀਂ ਆਪ ਖ਼ਾਲਸੇ ਵਿੱਚ ਵਰਤਾ ਰਹੇ ਹੋ। ਅਸੀਂ ਇਸ ਖ਼ਜ਼ਾਨੇ ਤੋਂ ਕਿਉਂ ਵੰਚਿਤ ਰਹੀਏ?' ਆਗਿਆ ਪਾਕੇ ਅੰਮ੍ਰਿਤ ਛਕਿਆ, ਕਿਰਪਾ ਰਾਮ ਤੋਂ ਕਿਰਪਾ ਸਿੰਘ ਹੋਏ। ਚਮਕੌਰ ਦੇ ਯੁੱਧ ਵਿੱਚ ਵੱਡੇ ਸਾਹਿਬਜ਼ਾਦਿਆਂ ਦੀ ਹਿਫ਼ਾਜ਼ਤ ਵਿੱਚ ਲੜਦਿਆਂ ਸ਼ਹਾਦਤ ਦਿੱਤੀ। ਇੱਥੇ ਵੀ ਆਪੇ ਗੁਰ ਚੇਲਾ ਵਿਸ਼ੇਸ਼ਣ ਮੁਜਬ, ਜੋ ਕਦੀ ਵਿਦਿਆਰਥੀ ਸੀ ਉਹ ਗੁਰੂ ਹੋ ਗਿਆ, ਅਧਿਆਪਕ ਸ਼ਾਗਿਰਦ ਹੋ ਗਿਆ।

ਭਾਈ ਕਿਰਪਾ ਸਿੰਘ ਅਤੇ ਭਾਈ ਨੰਦ ਲਾਲ ਜੀ ਗੁਰੂ ਤੇਗ ਬਹਾਦਰ ਸਾਹਿਬ ਦੇ ਹਾਣੀ ਸਨ। ਭਾਈ ਨੰਦ ਲਾਲ ਜੀ ਦਾ ਵੱਡਾ ਬੇਟਾ ਦਸਮ ਪਾਤਸ਼ਾਹ ਤੋਂ ਉਮਰ ਵਿੱਚ ਵੱਡਾ ਸੀ। ਭਾਈ ਨੰਦ ਲਾਲ ਔਰੰਗਜ਼ੇਬ ਦੇ ਸਭ ਤੋਂ ਵੱਡੇ ਬੇਟੇ ਸ਼ਾਹਜ਼ਾਦਾ ਮੁਅੱਜ਼ਮ (ਜੋ ਬਾਅਦ ਵਿੱਚ ਬਾਦਸ਼ਾਹ ਬਹਾਦਰ ਸ਼ਾਹ ਅਖਵਾਇਆ) ਦੇ ਅਧਿਆਪਕ ਸਨ, ਅਰਬੀ ਫਾਰਸੀ ਦੀ ਤਾਲੀਮ ਦਿਆ ਕਰਦੇ। ਉਨ੍ਹਾਂ ਨੇ ਹੀ ਸ਼ਾਹਜ਼ਾਦੇ ਨੂੰ ਦਸਮ ਪਾਤਸ਼ਾਹ ਦੀਆਂ ਅਜ਼ਮਤਾਂ ਤੋਂ ਜਾਣੂ ਕਰਵਾਇਆ ਸੀ। ਤਾਜਪੋਸ਼ੀ ਦੇ ਯੁੱਧ ਵਿੱਚ ਦਸਮ ਪਾਤਸ਼ਾਹ ਨੇ ਸ਼ਾਹਜ਼ਾਦੇ ਦੀ ਸੈਨਿਕ ਮਦਦ ਕੀਤੀ ਸੀ ਜਿਸ ਦੇ ਫਲਸਰੂਪ ਤਾਜਪੋਸ਼ੀ ਵਕਤ ਉਸ ਨੇ ਗੁਰੂ ਜੀ ਨੂੰ ਆਗਰੇ ਵਿਖੇ ਲੱਖਾਂ ਦੀਆਂ ਖਿਲਅਤਾਂ ਨਾਲ ਸਨਮਾਨਿਤ ਕੀਤਾ ਸੀ। ਸ਼ਾਹਜ਼ਾਦੇ ਨੇ ਹੀ ਭਾਈ ਨੰਦਲਾਲ ਨੂੰ ਆਪਣੇ ਪਿਤਾ ਦੀ ਨੀਯਤ ਤੋਂ ਜਾਣੂ ਕਰਵਾਇਆ ਸੀ ਕਿ ਤੁਹਾਨੂੰ ਇਸਲਾਮ ਧਾਰਨ ਕਰਨ ਦਾ ਹੁਕਮ ਮਿਲਣ ਵਾਲਾ ਹੈ। ਸੂਚਨਾ ਮਿਲਣ ਉਪਰੰਤ ਭਾਈ ਨੰਦ ਲਾਲ ਗੁਰੂ ਗੋਬਿੰਦ ਸਿੰਘ ਜੀ ਪਾਸ ਆਨੰਦਪੁਰ ਆ ਗਏ ਸਨ ਤੇ ਨਾਂਦੇੜ, ਜੋਤੀ ਜੋਤਿ ਸਮਾਉਣ ਤੱਕ ਗੁਰੂ ਜੀ ਪਾਸ ਰਹੇ।

ਭਾਈ ਨੰਦ ਲਾਲ ਦਾ ਸਾਰਾ ਕਲਾਮ ਗੁਰੂ ਦਸਮ ਪਾਤਸ਼ਾਹ ਨੂੰ ਸੰਬੋਧਿਤ ਹੈ। ਸਾਰੀਆਂ ਸ਼ਹਾਦਤਾਂ ਉਨ੍ਹਾਂ ਦੀਆਂ ਨਜ਼ਰਾਂ ਸਾਹਮਣੇ ਵਾਪਰੀਆਂ। ਵੱਡੇ ਦੁੱਖਾਂ ਨੂੰ ਯਾਦ ਕਰਦਿਆਂ ਉਹ ਇਉਂ ਫਾਰਸੀ ਵਿੱਚ ਕਲਮਬੰਦ ਕਰਦੇ ਹਨ :

ਅਸੀਂ ਮਿਲੇ ਤਾਂ ਪਿਆਰ ਕੀਤਾ॥<br>ਵਿੱਛੜੇ ਤਾਂ ਸਬਰ ਕਰ ਬੈਠੇ ਖਾਮੋਸ਼॥<br>ਕੋਇਲਾਂ, ਬੁਲਬੁਲਾਂ, ਪਪੀਹਿਆਂ ਵਾਂਗ<br>ਅਸੀਂ ਚੀਕਾਂ ਨਹੀਂ ਮਾਰੀਆਂ॥

ਭਾਈ ਨੰਦ ਲਾਲ ਗੁਰੂ ਜੀ ਨੂੰ ਸੰਬੋਧਨ ਕਰਦਿਆਂ ਫੁਰਮਾਉਂਦੇ ਹਨ: 'ਤੁਸਾਂ ਦੇ ਦੀਦਾਰ ਦੀ ਇੱਕ ਝਲਕ ਬਦਲੇ ਜਾਨ ਹਾਜ਼ਰ ਹੈ ਹਜ਼ੂਰ।' ਉਹ ਹੱਸ ਕੇ ਬੋਲੇ - 'ਇਸ ਘਰ ਵਿੱਚ ਕੋਈ ਸੌਦੇਬਾਜ਼ੀ ਨਹੀਂ ਚਲਦੀ।' ਭਾਈ ਨੰਦ ਲਾਲ ਜੀ ਨੂੰ ਕੋਈ ਸਰੋਤਾ ਪੁੱਛਦਾ- ਇੰਨੇ ਸੁਹਣੇ ਖਿਆਲ ਤੁਹਾਡੇ ਪਾਸ ਕਿੱਥੋਂ ਆਉਂਦੇ ਹਨ, ਕਿਵੇਂ ਆਉਂਦੇ ਹਨ? ਉੱਤਰ ਦਿੰਦੇ- ਮੇਰੇ ਸਾਹਮਣੇ ਉੱਚੇ ਦਸਤਰਖਾਨ (ਡਾਇਨਿੰਗ ਟੇਬਲ) ਉੱਪਰ ਇੱਕ ਕਾਮਲ ਫ਼ਕੀਰ ਬਿਰਾਜਮਾਨ ਹੈ, ਖਾਣਾ ਖਾਂਦਾ ਹੈ ਤਾਂ ਕੁਝ ਭੋਰੇ ਹੇਠਾਂ ਜ਼ਮੀਨ ਉੱਤੇ ਡਿੱਗੇ ਮੈਂ ਚੁਗ ਲੈਂਦਾ ਹਾਂ। ਤੁਸੀਂ ਸੁਹਣਾ ਸ਼ਿਅਰ ਆਖ ਕੇ ਦਾਦ ਦਿੰਦੇ ਹੋ।

ਆਨੰਦਪੁਰ ਬਾਬਤ ਭਾਈ ਨੰਦ ਲਾਲ ਜੀ ਦਾ ਵਾਕ- ਕਦੀ ਫੁਰਸਤ ਮਿਲੇ ਆਨੰਦਪੁਰ ਜਾਣਾ। ਆਨੰਦਪੁਰ ਜਾਓਗੇ ਤਾਂ ਦੇਖੋਗੇ ਆਨੰਦਪੁਰੀ ਦੀਆਂ ਗਲੀਆਂ ਵਿੱਚ ਫਿਰਦੇ ਮੰਗਤੇ ਬਾਦਸ਼ਾਹੀਆਂ ਵੰਡਦੇ ਫਿਰਦੇ ਹਨ।

ਭਾਈ ਮਹਾਂ ਸਿੰਘ ਦੀ ਟੁੱਟੀ ਗੰਢੀ ਮਗਰੋਂ ਇੱਕ ਵਾਰ ਇੱਕ ਹੋਰ ਟੁੱਟੀ ਗੰਢੀ ਸੀ। ਮੁਕਤਸਰ ਨਜ਼ਦੀਕ ਮਹਾਰਾਜ ਦੇ ਘੋੜੇ ਦੀ ਲਗਾਮ ਫੜ ਲਈ ਸੀ ਸਿੱਖਾਂ ਨੇ। ਕਹਿੰਦੇ, 'ਤਲਬਾਂ (ਤਨਖ਼ਾਹਾਂ) ਦਿਓ ਹਜ਼ੂਰ।' ਬੜੇ ਸਮਝਾਏ- ਅਸੀਂ ਕਿਹੜਾ ਖ਼ਜ਼ਾਨਾ ਛੁਪਾ ਕੇ ਰਖਦੇ ਹਾਂ ਭਾਈ। ਜੋ ਹੁੰਦਾ ਹੈ, ਸੋ ਤੁਹਾਡਾ। ਨਹੀਂ ਸਮਝੇ। ਤਕਰਾਰ ਹੁੰਦਾ ਰਿਹਾ। ਪਰਿਵਾਰ ਸੰਕਟ ਵਿੱਚ ਹੋਣ ਦੀ ਮੁਹਾਰਨੀ ਦੁਹਰਾਉਂਦੇ ਰਹੇ। ਭਾਈ ਦੂਨੀ ਚੰਦ ਖੱਚਰਾਂ ਉੱਪਰ ਲੱਦੇ ਮਾਲ ਸਣੇ ਆ ਪੁੱਜੇ, ਕਿਹਾ, 'ਮਸਾਂ ਲੱਭੇ ਹੋ ਮਹਾਰਾਜ। ਵਿੰਗੇ ਟੇਢੇ ਰਾਹਾਂ ਥਾਣੀ ਪੁੱਛਦਾ ਪੁਛਾਂਦਾ ਆਪ ਪਾਸ ਪੁੱਜਾ। ਦਸਵੰਧ ਤਾਰਨਾ ਸੀ। ਕਬੂਲ ਕਰੋ ਹਜ਼ੂਰ।' ਪਿੱਠੋਂ ਢਾਲ ਉਤਾਰੀ, ਢਾਲਾਂ ਭਰ ਭਰ ਮਾਇਆ ਵੰਡਣ ਲੱਗੇ, ਪੁੱਛਦੇ- ਕਿੰਨੀਆਂ ਤਲਬਾਂ ਭਾਈ? ਜਿੰਨੀਆਂ ਕੋਈ ਦੱਸਦਾ ਉੱਨੀ ਵਾਰ ਰਕਮਾਂ ਵੰਡਦੇ। ਪੱਕੇ ਰੰਗ ਦਾ ਲੰਮਾ ਕੱਦਾਵਰ ਇੱਕ ਸਿੱਖ, ਹਟਵਾਂ ਨੀਵੀਂ ਪਾਈ ਖਲੋਤਾ ਰਿਹਾ, ਅਖੀਰ ਵਿੱਚ ਮਹਾਰਾਜ ਨੇ ਪੁੱਛਿਆ,

'ਤੁਹਾਡੀਆਂ ਕਿੰਨੀਆਂ ਤਲਬਾਂ ਭਾਈ? ਕੀ ਨਾਮ ਤੁਹਾਡਾ?' ਸਿੱਖ ਬੋਲਿਆ, 'ਸਾਡੀ ਕੋਈ ਤਲਬ ਬਕਾਇਆ ਨਹੀਂ ਮਹਾਰਾਜ। ਸਾਨੂੰ ਪੈਸੇ ਨਹੀਂ ਚਾਹੀਦੇ। ਨਾਮ ਦਾਨ ਸਿੰਘ ਹੈ।'

'ਹੋਰ ਕੀ ਚਾਹੀਦਾ ਹੈ ਦਾਨ ਸਿੰਘ'? ਸਿੱਖ ਨੇ ਕਿਹਾ, 'ਸਿੱਖੀ ਚਾਹੀਦੀ ਹੈ ਮਹਾਰਾਜ। ਦਇਆਵਾਨ ਹੋ, ਸਿੱਖੀ ਦਿਓ ਹਜ਼ੂਰ।' ਮਹਾਰਾਜ ਨੇ ਗਲ ਲਾ ਕੇ ਕਿਹਾ, 'ਅੱਜ ਮਾਲਵਾ ਗੁਰੂ ਨਾਨਕ ਦੇਵ ਜੀ ਦੇ ਮਹਿਲਾਂ ਨਾਲੋਂ ਟੁੱਟ ਚੱਲਿਆ ਸੀ, ਤੁਸੀਂ ਬਚਾ ਲਿਆ ਭਾਈ ਦਾਨ ਸਿੰਘ। ਮਹਾਂ ਸਿੰਘ ਜੀ ਨੇ ਜਿਵੇਂ ਮਾਝੇ ਦੀ ਟੁੱਟੀ ਗੰਢੀ, ਤੁਸੀਂ ਮਾਲਵੇ ਦੀ ਟੁੱਟੀ ਗੰਢੀ।'

ਇੱਕ ਜਣਾ ਗੁਸਤਾਖ਼ੀ ਕਰੇ, ਅਸੀਂ ਆਖਦੇ ਹਾਂ- ਇਹ ਸਾਰਾ ਇਲਾਕਾ ਹੀ ਦੋਜ਼ਖ਼ਾਂ ਵਿੱਚ ਜਾਏਗਾ।

ਗੁਰੂ ਬਾਬਾ ਉਸ ਇੱਕ ਨੂੰ ਲੱਭਦਾ ਰਹਿੰਦਾ ਹੈ ਜਿਸ ਦੀ ਨੇਕੀ ਸਦਕਾ ਸਾਰਿਆਂ ਗੁਨਾਹਗਾਰਾਂ ਦੀ ਟੁੱਟੀ ਗੰਢੀ ਜਾਏ। ਸਿੱਖ ਅਤੇ ਗੁਰੂ ਵਿੱਚ ਇਹੋ ਫ਼ਰਕ ਹੈ।

ਟੂਟੀ ਗਾਢਨਹਾਰ ਗੁਪਾਲ।

ਮਾਲਵਾ ਜਾਣਦਾ ਸੀ ਮਹਾਰਾਜ ਦਾ ਟਿਕਾਣਾ ਤਲਵੰਡੀ ਸਾਬੋ ਕੀ ਹੈ। ਭਾਈ ਫਤਿਹ ਸਿੰਘ ਅੰਮ੍ਰਿਤ ਵੇਲੇ ਉੱਠੇ, ਇਸ਼ਨਾਨ ਕੀਤਾ, ਘੋੜਾ ਬੀੜਿਆ, ਗੁਰੂ ਦਰਸ਼ਨਾਰਥ ਚਾਲੇ ਪਾ ਦਿੱਤੇ। ਮੱਥਾ ਟੇਕਿਆ, ਬਚਨ ਸੁਣੇ, ਬੇਨਤੀ ਕੀਤੀ, 'ਮਹਾਰਾਜ ਸਾਡਾ ਪਿੰਡ ਨੇੜੇ ਹੀ ਹੈ, ਕਿਰਪਾ ਕਰੋ, ਚਰਨ ਪਾਓ।' ਬੇਨਤੀ ਮਨਜ਼ੂਰ ਕਰਦਿਆਂ ਕਿਹਾ, 'ਅਗਲੇ ਸਪਤਾਹ ਆਵਾਂਗੇ।' ਖ਼ੁਸ਼ੀ ਖ਼ੁਸ਼ੀ ਵਾਪਸ ਆ ਕੇ ਘਰ ਦੱਸਿਆ, 'ਮਹਾਰਾਜ ਆਪਣੇ ਪਿੰਡ ਆਉਣਾ ਮੰਨ ਗਏ ਹਨ।' ਵੱਡੇ ਭਰਾ ਰਾਮ ਸਿੰਘ ਗੁੱਸੇ ਹੋ ਗਏ, 'ਇਹ ਕੀ ਕੀਤਾ ਫਤਿਹ ਸਿੰਘ? ਦੱਸੋ ਪੁੱਛੇ ਬਗੈਰ ਤਲਵੰਡੀ ਚਲੇ ਗਏ, ਸੱਦਾ ਦੇ ਆਏ।' ਫਤਿਹ ਸਿੰਘ ਨੇ ਪੁੱਛਿਆ, 'ਕੁਛ ਗਲਤ ਹੋ ਗਿਆ ਭਾਈ ਜੀ?', 'ਸਾਰਾ ਕੁਝ ਹੀ ਗਲਤ ਹੋ ਗਿਆ। ਪਰਿਵਾਰ ਵਿੱਚ ਗੱਲ ਕਰਨੀ ਬਣਦੀ ਸੀ, ਆਪਾਂ ਸਲਾਹ ਮਸ਼ਵਰਾ ਕਰਦੇ। ਪਰਿਵਾਰ ਹਾਮੀ ਭਰਦਾ ਫਿਰ ਆਪਾਂ ਪਿੰਡ ਦਾ ਇਕੱਠ ਸੱਦਦੇ, ਪਿੰਡ ਹਾਂ ਕਰਦਾ ਤਾਂ ਇਲਾਕੇ ਦੀ ਸੰਗਤ ਦੀ ਆਗਿਆ ਲੈਂਦੇ। ਮਹਾਰਾਜ ਨੂੰ ਬਿਠਾਵਾਂਗੇ ਕਿੱਥੇ, ਖੁਆਵਾਂਗੇ ਪਿਲਾਵਾਂਗੇ ਕੀ? ਆਪਾਂ ਭਾਈ ਡੱਲਾ ਸਿੰਘ ਵਰਗੇ ਧਨੀ ਨਹੀਂ ਕਿ ਫ਼ੌਜਾਂ ਦੀ ਮੇਜ਼ਬਾਨੀ ਕਰ ਸਕੀਏ। ਔਕਾਤ ਦੇਖ ਕੇ ਫ਼ੈਸਲਾ ਕਰੀਦਾ ਹੁੰਦੈ ਫਤਿਹ ਸਿੰਘ।'

ਬੇਚੈਨ ਭਾਈ ਫਤਿਹ ਸਿੰਘ ਦਾ ਦਿਨ ਮਸਾਂ ਬੀਤਿਆ, ਰਾਤ ਮਸਾਂ ਬੀਤੀ। ਅਗਲੀ ਸਵੇਰ ਘੋੜਾ ਬੀੜਿਆ, ਤਲਵੰਡੀ ਪੁੱਜੇ। ਚਰਨੀਂ ਹੱਥ ਲਾਕੇ ਬੇਨਤੀ ਕੀਤੀ, 'ਤੁਸੀਂ ਤਾਂ ਰਹਿਮ ਦਿਲ ਹੋ ਕੇ ਪਿੰਡ ਆਉਣ ਦੀ ਸਾਡੀ ਅਰਜ਼ ਮੰਨ ਲਈ ਮਹਾਰਾਜ। ਪਰ ਹੁਣ ਹਾੜ੍ਹ ਦੀ ਗਰਮੀ ਹੈ, ਰੇਤ ਨਾਲ ਭਰੀਆਂ ਨ੍ਹੇਰੀਆਂ ਚੱਲ ਰਹੀਆਂ ਹਨ।

(ਬਾਕੀ ਸਫ਼ਾ 27 'ਤੇ)

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ ਅਤੇ ਹੋਰ ਨਿਸ਼ਾਨੀਆਂ



ਦਿਲਜੀਤ ਸਿੰਘ ਬੇਦੀ

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਦਸਵੇਂ ਗੁਰੂ ਗੋਬਿੰਦ ਸਿੰਘ ਨਾਲ ਸਬੰਧਿਤ ਇਤਿਹਾਸਕ ਸ਼ਸਤਰ ਅਤੇ ਹੋਰ ਨਿਸ਼ਾਨੀਆਂ ਸਿੱਖ ਇਤਿਹਾਸ ਤੇ ਵਿਰਾਸਤ ਦਾ ਅਨਮੋਲ ਖ਼ਜ਼ਾਨਾ ਹਨ। ਇਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:

**ਖੰਡਾ:** ਇਹ ਉਹ ਦੋਧਾਰੀ ਖੰਡਾ ਹੈ ਜਿਸ ਨਾਲ 1699 ਈ. ਦੀ ਵਿਸਾਖੀ ਸਮੇਂ ਗੁਰੂ ਗੋਬਿੰਦ ਸਿੰਘ ਨੇ ਖ਼ਾਲਸੇ ਦੀ ਸਾਜਨਾ ਵੇਲੇ 'ਖੰਡੇ ਦੀ ਪਾਹੁਲ' ਤਿਆਰ ਕੀਤੀ ਸੀ ਅਤੇ ਪੰਜ ਪਿਆਰਿਆਂ ਦੀ ਸਾਜਨਾ ਕੀਤੀ ਸੀ। 1942 ਵਿੱਚ ਇੱਕ ਵਾਰ ਇਸ ਖੰਡੇ ਨੂੰ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਲਿਜਾਇਆ ਗਿਆ ਸੀ ਅਤੇ ਇਸ ਨਾਲ ਅੰਮ੍ਰਿਤ ਦਾ ਬਾਟਾ ਤਿਆਰ ਕਰ ਕੇ ਅੰਮ੍ਰਿਤ ਛਕਾਇਆ ਗਿਆ ਸੀ। 1942 ਤੋਂ ਬਾਅਦ ਇਸ ਦੀ ਮਹਾਨਤਾ ਨੂੰ ਮੁੱਖ ਰੱਖਦਿਆਂ ਇਸ ਨੂੰ ਮੁੜ ਕਦੇ ਨਹੀਂ ਵਰਤਿਆ ਗਿਆ। ਇਸ ਨੂੰ ਮੁੜ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਕੀਤਾ ਗਿਆ ਹੈ।

**ਕਟਾਰ:** ਇਹ ਗੁਰੂ ਸਾਹਿਬ ਦੇ ਕਮਰਕੱਸੇ ਦਾ ਸ਼ਸਤਰ ਹੈ ਜਿਸ ਨੂੰ ਗੁਰੂ ਜੀ ਹੱਥੋ-ਹੱਥ ਲੜਾਈ ਵੇਲੇ ਵਰਤਿਆ ਕਰਦੇ ਸਨ। ਇਹ ਕਟਾਰ ਸੰਜੋਆਂ ਤੋੜਨ ਵਿੱਚ ਸਹਾਈ ਹੁੰਦਾ ਸੀ। ਜਦੋਂ ਹੱਥੋ-ਹੱਥ ਲੜਾਈ ਵਿੱਚ ਇਸ ਨਾਲ ਵਾਰ ਹੋ ਜਾਂਦਾ ਤਾਂ ਦੁਸ਼ਮਣ ਬਚ ਨਹੀਂ ਸਕਦਾ ਸੀ।

**ਸੈਫ਼:** ਇਹ ਦੋ ਧਾਰੀ ਸ਼ਸਤਰ ਹੈ। ਇਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਸੈਫ਼ ਹਜ਼ਰਤ ਮੁਹੰਮਦ ਸਾਹਿਬ ਦੇ ਦਾਮਾਦ ਹਜ਼ਰਤ ਅਲੀ ਦੀ ਸੀ। ਇਸ ਨੂੰ ਹਜ਼ਰਤ ਅਲੀ ਦੇ ਬੱਚਿਆਂ ਹਸਨ ਤੇ ਹੁਸੈਨ ਨੇ ਵੀ ਵਰਤਿਆ ਸੀ। ਇਹ ਸੈਫ਼ ਇਸਲਾਮੀ ਖ਼ਲੀਫਿਆਂ ਨੇ ਔਰੰਗਜ਼ੇਬ ਦੀ ਇਸਲਾਮ ਸੇਵਾ ਨੂੰ ਮੁੱਖ ਰੱਖਦਿਆਂ ਉਸ ਨੂੰ ਭੇਟ ਕੀਤੀ ਜੋ ਬਾਅਦ ਵਿੱਚ ਬਹਾਦਰ ਸ਼ਾਹ ਤੱਕ ਪਹੁੰਚੀ। ਕੁਝ ਸੋਮਿਆਂ ਅਨੁਸਾਰ ਇਹ ਸੈਫ਼ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਨੂੰ ਆਗਰਾ ਵਿੱਚ ਭੇਟ ਕੀਤੀ ਸੀ।

**ਬੰਦੂਕ:** ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਪਿੱਛੋਂ ਸਿੱਖਾਂ ਨੂੰ ਚੰਗੇ ਘੋੜੇ, ਸ਼ਸਤਰ ਆਦਿ ਲੈ ਕੇ ਆਉਣ ਲਈ ਹੁਕਮਨਾਮੇ ਭੇਜੇ ਸਨ। ਇਸੇ ਤਹਿਤ ਇਹ ਬੰਦੂਕ ਲਾਹੌਰ ਦੇ ਇੱਕ ਸਿੱਖ ਨੇ ਗੁਰੂ ਸਾਹਿਬ ਨੂੰ ਭੇਟ ਕੀਤੀ ਸੀ। ਇਹ ਲਾਹੌਰ ਦੇ ਸ਼ਸਤਰਖਾਨੇ ਦੀ ਬਣੀ ਹੋਈ ਹੈ। ਇਸ 'ਤੇ ਉਰਦੂ ਵਿੱਚ ਕੁਝ ਲਿਖਿਆ ਹੋਇਆ ਹੈ।

**ਨਾਗਨੀ ਬਰਛਾ:** ਇਹ ਬਰਛਾ ਗੁਰੂ ਸਾਹਿਬ ਦਾ ਨਿੱਜੀ ਬਰਛਾ ਸੀ



ਜਿਸ ਦਾ ਅਗਲਾ ਹਿੱਸਾ ਸੱਪਣੀ ਵਾਂਗ ਵਲ਼ ਖਾਂਦਾ ਬਣਿਆ ਹੋਇਆ ਹੈ। ਇਸੇ ਕਰਕੇ ਇਸ ਨੂੰ ਨਾਗਨੀ ਬਰਛਾ ਕਿਹਾ ਜਾਂਦਾ ਹੈ। ਸਤੰਬਰ 1700 ਵਿੱਚ ਜਦੋਂ ਅਜਮੇਰ ਚੰਦ ਨੇ ਹੋਰ ਪਹਾੜੀ ਰਾਜਿਆਂ ਨਾਲ ਆਨੰਦਪੁਰ ਸਾਹਿਬ 'ਤੇ ਹਮਲਾ ਕੀਤਾ ਤਾਂ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਮਦਮਸਤ ਹਾਥੀ, ਜਿਸ ਦੇ ਮੱਥੇ 'ਤੇ ਫ਼ੌਲਾਦੀ ਤਵੀਆਂ ਬੰਨ੍ਹੀਆਂ ਹੋਈਆਂ ਸਨ, ਨੂੰ ਅੱਗੇ ਕੀਤਾ। ਗੁਰੂ ਸਾਹਿਬ ਦਾ ਆਸ਼ੀਰਵਾਦ ਲੈ ਕੇ ਭਾਈ ਬਚਿੱਤਰ ਸਿੰਘ ਨੇ ਇਸ ਨਾਗਨੀ ਬਰਛੇ ਨਾਲ ਹਾਥੀ 'ਤੇ ਅਜਿਹਾ ਵਾਰ ਕੀਤਾ ਕਿ ਉਹ ਚੰਘਿਆੜਦਾ ਹੋਇਆ ਪਹਾੜੀ ਫ਼ੌਜਾਂ ਨੂੰ ਕੁਚਲਦਾ ਪਿਛਾਂਹ ਨੂੰ ਭੱਜ ਉੱਠਿਆ।

**ਕਰਪਾ ਬਰਛਾ:** ਇਹ ਕਰਪਾ ਬਰਛਾ ਦਸਮ ਗੁਰੂ ਦਾ ਹੈ। ਜਦੋਂ ਗੁਰੂ ਜੀ ਦੇ ਵਿਆਹ ਦੀ ਗੱਲ ਮਾਤਾ ਜੀਤੋ ਜੀ ਨਾਲ ਤੁਰੀ ਤਾਂ ਗੁਰੂ ਸਾਹਿਬ ਨੇ ਬਰਾਤ ਲਾਹੌਰ ਲਿਜਾਣ ਦੀ ਖ਼ਾਹਸ਼ ਪੂਰੀ ਕਰਦਿਆਂ ਸ੍ਰੀ ਆਨੰਦਪੁਰ ਸਾਹਿਬ ਤੋਂ ਕੁਝ ਦੂਰ ਗੁਰੂ ਕਾ ਲਾਹੌਰ ਨਾਂ ਦਾ ਨਗਰ ਵਸਾਇਆ। ਇਥੇ ਪਾਣੀ ਦੀ ਕਿੱਲਤ ਸੀ ਅਤੇ ਗੁਰੂ ਸਾਹਿਬ ਨੇ ਇਸ ਬਰਛੇ ਨਾਲ ਜ਼ਮੀਨ 'ਚੋਂ ਪਾਣੀ ਦਾ ਝਰਨਾ ਵਗਾਇਆ। ਇਸ ਬਰਛੇ ਨਾਲ ਸਬੰਧਿਤ ਇੱਕ ਹੋਰ ਘਟਨਾ ਦਾ ਵੀ ਜ਼ਿਕਰ ਆਉਂਦਾ ਹੈ। ਸਤੰਬਰ 1700 'ਚ ਲੋਹਗੜ੍ਹ 'ਤੇ ਪਹਾੜੀ ਫ਼ੌਜ ਵੱਲੋਂ ਹਮਲੇ ਸਮੇਂ ਕੇਸਰੀ ਚੰਦ ਨੇ ਇਹ ਕਹਿ ਕੇ ਚੜ੍ਹਾਈ ਕੀਤੀ ਸੀ ਕਿ ਜੇ ਉਹ ਹਾਰ ਗਿਆ ਤਾਂ ਵਾਪਸ ਮੂੰਹ ਨਹੀਂ ਦਿਖਾਏਗਾ। ਦਸਮ ਗੁਰੂ ਨੇ ਉਸ ਦਾ ਮੁਕਾਬਲਾ ਕਰਨ ਲਈ ਭਾਈ ਉਦੈ ਸਿੰਘ ਨੂੰ ਇਹ ਕਰਪਾ ਬਰਛਾ ਦੇ ਕੇ ਤੋਰਿਆ ਸੀ। ਇਸ ਜੰਗ ਵਿੱਚ ਜਿੱਥੇ ਭਾਈ ਬਚਿੱਤਰ ਸਿੰਘ ਨੇ ਮਦਮਸਤ ਹਾਥੀ ਨੂੰ ਰੋਕਿਆ ਉਥੇ ਹੀ ਭਾਈ ਉਦੈ ਸਿੰਘ ਰਾਜਾ ਕੇਸਰੀ ਚੰਦ ਦਾ ਸਿਰ ਵੱਢ ਕੇ ਇਸ ਬਰਛੇ 'ਤੇ ਰੱਖ ਕੇ ਗੁਰੂ ਸਾਹਿਬ ਕੋਲ ਪਹੁੰਚੇ ਸਨ।

**ਇੰਗਲੈਂਡ ਤੋਂ ਵਾਪਸ ਲਿਆਂਦੇ ਸ਼ਸਤਰ:** ਇਹ ਛੇ ਸ਼ਸਤਰ ਗੁਰੂ ਗੋਬਿੰਦ ਸਿੰਘ ਦੇ ਕਰ ਕਮਲਾਂ ਦੀ ਛੋਹ ਪ੍ਰਾਪਤ ਹਨ ਜੋ ਮਹਾਰਾਜਾ ਰਣਜੀਤ ਸਿੰਘ ਜੀ ਕੋਲ ਸਨ। ਸਿੱਖ ਰਾਜ ਤੋਂ ਮਗਰੋਂ ਲਾਰਡ ਡਲਹੌਜ਼ੀ ਅੰਗਰੇਜ਼ ਇਹ ਸ਼ਸਤਰ ਇੰਗਲੈਂਡ ਲੈ ਗਿਆ ਸੀ। ਉਸ ਦੀ ਪੜਪੋਤੀ ਕੋਲੋਂ ਸੰਨ 1966 ਵਿੱਚ ਇਹ ਸ਼ਸਤਰ ਵਾਪਸ ਲਿਆਂਦੇ ਗਏ ਸਨ। ਇਹ ਛੇ ਸ਼ਸਤਰ ਹਨ:

**ਵੱਡਾ ਬਰਛਾ:** ਗੁਰੂ ਜੀ ਇਸ ਨਾਲ ਜੰਗਲੀ ਜਾਨਵਰ ਸ਼ੇਰ, ਚੀਤੇ ਆਦਿ ਦਾ ਸ਼ਿਕਾਰ ਖੇਡਦੇ ਸਨ ਅਤੇ ਜੰਗ ਵਿੱਚ ਵੀ ਇਸ ਦੀ ਵਰਤੋਂ ਕਰਦੇ ਸਨ।

**ਛੋਟਾ ਬਰਛਾ:** ਗੁਰੂ ਗੋਬਿੰਦ ਸਿੰਘ ਜੀ ਜੰਗ ਲੜਨ ਸਮੇਂ ਦੁਸ਼ਮਣ 'ਤੇ ਇਸ ਨੂੰ ਹੱਥੋਂ ਛੱਡ ਕੇ ਵਾਰ ਕਰਦੇ ਸਨ।

**ਸ਼ਮਸ਼ੀਰ-ਏ-ਤੇਗ:** ਇਹ ਗੁਰੂ ਗੋਬਿੰਦ ਸਿੰਘ ਦੇ ਕਮਰਕੱਸੇ ਦਾ ਸ਼ਸਤਰ ਹੈ। ਇਸ ਨਾਲ ਜੰਗ ਦੇ ਸਮੇਂ ਲੋਹੇ ਦੀ ਬਣੀ ਸੰਜੋਅ ਨੂੰ ਕੱਟ ਕੇ ਗੁਰੂ ਜੀ ਦੁਸ਼ਮਣ ਨੂੰ ਸਦਾ ਦੀ ਨੀਂਦ ਸੁਆ ਦਿੰਦੇ ਸਨ।

**ਦਾਹੇ-ਆਹਨੀ:** ਇਹ ਵੀ ਦਸਮ ਗੁਰੂ ਦੇ ਕਮਰਕੱਸੇ ਦਾ ਸ਼ਸਤਰ ਹੈ। ਮੁਗ਼ਲ ਫ਼ੌਜਾਂ ਦੇ ਸਿਰ ਉਪਰ ਲੋਹੇ ਦੇ ਟੋਪ ਪਹਿਨੇ ਹੁੰਦੇ ਸਨ। ਗੁਰੂ ਜੀ ਇਸ ਦੇ ਪਹਿਲੇ ਵਾਰ ਨਾਲ ਹੀ ਲੋਹੇ ਦਾ ਟੋਪ ਚੀਰ ਕੇ ਦੁਸ਼ਮਣ ਦਾ ਸਿਰ ਪਾੜ ਕੇ ਉਸ ਦਾ ਅੰਤ ਕਰ ਦਿੰਦੇ ਸਨ।

**ਸੁਨਹਿਰੀ ਚੱਕਰ:** ਇਹ ਇੱਕ ਪ੍ਰੇਮੀ ਸਿੱਖ ਨੇ ਗੁਰੂ ਜੀ ਨੂੰ ਭੇਟਾ ਕੀਤਾ। ਉਸ ਨੇ ਬੇਨਤੀ ਕੀਤੀ ਸੀ ਕਿ ਇਸ ਉੱਪਰ ਜਪੁ ਜੀ ਸਾਹਿਬ ਦੀਆਂ 22 ਪਾਉੜੀਆਂ ਲਿਖੀਆਂ ਹੋਈਆਂ ਹਨ ਤਾਂ ਗੁਰੂ ਜੀ ਨੇ ਇਸ ਨੂੰ ਆਪਣੇ ਸੀਸ ਉੱਪਰ ਸਜੇ ਦੁਮਾਲੇ 'ਤੇ ਸਜਾ ਲਿਆ।

**ਢਾਲ:** ਇਹ ਵੀ ਇੱਕ ਪ੍ਰੇਮੀ ਸਿੱਖ ਨੇ ਗੁਰੂ ਜੀ ਨੂੰ ਭੇਟ ਕੀਤਾ ਸੀ। ਗੈਂਡੇ ਦੀ ਖੱਲ ਦਾ ਬਣਿਆ ਇਹ ਢਾਲਾ ਗੁਰੂ ਜੀ ਹਮੇਸ਼ਾ ਜੰਗ ਕਰਨ ਸਮੇਂ ਆਪਣੇ ਕੋਲ ਰੱਖਦੇ ਸਨ।

(ਬਾਕੀ ਸਫ਼ਾ 27 'ਤੇ)


ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸਾਕਾ ਸਰਹਿੰਦ



ਸੰਸਾਰ ਵਿੱਚ ਸੰਘਰਸ਼ ਅਤੇ ਦਲੇਰੀ ਦੀਆਂ ਬਹੁਤ ਮਿਸਾਲਾਂ ਹਨ ਪਰ ਸਿੱਖ ਕੌਮ ਦਾ ਇੱਕ ਵਿਲੱਖਣ ਇਤਿਹਾਸ ਹੈ। ਹਰ ਮੁਸੀਬਤ ਦਾ ਸਾਹਮਣਾ ਸੰਜਮ, ਸਾਹਸ, ਦ੍ਰਿੜ੍ਹਤਾ ਅਤੇ ਬੀਰਤਾ ਨਾਲ ਕੀਤਾ ਹੈ। ਘੱਲੂਘਾਰਿਆਂ ਤੋਂ ਬਾਅਦ 26 ਫਰਵਰੀ 1764 ਵਿੱਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਰਹਿੰਦ ਨੂੰ ਮੁੜ ਫ਼ਤਿਹ ਕਰ ਲਿਆ ਗਿਆ ਅਤੇ ਜੈਨ ਖਾਂ ਸੂਬਾ ਸਰਹਿੰਦ ਨੂੰ ਮਾਰ ਮੁਕਾਇਆ।

ਸਿੱਖ ਸੰਘਰਸ਼ ਵਿੱਚ ਸਵੈ ਮਾਣ ਅਤੇ ਮਨੁੱਖ ਦੀ ਪੂਰਨ ਆਜ਼ਾਦੀ ਲਈ ਸਿੱਖਾਂ ਨੇ ਧਾਰਮਿਕ ਕੱਟੜਵਾਦੀਆਂ ਦੇ ਜਬਰੀ ਧਰਮ ਪ੍ਰੀਵਰਤਨ ਦੇ ਖ਼ੂਨੀ ਇਰਾਦੇ ਦਾ ਮੁਕਾਬਲਾ ਕੀਤਾ। ਜਿਵੇਂ ਤੱਤੀਆਂ ਤਵੀਆਂ, ਉਬਲਦੀਆਂ ਦੇਗਾਂ, ਆਰੇ ਦੇ ਦੰਦਿਆਂ ’ਤੇ, ਚਰਖੜੀਆਂ ਤੇ ਰੰਬੀਆਂ ਦੀ ਧਾਰ ਤੇ ਜੰਬੂਰ ਦੀਆਂ ਖਿੱਚਾਂ ਤੇ ਸਰਹਿੰਦ ਦੀ ਕੰਧ ਤੇ ਚਮਕੌਰ ਦੀਆਂ ਜੰਗਾਂ ਵਿੱਚ ਹਰ ਹਾਲ ਵਿੱਚ ਬੜੀ ਦ੍ਰਿੜ੍ਹਤਾ ਨਾਲ ਜ਼ੁਲਮ ਦਾ ਮੁਕਾਬਲਾ ਕੀਤਾ।

ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੀ ਵਧਦੀ ਫ਼ੌਜੀ ਤਾਕਤ ਤੋਂ ਪਹਾੜੀ ਰਾਜੇ ਭੈ ਭੀਤ ਸਨ, ਕਿਉਂਕਿ ਉਹਨਾਂ ਨੂੰ ਆਪਣੇ ਧਰਮ ਅਤੇ ਰਾਜ ਸੱਤਾ ਨੂੰ ਖ਼ਤਰਾ ਜਾਪਦਾ ਸੀ। ਉਹਨਾਂ ਮੁਗਲ ਬਾਦਸ਼ਾਹ ਔਰੰਗਜ਼ੇਬ ਤੋਂ ਮਦਦ ਮੰਗੀ। ਬਾਦਸ਼ਾਹ ਨੇ ਲਾਹੌਰ ਅਤੇ ਸਰਹਿੰਦ ਦੇ ਸੂਬੇਦਾਰਾਂ ਨੂੰ ਗੁਰੂ ਸਾਹਿਬ ਜੀ ਵਿਰੁੱਧ ਵਧਣ ਲਈ ਕਿਹਾ। ਉਹਨਾਂ ਨੇ 1701 ਨੂੰ ਆਨੰਦਪੁਰ ਸਾਹਿਬ ’ਤੇ ਹਮਲਾ ਕਰ ਦਿੱਤਾ। ਪਹਾੜੀ ਰਾਜਿਆਂ ਦਾ ਮੁਕਾਬਲਾ ਤਿੰਨ ਸਾਲ ਤੱਕ ਚਲਦਾ ਰਿਹਾ। ਅੰਤ 1704 ਨੂੰ ਵੈਰੀ ਦੀਆਂ ਰਲਵੀਂਆਂ ਫ਼ੌਜਾਂ ਨੇ ਕਿਲੇ ਨੂੰ ਪੂਰੀ ਤਰਾਂ ਘੇਰ ਲਿਆ। ਰਸਦ ਪਾਣੀ ਅੰਦਰ ਜਾਣ ’ਤੇ ਪਾਬੰਦੀ ਲਗਾ ਦਿੱਤੀ। ਸਿੱਟੇ ਵਜੋਂ ਭੁੱਖ ਅਤੇ ਪਿਆਸ ਹੱਥੋਂ ਸਿੰਘ ਤੰਗ ਆ ਗਏ। ਨਿੱਤ ਦਿਨ ਉਹ ਕਮਜ਼ੋਰ ਹੋਣ ਲੱਗੇ। ਵੈਰੀ ਕੋਲ ਸਿਖਲਾਈ ਪ੍ਰਾਪਤ ਵੱਡੀ ਫ਼ੌਜ ਸੀ। ਫਿਰ ਵੀ ਵੈਰੀ ਨੇ ਜਾਣ ਲਿਆ ਸੀ ਕਿ ਗੁਰੂ ਸਾਹਿਬ ਜੀ ਕੋਲੋਂ ਜਬਰੀ ਕਿਲਾ ਖਾਲੀ ਨਹੀਂ ਕਰਵਾਇਆ ਜਾ ਸਕਦਾ। ਰਲਵੇਂ ਜਰਨੈਲਾਂ ਨੇ ਝੂਠੀਆਂ ਕਸਮਾਂ ਖਾ ਕੇ ਗੁਰੂ ਜੀ ਨੂੰ ਕਿਹਾ ਕਿ ਜੇ ਕਰ ਉਹ ਕਿਲਾ ਛੱਡ ਦੇਣ ਤਾਂ ਉਹਨਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ। ਕੋਈ ਹਮਲਾ ਨਹੀਂ ਕੀਤਾ ਜਾਵੇਗਾ।

ਭਾਵੇਂ ਗੁਰੂ ਸਾਹਿਬ ਜੀ ਨੂੰ ਉਹਨਾਂ ’ਤੇ ਇਤਬਾਰ ਨਹੀਂ ਸੀ, ਪਰ ਹਾਲਾਤ ਹੀ ਅਜਿਹੇ ਸਨ ਕਿ ਗੁਰੂ ਸਾਹਿਬ ਜੀ ਨੇ 20-21 ਦਸੰਬਰ 1704 ਦੀ ਵਿਚਕਾਰਲੀ ਰਾਤ ਨੂੰ ਆਨੰਦਪੁਰ ਛੱਡ ਦਿੱਤਾ। ਗੁਰੂ ਸਾਹਿਬ ਜੀ ਨਾਲ 400-500 ਸਿੰਘ, ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਸਨ। ਇੱਥੋਂ ਹੀ ਚਮਕੌਰ ਸਾਹਿਬ ਦੀ ਜੰਗ ਅਤੇ ਸਾਕਾ ਸਰਹਿੰਦ ਸ਼ੁਰੂ ਹੁੰਦਾ ਹੈ। ਜਦੋਂ ਗੁਰੂ ਜੀ ਦਾ ਕਾਫ਼ਲਾ ਸਰਸਾ ਨਦੀ ’ਤੇ ਪਹੁੰਚਿਆ, ਵੈਰੀ ਨੇ ਸਾਰੀਆਂ ਕਸਮਾਂ ਤੋੜ ਕੇ ਕਾਫ਼ਲੇ ’ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਜੀ ਘੇਰੇ ਵਿੱਚ ਆ ਗਏ। ਵੈਰੀ ਦੀ ਰਲਵੀਂ ਫ਼ੌਜ ਪਿੱਛਾ ਕਰਦੀ ਆ ਰਹੀ ਸੀ। ਸਿੰਘ ਵੀ ਮੈਦਾਨ ਵਿੱਚ ਡੱਟ ਖਲੋਤੇ। ਘਮਸਾਨ ਦੀ ਜੰਗ ਸ਼ੁਰੂ ਸੀ। ਸਿੰਘਾਂ ਨੇ ਹਿੰਮਤ ਕਰਕੇ ਦੋ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸਿਰਸਾ ਪਾਰ ਲੰਘਾ ਦਿੱਤਾ। ਗੁਰੂ ਸਾਹਿਬ ਜੀ ਅਤੇ ਕੁਝ ਸਿੰਘ ਘੋੜਿਆਂ ਸਮੇਤ ਸਿਰਸਾ ਪਾਰ ਲੰਘ ਗਏ। ਇਸ ਸਮੇਂ ਦੌਰਾਨ ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਪ੍ਰਵਾਰ ਤੋਂ ਵਿੱਛੜ ਗਏ। ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਕਿਸੇ ਹੋਰ ਰਾਹ ਪੈ ਗਏ। ਗੁਰੂ ਸਾਹਿਬ ਜੀ ਕੁਝ ਸਿੰਘਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਨਾਲ ਚਮਕੌਰ ਸਾਹਿਬ ਵੱਲ ਵੱਧ ਰਹੇ ਸਨ। ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦੇ ਗੰਗੂ ਬ੍ਰਾਹਮਣ ਨਾਲ ਉਸ ਦੇ ਪਿੰਡ ਸਹੇੜੀ (ਮੋਰਿੰਡਾ) ਵਿਖੇ ਜਾ ਠਹਿਰੇ। ਮਾਤਾ ਜੀ ਕੋਲ ਧੰਨ ਦੌਲਤ ਵੀ ਸੀ। ਇਹ ਵੇਖ ਕੇ ਗੰਗੂ ਦੇ ਮਨ ਵਿੱਚ ਲਾਲਚ ਅਤੇ ਬੇਈਮਾਨੀ ਆ ਗਈ। ਉਸਨੇ ਰਾਤ ਨੂੰ ਮਾਤਾ ਜੀ ਦੇ ਪੱਲੇ ਵਿਚੋਂ ਧੰਨ ਅਤੇ ਗਹਿਣੇ ਚੋਰੀ ਕਰ ਲਏ। ਸਵੇਰੇ ਜਦੋਂ ਮਾਤਾ ਜੀ ਨੇ ਚੋਰੀ ਬਾਰੇ ਪੁੱਛਿਆ ਤਾਂ ਗੰਗੂ ਆਪਣੀ ਚੋਰੀ ਛੁਪਾਉਣ ਲਈ ਖਹਿਬੜ ਹੀ ਪਿਆ। ਹੋਰ ਲਾਲਚ ਵਿੱਚ ਸਰਕਾਰ ਕੋਲੋਂ ਇਨਾਮ ਪ੍ਰਾਪਤ ਕਰਨ ਲਈ ਉਸਨੇ ਮਾਤਾ ਜੀ ਅਤੇ ਦੋ ਸਾਹਿਬਜ਼ਾਦਿਆਂ ਨੂੰ ਸਰਕਾਰ ਕੋਲ ਫੜਵਾਉਣ ਲਈ ਕਹਿ ਦਿੱਤਾ।

ਮਾਤਾ ਜੀ ਨੇ ਬੜਾ ਸਮਝਾਇਆ ਕਿ ਗੰਗੂ ਇਹ ਪਾਪ ਨਾ ਕਰ। ਉਸਨੇ ਮੋਰਿੰਡਾ ਦੇ ਕੋਤਵਾਲ ਕੋਲ ਜਾ ਕੇ ਦਸ ਪਾ ਦਿੱਤੀ ਕਿ ਗੁਰੂ ਜੀ ਦਾ ਪ੍ਰਵਾਰ ਉਸ ਦੇ ਘਰ ਵਿੱਚ ਹੈ। ਮੋਰਿੰਡਾ ਪੁਲਿਸ ਨੇ ਜਾਨੀ ਖਾਂ ਤੇ ਮਾਨੀ ਖਾਂ ਨੂੰ ਭੇਜ ਕੇ 23 ਦਸੰਬਰ 1704 ਦੀ ਸਵੇਰ ਨੂੰ ਗੁਰੂ ਸਾਹਿਬ ਜੀ ਦਾ ਪ੍ਰਵਾਰ ਗ੍ਰਿਫ਼ਤਾਰ ਕਰਵਾ ਲਿਆ। ਸ਼ਾਮ ਤੱਕ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਕੋਲ ਪੇਸ਼ ਕਰ ਦਿੱਤਾ। ਅਗਲੀ ਕਾਰਵਾਈ ਹੋਣ ਤੱਕ ਸੂਬੇਦਾਰ ਨੇ ਤਿੰਨਾਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿੱਚ ਕੈਦ ਕਰ ਦਿੱਤਾ। ਪੋਹ ਦੀ ਠੰਡੀ ਰਾਤ ਵਿੱਚ ਪ੍ਰਵਾਰ ਨੂੰ ਮੁਗਲਾਂ ਦਾ ਜ਼ੁਲਮ ਸਹਿਣਾ ਪਿਆ। ਹਕੂਮਤ ਦੇ ਪਹਿਰੇ ਦੀ ਪੂਰੀ ਸਖ਼ਤੀ ਸੀ ਕਿ ਕੋਈ ਮਦਦ ਨਾ ਪਹੁੰਚੇ। ਸਿੱਖੀ ਦੇ ਸ਼ਰਧਾਲੂ ਬਾਬਾ ਮੋਤੀ ਰਾਮ ਮਹਿਰਾ ਜੀ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਪ੍ਰਵਾਰ ਦੀ ਗਰਮ ਦੁੱਧ ਨਾਲ ਸੇਵਾ ਕੀਤੀ। ਮੋਤੀ ਰਾਮ ਮਹਿਰਾ ਬਾਬਾ ਜੀ ਦਾ ਇਸ ਕੁਰਬਾਨੀ ਲਈ ਸਿੱਖ ਇਤਿਹਾਸ ਵਿੱਚ ਬੜਾ ਸਤਿਕਾਰ ਹੈ।

23-24 ਦਸੰਬਰ 1704 ਦੀ ਰਾਤ ਠੰਡੇ ਬੁਰਜ ਵਿੱਚ ਕੈਦ ਰੱਖਣ ਤੋਂ ਬਾਅਦ 24 ਦਸੰਬਰ 1704 ਨੂੰ ਸੂਬੇਦਾਰ ਵਜ਼ੀਰ ਖਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਸਾਹਿਬਜ਼ਾਦੇ ਚੜ੍ਹਦੀਕਲਾ, ਸਿਦਕ, ਸੰਜਮ ਅਤੇ ਬੜੀ ਦ੍ਰਿੜ੍ਹਤਾ ਨਾਲ ਪੇਸ਼ ਹੋਏ। ਸਾਹਿਬਜ਼ਾਦਿਆਂ ਨੂੰ ਡਰਾਵਾ ਦਿੱਤਾ ਕਿ ਉਹਨਾਂ ਦੇ ਗੁਰੂ ਪਿਤਾ ਜੀ ਚਮਕੌਰ ਸਾਹਿਬ ਦੀ ਜੰਗ ਵਿੱਚ ਸ਼ਹੀਦ ਹੋ ਚੁੱਕੇ ਹਨ। ਹੁਣ ਤੁਹਾਨੂੰ ਕੋਈ ਨਹੀਂ ਬਚਾ ਸਕਦਾ। ਤੁਸੀਂ ਇੱਥੋਂ ਬੱਚ ਕੇ ਵੀ ਨਹੀਂ ਨਿਕਲ ਸਕਦੇ। ਤੁਹਾਡੀ ਜਾਨ ਬਖਸ਼ੀ ਜਾ ਸਕਦੀ ਹੈ ਕਿ ਇਸਲਾਮ ਕਬੂਲ ਕਰ ਲਓ। ਸਾਹਿਬਜ਼ਾਦਿਆਂ ਨੇ ਬੜੀ ਦ੍ਰਿੜ੍ਹਤਾ ਨਾਲ ਉੱਤਰ ਦਿੱਤਾ ਕਿ ਉਹ ਆਪਣੇ ਧਰਮ ਨੂੰ ਬਚਾਉਣ ਅਤੇ ਕਾਇਮ ਰੱਖਣ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਤਿਆਰ ਹਨ। ਸਾਨੂੰ ਆਪਣੇ ਧਾਰਮਿਕ ਵਿਰਸੇ ਦੀਆਂ ਕੁਰਬਾਨੀਆਂ ’ਤੇ ਬੜਾ ਮਾਣ ਹੈ। ਉੱਪਰੋਂ ਦਾਦੀ ਮਾਂ ਦਾ ਹੌਂਸਲਾ ਸਾਡੇ ਨਾਲ ਹੈ। ਅਸੀਂ ਧਰਮ ਦੀ ਸ਼ਾਨ ਹਮੇਸ਼ਾ ਉੱਚੀ ਰੱਖਣੀ ਹੈ। ਕਚਹਿਰੀ ਵਿੱਚ ਹਕੂਮਤ ਦੇ ਉੱਚ ਅਧਿਕਾਰੀਆਂ ਨੇ ਵੀ ਕਿਹਾ ਕਿ ਬੱਚਿਓ ਨਵਾਬ ਅੱਗੇ ਝੁਕ ਜਾਓ, ਜਾਨ ਬਖ਼ਸ਼ੀ ਲਈ ਇਸਲਾਮ ਕਬੂਲ ਕਰਨ ਲਈ ਵੀ ਪ੍ਰੇਰਿਆ।

ਸੂਬੇਦਾਰ ਹੁਣ ਦੁਨਿਆਵੀ ਲਾਲਚ ਦੇਣ ’ਤੇ ਆ ਗਿਆ ਕਿ ਇਸਲਾਮ ਕਬੂਲ ਕਰਕੇ ਸ਼ਾਹੀ ਠਾਠ ਬਾਠ ਦੀ ਜ਼ਿੰਦਗੀ ਦਾ ਸੁਪਨਾ ਵਿਖਾਇਆ। ਪਰ ਸਾਹਿਬਜ਼ਾਦੇ ਅਡੋਲ ਅਤੇ ਆਪਣੇ ਵਚਨ ’ਤੇ ਕਾਇਮ ਰਹੇ। ਬੜੀ ਦਲੀਲ ਨਾਲ ਹਰ ਲਾਲਚ ਠੁਕਰਾ ਦਿੱਤਾ। ਸੂਬੇਦਾਰ ਉਹਨਾਂ ਦੀ ਦਲੇਰੀ ’ਤੇ ਹੈਰਾਨ ਸੀ ਪਰ ਉਸਨੇ ਸੋਚਿਆ ਕਿ ਬੱਚੇ ਹਨ। ਡਰਾਉਣ ਧਮਕਾਉਣ ਨਾਲ ਸਹਿਮ ਜਾਣਗੇ, ਹੋਲੀ ਹੋਲੀ ਮਨ ਹੀ ਜਾਣਗੇ। ਉਸ ਦਿਨ ਦੀ ਕਾਰਵਾਈ ਖ਼ਤਮ ਹੋਈ। ਅਗਲੇ ਦਿਨ ਪੇਸ਼ ਹੋਣ ਦਾ ਹੁਕਮ ਦਿੱਤਾ ਅਤੇ ਉਹਨਾਂ ਨੂੰ ਮੁੜ ਠੰਡੇ ਬੁਰਜ ਵਿੱਚ ਭੇਜ ਦਿੱਤਾ।

25 ਦਸੰਬਰ 1704 ਨੂੰ ਮੁੜ ਕਚਹਿਰੀ ਵਿੱਚ ਪੇਸ਼ੀ ਹੋਈ। ਸਾਹਿਬਜ਼ਾਦੇ ਹੋਰ ਵੀ ਦ੍ਰਿੜ੍ਹ ਸਨ। ਫਿਰ ਉਹੀ ਜਾਹੋ ਜਹਾਲ ਅਤੇ ਚੜ੍ਹਦੀਕਲਾ ਕਾਇਮ ਸੀ। ਅਦਾਲਤ ਦੀ ਕਾਰਵਾਈ ਵਿੱਚ ਫਿਰ ਉਹੀ ਇਸਲਾਮ ਕਬੂਲਣ ਦੀ ਕਹਾਣੀ ਦੁਹਰਾਈ ਗਈ। ਸੂਬੇਦਾਰ ਫਿਰ ਡਰਾਉਣ ਧਮਕਾਉਣ ਲੱਗਾ। ਉਸਨੇ ਕ੍ਰੋਧ ਵਿੱਚ ਆ ਕੇ ਕਿਹਾ ਕਿ ਇਸਲਾਮ ਨਾ ਕਬੂਲ ਕਰਨ ’ਤੇ ਉਹਨਾਂ ਨੂੰ ਜਿੰਦਾ ਕੰਧ ਵਿੱਚ ਚਿਣ ਕੇ ਕਤਲ ਕਰ ਦਿੱਤਾ ਜਾਵੇਗਾ। ਸਾਹਿਬਜ਼ਾਦੇ ਅਡੋਲ ਸਨ। ਸੂਬੇਦਾਰ ਨੇ ਕਾਜ਼ੀ ਨੂੰ ਸਾਹਿਬਜ਼ਾਦਿਆਂ ਦੇ ਦੋਸ਼ ਸਮਝਾਉਂਦਿਆਂ ਉਹਨਾਂ ਵਿਰੁੱਧ ਤੁਰੰਤ ਸਜ਼ਾ ਸੁਨਾਉਣ ਦਾ ਫੈਸਲਾ ਦੇਣ ਲਈ ਕਿਹਾ ਪਰ ਕਾਜ਼ੀ ਨੇ ਕਿਹਾ ਕਿ ਇਸਲਾਮ ਮਾਸੂਮ ਬੱਚਿਆਂ ਨੂੰ ਉਹਨਾਂ ਦੇ ਬਾਪ ਨਾਲ ਦੁਸ਼ਮਣੀ ਤੇ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਦਿੰਦਾ। ਸੂਬੇਦਾਰ ਨੇ ਚਲਾਕੀ ਨਾਲ ਹਾਜ਼ਰ ਮੁਹੰਮਦ ਖਾਂ ਨਵਾਬ ਮਾਲੇਰਕੋਟਲਾ ਨੂੰ ਦਿਵਾਨ ਸੁੱਚਾ ਨੰਦ ਦੇ ਇਸ਼ਾਰੇ ’ਤੇ ਯਾਦ ਕਰਵਾਇਆ ਕਿ ਉਸ ਦਾ ਭਰਾ ਨਾਹਰ ਖਾਂ, ਜੋ ਮੁਗਲ ਫ਼ੌਜਾਂ ਦਾ ਆਗੂ ਸੀ, ਗੁਰੂ ਸਾਹਿਬ ਜੀ ਦੇ ਹੱਥੋਂ ਜੰਗ ਵਿੱਚ ਮਾਰਿਆ ਗਿਆ ਸੀ। ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਉਸ ਦੇ ਹਵਾਲੇ ਕਰਨ ਦੀ ਪੇਸ਼ਕਸ਼ ਕੀਤੀ ਤਾਂ ਉਹ ਸਾਹਿਬਜ਼ਾਦਿਆਂ ਨੂੰ ਕਤਲ ਕਰਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈ ਸਕੇ। ਇਹ ਉਸ ਲਈ ਸਹੀ ਮੌਕਾ ਹੈ ਪਰ ਇਖਲਾਕੀ ਨਵਾਬ ਸੂਬੇਦਾਰ ਦੀ ਚਲਾਕੀ ਵਿੱਚ ਨਹੀਂ ਆਇਆ। ਅੱਲ੍ਹਾ ਯਾਰ ਖਾਂ ਜੋਗੀ ਦੇ ਸ਼ਬਦਾਂ ਵਿੱਚ ਕਿ “ ਬਦਲਾ ਹੀ ਲੇਨਾ ਹੋਗਾ, ਤੋਂ ਹਮ ਲੇਂਗੇ ਬਾਪ ਸੇ, ਮਹਿਫ਼ੂਜ ਰੱਖੇ ਹਮ ਕੋ ਖ਼ੁਦਾ ਐਸੇ ਪਾਪ ਸੇ। ”

ਪਰ ਮੱਕਾਰ ਸੁੱਚਾ ਨੰਦ ਨਹੀਂ ਸੀ ਚਾਹੁੰਦਾ ਕਿ ਬੱਚਿਆਂ ਨੂੰ ਛੱਡਿਆ ਜਾਵੇ । ਉਸ ਨੇ ਬਹਾਨੇ ਨਾਲ ਕਿਹਾ ਕਿ ਜੇ ਕਰ ਹੁਣ ਛੱਡ ਦਿੱਤਾ ਤਾਂ ਅੱਗੇ ਜਾ ਕੇ ਵੱਡੀ ਬਗਾਵਤ ਕਰਨਗੇ। ਇਸ ਲਈ ਇਹ ਕੱਲ ਦੇ ਬਾਗੀ ਹਕੂਮਤ ਲਈ ਖ਼ਤਰਾ ਹਨ। ਬਾਗੀਆਂ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਹੈ। ਹੋਰ ਕੋਈ ਚਾਰਾ ਨਾ ਦਿਸਣ ’ਤੇ ਸੂਬੇਦਾਰ ਵਜ਼ੀਰ ਖਾਂ ਨੇ ਕਿਹਾ ਕਿ ਬੱਚਿਓ ਮੈਂ ਤੁਹਾਨੂੰ ਆਖਰੀ ਮੌਕਾ ਦਿੰਦਾ ਹਾਂ ਕਿ ਇਸਲਾਮ ਕਬੂਲ ਕਰ ਲਵੋ ਜਾਂ ਮੌਤ ਦਾ ਸਾਹਮਣਾ ਕਰਨ ਲਈ ਤਿਆਰ ਹੋ ਜਾਵੋ। ਸਾਹਿਬਜ਼ਾਦਿਆਂ ਨੇ ਆਪਣਾ ਦ੍ਰਿੜ੍ਹ ਇਰਾਦਾ ਨਾਲ ਫੈਸਲਾ ਸੁਣਾਦਿਆਂ ਬੜੇ ਜੋਸ਼ ਵਿੱਚ ਕਿਹਾ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਣਾਈ ਸ਼ੇਰਾਂ ਦੀ ਕੌਮ ਦੇ ਵਾਰਿਸ ਹਾਂ, ਜੋ ਮੌਤ ਤੋਂ ਨਹੀਂ ਡਰਦੇ। ਤਦ ਸੂਬੇਦਾਰ ਨੂੰ ਸਾਹਿਬਜ਼ਾਦਿਆਂ ਨੂੰ ਜਿੰਦਾ ਕੰਧ ਵਿੱਚ ਚਿਣ ਦੇਣ ਦਾ ਹੁਕਮ ਸੁਣਾ ਦਿੱਤਾ। ਨਵਾਬ ਮਾਲੇਰਕੋਟਲਾ ਨੇ ਇਸ ਫ਼ੈਸਲੇ ’ਤੇ ਅਸਹਿਮਤੀ ਪ੍ਰਗਟ ਕਰਦਿਆਂ ਇਸ ਨੂੰ ਰੱਦ ਕਰਨ ਦਾ ਸੁਝਾਅ ਦਿੱਤਾ ਪਰ ਉਸ ਦੀ ਸੱਚ ਦੀ ਆਵਾਜ਼ ਨੂੰ ਨਾ ਸੁਣਿਆ ਗਿਆ। ਨਵਾਬ ਨੇ ਹਾਅ ਦਾ ਨਾਰ੍ਹਾ ਮਾਰਿਆ ਤੇ ਕਚਹਿਰੀ ਛੱਡ ਕੇ ਚਲੇ ਗਏ। ਸੂਬੇਦਾਰ ਵਜ਼ੀਰ ਖਾਂ ਦੇ ਹੁਕਮ ਨਾਲ ਕੰਧ ਦੀ ਉਸਾਰੀ ਦਾ ਸਮਾਨ ਮੰਗਵਾ ਲਿਆ ਗਿਆ, ਮਾਸੂਮ ਸਾਹਿਬਜ਼ਾਦਿਆਂ ਨੂੰ ਕੰਧ ਵਿੱਚ ਚਿਣਵਾਇਆ ਜਾਣ ਲੱਗਾ। ਰੱਦੇ ਲਾਉਂਦਿਆਂ ਵੀ ਉਹਨਾਂ ਨੂੰ ਮੁੜ ਮੁੜ ਇਸਲਾਮ ਕਬੂਲਣ ਲਈ ਉਕਸਾਇਆ ਜਾਂਦਾ ਰਿਹਾ ਪਰ ਸਾਹਿਬਜ਼ਾਦੇ ਹਮੇਸ਼ਾ ਦੀ ਤਰ੍ਹਾਂ ਅਡੋਲ ਸਨ। ਜਦ ਕੰਧ ਛਾਤੀ ਤੱਕ ਆਣ ਪੁੱਜੀ ਤਾਂ ਬੁਨਿਆਦ ਹਿੱਲ ਗਈ ਤੇ ਕੰਧ ਢਹਿ ਢੇਰੀ ਹੋ ਗਈ। ਸਮਾਣਾ ਦੇ ਸ਼ਾਸ਼ਲ ਬੇਗ ਤੇ ਬਾਸਲ ਬੇਗ ਜਲਾਦਾਂ ਨੇ ਦੋਵੇਂ ਸਾਹਿਬਜ਼ਾਦਿਆਂ ਦੇ ਸੀਸ ਧੜ ਤੋਂ ਅਲੱਗ ਕਰ ਦਿੱਤੇ। ਸਾਹਿਬਜ਼ਾਦਿਆਂ ਨੇ ਆਪਣੇ ਸਰੀਰ ਭੇਟ ਕਰਕੇ ਆਪਣੇ ਪੁਰਖ਼ਿਆਂ ਦੀਆਂ ਸ਼ਹੀਦੀਆਂ ਦੀ ਲਾਜ ਰੱਖ ਲਈ। ਉਹ ਧਰਮ ਦੇ ਸਿਦਕ ਤੋਂ ਨਹੀਂ ਹਾਰੇ। ਲੋਕਾਂ ਨੇ ਹਾਅ ਦਾ ਨਾਰ੍ਹਾ ਮਾਰਿਆ ਕਿ ਧੰਨ ਹੈ ਉਹ ਮਾਂ ਜਿਸ ਨੇ ਅਜਿਹੇ ਬਹਾਦਰ ਸਪੂਤਾਂ ਨੂੰ ਜਨਮ ਦਿੱਤਾ ਹੈ। ਇਸ ਤਰਾਂ 7-9 ਸਾਲ ਦੀ ਉਮਰ ਦੇ ਸਾਹਿਬਜ਼ਾਦੇ ਮੁਗਲ ਹਕੂਮਤ ਦੇ ਜਾਲਮ ਹਾਕਮਾਂ ਨੇ ਸ਼ਹੀਦ ਕਰਵਾ ਦਿੱਤੇ। ਮਾਤਾ ਗੁਜਰੀ ਜੀ ਵੀ ਇਸੇ ਜ਼ੁਲਮ ਹੇਠ ਸ਼ਹੀਦੀ ਪਾ ਗਏ। ਸਾਕਾ ਸਰਹਿੰਦ ਦਿਵਸ ਸਲਾਨਾ ਜੋੜ ਮੇਲ ਫ਼ਤਹਿਗੜ੍ਹ ਸਾਹਿਬ ਵਿਖੇ 11,12 ਅਤੇ 13 ਪੋਹ ਨੂੰ ਮਨਾਇਆ ਜਾਂਦਾ ਹੈ।

ਸੂਬਾ ਸਰਹਿੰਦ ਦੇ ਦੀਵਾਨ ਟੋਡਰ ਮੱਲ ਜੀ ਸਿੱਖੀ ਦੇ ਸ਼ਰਧਾਲੂ ਸਨ। ਉਹਨਾਂ ਨੇ ਸ਼ਾਮ ਤੱਕ ਤਿੰਨਾਂ ਦੀਆਂ ਅੰਤਿਮ ਰਸਮਾਂ ਦਾ ਪ੍ਰਬੰਧ ਕਰ ਲਿਆ ਸੀ। ਜ਼ਮੀਨ ਦੇ ਇਸ ਟੁਕੜੇ ਲਈ ਉਹਨਾਂ ਨੂੰ ਖੜੇ ਰੁੱਖ ਸੋਨੇ ਦੀਆਂ ਮੋਹਰਾਂ ਅਸ਼ਰਫ਼ੀਆਂ ਵਿਛਾ ਕੇ ਮੁੱਲ ਤਾਰਨਾ ਪਿਆ। ਜਿਥੇ ਗੁਰਦੁਆਰਾ ਜੋਤੀ ਸਰੂਪ ਸੁਸ਼ੋਭਿਤ ਹੈ। ਸਿੱਖ ਇਤਿਹਾਸ ਵਿੱਚ ਸਾਕਾ ਸਰਹਿੰਦ ਕੁਰਬਾਨੀ ਦੀ ਇੱਕ ਵਿਲੱਖਣ ਮਿਸਾਲ ਹੈ।

ਸਿੱਖ ਇਤਿਹਾਸ ਵਿੱਚ ਬਾਬਾ ਮੋਤੀ ਰਾਮ ਮਹਿਰਾ ਜੀ ਅਤੇ ਦੀਵਾਨ ਟੋਡਰ ਮੱਲ ਜੀ ਦਾ ਨਾਉਂ ਉਹਨਾਂ ਦੇ ਨੇਕ ਕਿਰਦਾਰਾਂ ਲਈ ਬੜੇ ਪਿਆਰ ਸਤਿਕਾਰ ਨਾਲ ਲਿਆ ਜਾਂਦਾ ਹੈ। ਸਾਕਾ ਸਰਹਿੰਦ ਦੀਆਂ ਸਰਵ ਉੱਚ ਸ਼ਹੀਦੀਆਂ ਸੰਸਾਰ ਵਿੱਚ ਬੇਮਿਸਾਲ ਹਨ। ਇਸ ਦ੍ਰਿੜ੍ਹ ਇਰਾਦੇ ਦੇ ਜਜ਼ਬਾਤ ਨੇ ਸਾਬਤ ਕੀਤਾ ਕਿ ਕਿਸੇ ਲਾਲਚ ਜਾਂ ਡਰ ਅੱਗੇ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਕਦੇ ਨਹੀਂ ਝੁਕ ਸਕਦਾ। ਸਰਹਿੰਦ ਦੀ ਕੰਧ ਸਿੱਖ ਰਾਜ ਦੀ ਨੀਂਹ ਪੱਥਰ ਸਾਬਤ ਹੋਈ। ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਾਕਾ ਸਰਹਿੰਦ ਦੇ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖਾਂ ਨੂੰ ਮੌਤ ਦੇ ਘਾਟ ਉਤਾਰ ਕੇ 14 ਮਈ 1710 ਨੂੰ ਜ਼ੁਲਮ ਦਾ ਕਿੰਗਰਾ ਢਾਹਿਆ। ਭਾਰੀ ਮੁਸੀਬਤਾਂ ਅਤੇ ਮੁਹਿੰਮਾਂ ਵਿਚੋਂ ਲੰਘ ਕੇ ਸਿੱਖ ਕੌਮ ਫਿਰ ਤੋਂ ਜਥੇਬੰਦ ਹੁੰਦੀ ਰਹੀ। ਸੰਨ 1783 ਵਿੱਚ ਜਰਨੈਲ ਬਘੇਲ ਸਿੰਘ ਅਤੇ ਜਰਨੈਲ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਦਿੱਲੀ ’ਤੇ ਕਬਜ਼ਾ ਕਰ ਲਿਆ। ਸਿੱਖਾਂ ਦੀ ਸੰਯੁਕਤ ਤਾਕਤ ਨੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ 12 ਅਪ੍ਰੈਲ 1801 ਤੋਂ ਜੂਨ 27, 1839 ਤੱਕ ਕਾਇਮ ਰੱਖਿਆ ਗਿਆ।





# ਬੰਦ ਪਿਆ ਬਿਸਤਰਾ

**ਨਵਤੇਜ ਸਿੰਘ**

ਪਿਆਰ ਲਈ ਝੂਠ ਦਾ ਠੁੰਮਣਾ ਕਿਓਂ ?... ਪਤਾ ਨਹੀਂ ਇਹ ਗੀਤ ਜੋੜਨ ਵਾਲੇ ਮਹਿਬੂਬਾ ਤੇ ਵਤਨ ਦੋਵਾਂ ਬਾਰੇ ਬੜੀ ਵਾਰੀ ਝੂਠ ਕਿਉਂ ਬੋਲਦੇ ਨੇ ? ਕੀ ਤੁਹਾਡੀ ਮਹਿਬੂਬਾ ਤੁਹਾਨੂੰ ਤਾਂ ਹੀ ਪਿਆਰੀ ਲੱਗ ਸਕਦੀ ਏ ਜੇ ਉਹ 'ਚਾਂਦ ਸੀ ਮਹਿਬੂਬਾ' ਹੋਵੇ ? ਕੀ ਤੁਹਾਡਾ ਵਤਨ ਤੁਹਾਨੂੰ ਤਾਂ ਹੀ ਚੰਗਾ ਲੱਗ ਸਕਦਾ ਏ ਜੇ ਉਹ ਸਾਰੇ ਜਹਾਂ ਸੇ ਅੱਛਾ ਹੋਵੇ। ਇੰਝ ਗੀਤਾਂ ਵਿੱਚ ਹੀ ਹੁੰਦਾ ਹੋਵੇਗਾ...ਮੈਂ ਆਪਣੇ ਵਤਨ ਦੀ ਹੀ ਗੱਲ ਕਰ ਸਕਦਾ ਹਾਂ....ਤੁਸੀਂ ਮੈਨੂੰ ਜ਼ਰੂਰ ਟੋਕੋਗੇ ਕਿ ਉਹ ਮੇਰਾ ਵਤਨ ਕਿਵੇਂ ਹੋਇਆ ਜਿਥੇ ਮੈਨੂੰ ਜਾਣ ਦੀ ਇਜਾਜ਼ਤ ਨਹੀਂ- ਜਦੋਂ ਹਾਲੀ ਮੈਂ ਆਪਣੇ ਵਤਨ ਦੀ ਜੂਹ ਵੀ ਨਹੀਂ ਸੀ ਟੱਪੀ ਓਦੋਂ ਵੀ ਮੇਰਾ ਖਿਆਲ ਇਹੀ ਸੀ, ਤੇ ਹੁਣ ਜਦੋਂ ਮੈਂ ਸਾਰੇ ਜਹਾਨ ਬਾਰੇ ਏਨਾ ਕੁਝ ਜਾਣ ਲਿਆ ਏ, ਜਦੋਂ ਮੈਨੂੰ ਪੱਕਾ ਹੋ ਚੁੱਕਿਆ ਏ ਕਿ ਮੇਰਾ ਵਤਨ ਸਾਰੇ ਜਹਾਨ ਵਿਚੋਂ ਕਿਸੇ ਤਰ੍ਹਾਂ ਵੀ ਅੱਛਾ ਨਹੀਂ, ਪਰ ਫੇਰ ਵੀ ਮੇਰੇ ਚੇਤਿਆਂ ਵਿੱਚ ਸਭ ਤੋਂ ਵੱਧ ਉਹੀ ਵਸਿਆ ਹੋਇਆ ਏ। ਮੇਰੀਆਂ ਅੱਖਾਂ ਹੁਣ ਜਦੋਂ ਇੱਕ ਦੁਨੀਆਂ ਦੇ ਹੁਸਨ ਨੂੰ ਆਪਣੇ ਅੰਦਰ ਰਚਾ ਚੁੱਕੀਆਂ ਨੇ, ਚੰਨ ਵਰਗੇ ਚਿਹਰਿਆਂ ਨਾਲ ਆਸ਼ਨਾ ਹੋ ਚੁੱਕੀਆਂ ਨੇ, ਓਦੋਂ ਵੀ ਮੇਰੇ ਦਿਲ ਤੇ ਜਾਨ ਵਿਚ ਮੇਰੇ ਅਨੰਤ ਦਿਨਾਂ ਦੀ ਉਹੀ ਮਹਿਬੂਬਾ ਵਸੀ ਹੋਈ ਏ, ਜਿਦ੍ਹੇ ਮੂੰਹ ਤੋਂ ਜਵਾਨੀ ਦੇ ਚੜ੍ਹਾਅ ਪਿਛੋਂ ਕਿੱਲਾਂ ਦੇ ਦਾਗ਼ ਕਦੇ ਅਲੋਪ ਨਹੀਂ ਹੋਏ...

ਮੈਨੂੰ ਅਤਿਕਥਨੀ ਵਾਲੇ ਗੀਤ ਕਦੇ ਵੀ ਚੰਗੇ ਨਹੀਂ ਲੱਗੇ; ਤੇ ਸ਼ਾਇਦ ਇਸੇ ਲਈ ਮੈਂ ਆਪ ਇਕ ਨਵਾਂ ਨਕੋਰ ਗੀਤ ਲਿਖਣਾ ਚਾਹੁੰਦਾ ਹਾਂ, ਆਪਣੇ ਸਾਦ ਮੁਰਾਦੇ ਵਤਨ ਬਾਰੇ ਇੱਕ ਵੱਖਰੀ ਤਰ੍ਹਾਂ ਦਾ ਗੀਤ; ਪਰ ਮੈਨੂੰ ਗੀਤ ਲਿਖਣਾ ਨਹੀਂ ਆਉਂਦਾ ਹਾਂ,ਜੇ ਕਦੇ ਮੈਂ ਗੀਤ ਲਿਖ ਸਕਦਾ ਹੁੰਦਾ ਤਾਂ ਮੈਂ ਆਪਣੇ ਗੀਤ ਵਿੱਚ ਅਜਿਹੀਆਂ ਗੱਲਾਂ ਜ਼ਰੂਰ ਕਹਿੰਦਾ ਜਿਹੜੀਆਂ ਵਤਨ ਪਿਆਰ ਦੇ ਕਿਸੇ ਵੀ ਗੀਤ ਵਿੱਚ ਅੱਗੇ ਕਦੇ ਵੀ ਨਹੀਂ ਕਹੀਆਂ ਗਈਆਂ।

ਮੈਂ ਅੱਜ ਤੁਹਾਡੇ ਨਾਲ ਓਸ ਗੀਤ ਵਿਚਲੀਆਂ ਗੱਲਾਂ ਹੀ ਕਰ ਲੈਂਦਾ ਹਾਂ, ਉਹ ਗੀਤ ਜਿਹੜਾ ਮੈਂ ਕਦੇ ਲਿਖ ਨਹੀਂ ਸਕਣਾਂ! ਤੁਹਾਡੇ ਵਿਚੋਂ ਕਈ ਨਸੀਬਾਂ ਵਾਲੇ ਨੇ, ਤੇ ਓਥੇ ਰਹਿੰਦੇ ਨੇ, ਜਿਹੜਾ ਮੇਰਾ ਵਤਨ ਏ, ਪਰ ਜਿਥੇ ਮੈਂ ਜਾ ਨਹੀਂ ਸਕਦਾ। ਜਿਵੇਂ ਮੈਂ ਅੱਗੇ ਦਸ ਚੁਕਿਆਂ ਹਾਂ, ਮੇਰਾ ਵਤਨ ਮਨੁੱਖ ਦੀ ਇਸ ਧਰਤੀ ਦਾ ਇਕ ਆਮ ਜਿਹਾ ਟੁੱਕੜਾ ਸੀ। ਹੁਨਾਲੇ ਵਿੱਚ ਓਥੇ ਅਤਿ ਦੀ ਗਰਮੀ ਤੇ ਸਿਆਲੇ ਵਿਚ ਓਥੇ ਅਤਿ ਦੀ ਸਰਦੀ ਪੈਂਦੀ ਸੀ। ਫੁੱਲਾਂ ਨੂੰ ਖਿੜਣ, ਟਹਿਕਣ ਲਈ ਬੜਾ ਈ ਥੋੜ੍ਹਾ ਮੌਕਾ ਮਿਲਦਾ ਸੀ। ਗੁਲਾਬਾਸ਼ੀ ਤੇ ਗੈਂਦੇ ਦੇ ਫੁੱਲ ਹੀ ਮੈਨੂੰ ਆਪਣੇ ਬਚਪਨ ਵਿਚੋਂ ਚੇਤੇ ਨੇ, ਤੇ ਹਾਂ ਪੋਸਤ ਦੇ ਜੰਗਲੀ ਫੁੱਲ। ਰੁੱਖ ਆਮ ਤੌਰ ਉਤੇ ਉਥੇ ਟਾਹਲੀਆਂ ਦੇ ਹੀ ਸਨ। ਇਥੋਂ ਤਕ ਕਿ ਨਿੱਕੇ ਹੁੰਦਿਆਂ ਮੇਰੇ ਲਈ ਟਾਹਲੀ ਲਫ਼ਜ਼ ਰੁੱਖ ਦੇ ਹੀ ਮਾਅਨੇ ਰੱਖਦਾ ਸੀ। ਮੈਂ ਜਦੋਂ ਪਹਿਲੀ ਵਾਰ ਬੇਰੀ ਦੇਖੀ ਸੀ, ਤਾਂ ਮੈਂ ਉਹਨੂੰ ਬੇਰਾਂ ਦੀ ਟਾਹਲੀ ਆਖਿਆ ਸੀ, ਤੇ ਇਸੇ ਤਰ੍ਹਾਂ ਮੇਰੇ ਲਈ ਹੋਰ ਕੁਝ ਟਾਹਲੀਆਂ ਸਨ, ਕਿੱਕਰਾਂ ਦੀਆਂ ਤੇ ਜਾਮਨੂੰਆਂ ਦੀਆਂ।

ਇਕ ਜਾਮਨੂੰ ਸਾਡੇ ਘਰ ਦੇ ਪਛਵਾੜੇ ਹੁੰਦਾ ਸੀ। ਉਹਨੂੰ ਉਸ ਤਰ੍ਹਾਂ ਦੇ ਮੋਟੇ ਮੋਟੇ ਤੇ ਰਸੀਲੇ ਜਾਮਨੂੰ ਨਹੀਂ ਸਨ ਲਗਦੇ ਜਿਹੋ ਜਿਹੇ ਬਾਜ਼ਾਰਾਂ ਵਿਚ ਲੂਣ ਲੱਗੇ ਵਿਕਦੇ ਨੇ, ਉਹਦੇ ਜਾਮਨੂੰ ਨਿੱਕੇ ਨਿੱਕੇ ਤੇ ਗਲ-ਘੋਟੂ ਸਨ। ਪਰ ਉਹ ਆਪਣਾ ਜਾਮਨੂੰ ਮੈਨੂੰ ਕਿੰਨਾ ਚੰਗਾ ਲੱਗਦਾ ਸੀ।

ਇਕ ਰਾਤ ਮੈਨੂੰ ਨੀਂਦਰ ਨਹੀਂ ਸੀ ਆ ਰਹੀ। ਮੇਰੀ ਅੰਮੀਂ ਪੋਲੇ ਪੋਲੇ ਹੱਥਾਂ ਨਾਲ ਮੇਰੀ ਪਿੱਠ ਉਤਲੀ ਪਿੱਤ ਮਲ ਰਹੀ ਸੀ ਤੇ ਨਾਲੇ ਚੰਨ ਉਤੇ ਰਹਿੰਦੀ ਚੰਨ ਤੋਂ ਵੀ ਸੋਹਣੀ ਕਿਸੇ ਪਰੀ ਦੀ ਬਾਤ ਪਾ ਰਹੀ ਸੀ। ਮੇਰੀ ਅੰਮੀਂ ਨੇ ਚਾਹਿਆ ਕਿ ਮੈਂ ਉਸ ਚੰਨ-ਪਰੀ ਨਾਲ ਵਿਆਹ ਕਰ ਕੇ ਓਥੇ ਜਾ ਰਹਾਂ, ਆਪਣੀ ਅੰਮੀਂ ਨੂੰ ਵੀ ਓਥੇ ਨਾਲ ਲੈ ਜਾਵਾਂ।

ਮੈਂ ਪੁਛਿਆ, ਅੰਮੀਂ, ਚੰਨ ਉਤੇ ਜਾਮਨੂਆਂ ਦੀ ਟਾਹਲੀ ਹੁੰਦੀ ਏ ? ਅੰਮੀਂ ਨੂੰ ਇਹ ਤਾਂ ਪਤਾ ਸੀ ਕਿ ਓਥੇ ਚਾਂਦੀ ਤੇ ਹੀਰਿਆਂ ਦੇ ਪਰਬਤ, ਦੂਧ ਤੇ ਮਾਖਿਓਂ ਦੀਆਂ ਨਦੀਆਂ, ਪਰੀਆਂ ਤੇ ਬੁੱਢੀ ਮਾਈ ਦਾ ਚਰਖਾ ਹੁੰਦਾ ਏ, ਪਰ ਜਾਮਨੂੰਆਂ ਦਾ ਜ਼ਿਕਰ ਉਹਨੇ ਕਿਸੇ ਵੀ ਬਾਤ ਵਿਚ ਨਹੀਂ ਸੀ ਸੁਣਿਆ, ਸੋ ਉਹਨੇ ਕਿਹਾ, 'ਨਹੀਂ।

ਮੈਂ ਉਸੇ ਵੇਲੇ ਚੰਨ ਵਲੋਂ ਮੂੰਹ ਮੋੜ ਲਿਆ- ਮੈਂ ਕੀ ਕਰਨਾ ਸੀ ਅਜਿਹੇ ਚੰਨ ਉਤੇ ਜਾ ਕੇ.....ਜਿਸ ਰਾਤ ਮੇਰੀ ਅੰਮੀਂ ਨੇ ਇਹ ਬਾਤ ਸੁਣਾਈ ਸੀ ਉਹ ਬੜੀ ਗਰਮ ਰਾਤ ਸੀ, ਪਰ ਮੇਰੇ ਵਤਨ ਵਿੱਚ ਕਦੇ ਕਦੇ ਓਦੂੰ ਵੀ ਗਰਮ ਰਾਤਾਂ ਆਉਂਦੀਆਂ ਹੁੰਦੀਆਂ ਸਨ। ਇੱਕ ਵਾਰੀ ਰਾਤ ਵੇਲੇ ਵੀ ਓਥੇ ਏਨੀ ਗਰਮ ਲੂ ਚੱਲੀ ਸੀ ਕਿ ਮੇਰੀ ਅੰਮੀਂ ਮੈਨੂੰ ਅੰਦਰ ਲੈ ਗਈ ਤੇ ਉਹਨੇ ਬੂਹੇ ਬਾਰੀਆਂ ਬੰਦ ਕਰ ਦਿਤੇ ਸਨ। ਬਾਰੀ ਦੇ ਸ਼ੀਸ਼ੇ ਵਿਚੋਂ ਮੈਂ ਆਪਣੀ ਲਾਖੀ ਵੱਛੀ ਤੇ ਉਹਦੀ ਮਾਂ ਨੂੰ ਬਾਹਰ ਝੁਲਸਦਿਆਂ ਵੇਖ ਰਿਹਾ ਸਾਂ, ਉਨ੍ਹਾਂ ਦੀ ਜੀਭ ਪਲੇ ਪਲੇ ਬਾਹਰ ਹੌਂਕਦੀ, ਤੇ ਮੈਂ ਅੰਦਰ ਬੈਠਾ ਤ੍ਰੇਹ ਨਾਲ ਤਰਲੋ-ਮੱਛੀ ਹੋ ਰਿਹਾ ਸਾਂ; ਪਰ ਘੜਿਆਂ ਵਿੱਚ, ਪਤੀਲਿਆਂ ਵਿੱਚ ਜਿਥੇ ਵੀ ਪਾਣੀ ਸੀ ਉਹ ਤੱਤਾ ਤੇਲ ਤੇ ਬਾਹਰ ਨਲਕੇ ਤਕ ਜਾਣ ਦਾ ਹੀਆ ਕਿਸੇ ਨੂੰ ਨਹੀਂ ਸੀ ਪੈਂਦਾ।

ਤੇ ਇੱਕ ਵਾਰ ਓਥੇ ਏਨੀ ਮਕੜੀ ਆਈ ਸੀ ਕਿ ਸਭ ਟਾਹਲੀਆਂ, ਬੇਰੀਆਂ ਤੇ ਜਾਮਨਾਂ ਰੁੰਡ ਮੁੰਡ ਕਰ ਗਈ ਸੀ, ਰੇਲ ਗੱਡੀ ਕਿੰਨੇ ਦਿਨ ਨਹੀਂ ਸੀ ਚੱਲੀ। ਰੇਲ ਦੀ ਪਟੜੀ ਮਕੜੀਆਂ ਥੱਲੇ ਗੁਆਚ ਗਈ ਸੀ, ਤੇ ਜਦੋਂ ਉਤੇ ਇੰਜਨ ਰਤਾ ਕੁ ਵੀ ਚਲਦਾ ਤਾਂ ਫਿਸੀਆਂ ਮਕੜੀਆਂ ਦੀ ਮਿਝ ਨਾਲ ਪਟੜੀ ਲਥ-ਪਥ ਹੋ ਜਾਂਦੀ ਸੀ ਤੇ ਇੰਜਨ ਫਫ ਫਫ ਕਰ ਕੇ ਰੁਕ ਜਾਂਦਾ ਸੀ।

ਸਾਡਾ ਪਿੰਡ ਦਰਿਆ ਦੇ ਕੰਢੇ ਉਤੇ ਸੀ। ਸਾਡਾ ਇਹ ਦਰਿਆ ਬੜਾ ਹੀ ਚੌੜਾ ਸੀ। ਵਿਚਕਾਰ ਇੱਕ ਬਰੇਤੀ ਸੀ, ਸਿਆਲੇ ਵਿੱਚ ਇਹ ਬਰੇਤੀ ਵੱਡੀ ਹੋ ਜਾਂਦੀ, ਤੇ ਹੁਨਾਲੇ ਵਿੱਚ ਟਿਮਕਣੀ ਜਿਹੀ।

ਮੀਹਾਂ ਪਿਛੋਂ ਇਸ ਦਰਿਆ ਦੇ ਕੰਢੇ ਅਣਗਿਣਤ ਖੁੰਭਾਂ ਉਗਦੀਆਂ ਤੇ ਮੈਂ ਦੱਭ ਘਾਹ ਦੀਆਂ ਤਿੜਾਂ ਵਿੱਚ ਖੁੰਭਾਂ ਦੇ ਹਾਰ ਪਰੋ ਲੈਂਦਾ। ਓਦੋਂ ਮੇਰੀ ਅੰਮੀਂ ਉਨ੍ਹਾਂ ਖੁੰਭਾਂ ਦਾ ਜਿਹੋ ਜਿਹਾ ਸਲੂਣਾ ਬਣਾਂਦੀ ਸੀ, ਉਹੋ ਜਿਹਾ ਸੁਆਦੀ ਪਕਵਾਨ ਮੈਂ ਸਾਰੀ ਉਮਰ ਕਿਤੇ ਨਹੀਂ ਖਾਧਾ।

ਤੇ ਉਥੇ ਸਾਡੇ ਦਰਿਆ ਦੇ ਕੰਢੇ ਬੜੇ ਵੱਡੇ ਵੱਡੇ ਹਦਵਾਣੇ ਹੁੰਦੇ ਸਨ। ਦਸ ਦਸ ਪੰਦਰਾਂ ਸੇਰਾਂ ਦਾ ਇੱਕ ਹਦਵਾਣਾ। ਅਸੀਂ ਪੱਥਰਾਂ ਦਾ ਆਸਰਾ ਦੇ ਕੇ ਹਦਵਾਣੇ ਦਰਿਆ ਵਿੱਚ ਟਿਕਾ ਛੱਡਦੇ ਤੇ ਫੇਰ ਜਦੋਂ ਇਹ ਠੰਡੇ ਠਾਰ ਹੋ ਜਾਂਦੇ ਤਾਂ ਰੱਜ ਰੱਜ ਕੇ ਖਾਂਦੇ। ਓਨੇ ਠੰਡੇ, ਓਨੇ ਮਿੱਠੇ ਹਦਵਾਣੇ ਮੈਂ ਏਧਰ ਕਦੇ ਨਹੀਂ ਖਾਧੇ।

ਮੇਰਾ ਸਕੂਲ ਦਰਿਆਓਂ ਪਾਰ ਤਿੰਨਾਂ ਕੋਹਾਂ ਦੀ ਵਾਟ ਉਤੇ ਸੀ। ਸਕੂਲ ਜਾਣ ਲਈ ਰੋਜ਼ ਪਹਿਲਾਂ ਮੈਨੂੰ ਬੇੜੀ ਰਾਹੀਂ ਦਰਿਆ ਪਾਰ ਕਰਨਾ ਪੈਂਦਾ। ਮੈਂ ਆਪਣਾ ਸਾਈਕਲ ਵੀ ਬੇੜੀ ਵਿੱਚ ਰੱਖ ਲੈਂਦਾ। ਸਕੂਲ ਦਾ ਚੌਥਾ ਹਿੱਸਾ ਰਾਹ ਦਰਿਆ ਨਾਲ ਰੁੜ੍ਹ ਕੇ ਆਈ ਬਜਰੀ ਵਾਲਾ ਸੀ। ਮੇਰਾ ਸਾਈਕਲ ਬਜਰੀ ਵਿੱਚ ਧਸ ਧਸ ਜਾਂਦਾ ਤੇ ਬੜਾ ਹੀ ਜ਼ੋਰ ਲਗਦਾ, ਤੇ ਫੇਰ ਜਦੋਂ ਪੱਕੀ ਸੜਕ ਉਤੇ ਪੈਂਦਾ ਤਾਂ ਕਿਤੇ ਮੈਨੂੰ ਸੁਖ ਦਾ ਸਾਹ ਆਉਂਦਾ।

ਸਿਆਲੇ ਵਿੱਚ ਸਕੂਲ ਜਾਣ ਲਈ ਬੜੀ ਹੀ ਸਵੇਰੇ ਮੈਨੂੰ ਉਠਣਾ ਪੈਂਦਾ। ਮੈਂ ਤੁਹਾਨੂੰ ਦਸ ਹੀ ਚੁਕਿਆ ਹਾਂ ਓਥੇ ਤੰਤਾਂ ਦਾ ਪਾਲਾ ਪੈਂਦਾ ਸੀ। ਸਵੇਰੇ ਪਹਿਲੋਂ ਅੰਮੀਂ ਮੇਰੇ ਬੂਟਾਂ ਨੂੰ ਅੰਗੀਠੀ ਉਤੇ ਸੇਕਦੀ, ਫੇਰ ਮੇਰੀਆਂ ਜੁਰਾਬਾਂ ਤੇ ਫੇਰ ਮੇਰੇ ਪੈਰ- ਤੇ ਫੇਰ ਕਿਤੇ ਮੈਂ ਬੂਟ, ਜੁਰਾਬਾਂ ਪਾਂਦਾ। ਇਸੇ ਤਰ੍ਹਾਂ ਮੇਰੇ ਹੱਥ ਤੇ ਦਸਤਾਨੇ ਵੀ ਸੇਕੇ ਜਾਂਦੇ।

ਸਿਆਲੇ ਵਿੱਚ ਜੇ ਬਾਹਰ ਰਾਤੀਂ ਦੁਧ ਰੱਖ ਦਿਓ, ਤਾਂ ਸਵੇਰੇ ਕੁਲਫ਼ੀ ਜੰਮ ਜਾਂਦੀ ਤੇ ਸਵੇਰੇ ਖਾਲਾਂ ਸਾਰੀਆਂ ਕੱਕਰ ਕੱਕਰ ਹੁੰਦੀਆਂ। ਜਦੋਂ ਮੈਂ ਬੇੜੀ ਚੜ੍ਹਦਾ ਤਾਂ ਦਰਿਆ ਧੁੰਦ ਦੇ ਥਲੇ ਲੁਕਿਆ ਹੁੰਦਾ, ਤੇ ਹਥ ਪਸਾਰਿਆਂ ਨਹੀਂ ਸੀ ਲੱਭਦਾ। ਸਕੂਲੇ ਪੁਜ ਕੇ ਬੜੀ ਦੇਰ ਮੈਂ ਦਸਤਾਨਿਆਂ ਸਣੇ ਆਪਣੇ ਹੱਥ ਸੇਕਦਾ ਰਹਿੰਦਾ, ਤਾਂ ਜਾ ਕੇ ਕਿਤੇ ਮੇਰੀਆਂ ਉਂਗਲਾਂ ਸਿੱਧੀਆਂ ਹੁੰਦੀਆਂ ਤੇ ਮੈਂ ਕਲਮ ਫੜ ਸਕਦਾ।

ਸ਼ਾਮੀਂ ਜਦੋਂ ਮੈਂ ਘਰ ਪਰਤਦਾ ਤਾਂ ਵੀ ਦਰਿਆਂ ਧੁੰਦ ਥੱਲੇ ਲੁਕਿਆ ਹੁੰਦਾ। ਗਰਮੀਆਂ ਵਿੱਚ ਛੁੱਟੀ ਭਾਵੇਂ ਇੱਕ ਵਜੇ ਹੀ ਹੋ ਜਾਂਦੀ, ਪਰ ਏਨੀ ਤਿੱਖੜ ਦੁਪਹਿਰ ਹੁੰਦੀ ਕਿ ਉਸ ਵਿੱਚ ਤਿੰਨ ਕੋਹ ਸਾਈਕਲ ਚਲਾਣਾ ਮੌਤ ਨੂੰ ਸੱਦਾ ਦੇਣਾ ਸੀ, ਤੇ ਮੈਂ ਸਕੂਲ ਦੇ ਇਕ ਕਮਰੇ ਵਿੱਚ ਟਾਟ ਉਤੇ ਪਿਆ ਰਹਿੰਦਾ, ਤੇ ਸੂਰਜ ਢਲੇ ਹੀ ਸਕੂਲੋਂ ਪਰਤਦਾ। ਜਦੋਂ ਮੈਂ ਦਰਿਆ ਕੋਲ ਪੁਜਦਾ ਤਾਂ ਓਦੋਂ ਉਹ ਮੈਨੂੰ ਬੜਾ ਚੰਗਾ ਲੱਗਦਾ- ਪੰਘਰੀ ਵਹਿੰਦੀ ਠੰਡ। ਬੇੜੀ ਵਿੱਚ ਚੜ੍ਹਨੋਂ ਪਹਿਲਾਂ ਹੀ ਮੈਂ ਦਰਿਆ ਵਿੱਚ ਤਾਰੀਆਂ ਲਾ ਕੇ ਆਪਣਾ ਪਿੰਡਾ ਠਾਰ ਲੈਂਦਾ।

ਕਦੀ ਕਦੀ ਮੈਂ ਸੁਣਦਾ, ਪਿੰਡ ਦਾ ਕੋਈ ਬੰਦਾ ਦਰਿਆ ਵਿੱਚ ਨਹਾਣ ਗਿਆ ਤੇ ਫੇਰ ਕਦੇ ਵੀ ਨਾ ਪਰਤਿਆ। ਇੰਝ ਹੀ ਇੱਕ ਵਾਰ ਮੇਰੇ ਬੇਲੀ ਸ਼ੀਰੀਂ-ਦਿਲ ਨਾਲ ਹੋਇਆ।

ਸਾਡੇ ਦਰਿਆ ਵਿੱਚ ਮਗਰਮੱਛ ਸਨ। ਇੱਕ ਦੋ ਵਾਰੀ ਮੈਂ ਉਨ੍ਹਾਂ ਨੂੰ ਬਰੇਤੇ ਉਤੇ ਲੇਟਿਆਂ ਵੀ ਵੇਖਿਆ ਸੀ। ਦੁਨੀਆਂ ਵਿੱਚ ਬੜੀਆਂ ਡਰਾਉਣੀਆਂ ਚੀਜ਼ਾਂ ਨੇ। ਮੈਂ ਏਡਾ ਵੱਡਾ ਹੋ ਗਿਆਂ, ਪਰ ਹੁਣ ਤੱਲਕ ਮੈਨੂੰ ਮਗਰਮੱਛ ਦੀ ਮੂਰਤ ਤੋਂ ਵੀ ਡਰ ਲੱਗਦਾ ਏ। ਸਾਡੇ ਪਿੰਡ ਦੀਆਂ ਸਾਰੀਆਂ ਪੈਲੀਆਂ ਲੰਘ ਕੇ ਉੱਤਰ ਵਾਲੇ ਪਾਸੇ ਇੱਕ ਨਿੱਕੀ ਜਿਹੀ ਪਹਾੜੀ ਸੀ। ਛੁੱਟੀ ਵਾਲੇ ਦਿਨ ਕਦੀ ਕਦੀ ਅਸੀਂ ਉਹਦੇ ਪੈਰਾਂ ਵਿੱਚ ਖੇਡਦੇ ਹੁੰਦੇ ਸਾਂ। ਉਥੇ ਜੰਗਲੀ ਫੁੱਲ ਹੁੰਦੇ, ਮਲ੍ਹੇ ਹੁੰਦੇ, ਤੇ ਰੰਗ-ਬਰੰਗੇ ਵੱਟੇ। ਇੱਕ ਵਾਰੀ ਸਾਨੂੰ ਓਥੋਂ ਇੱਕ ਨਿੱਕਾ ਜਿਹਾ ਟੁਟਿਆ ਹੋਇਆ ਬੁੱਤ ਵੀ ਲੱਭਾ ਸੀ। ਮੇਰੇ ਪਿਤਾ ਜੀ ਨੇ ਦੱਸਿਆ ਕਿ ਇਹ ਹਜ਼ਾਰਾਂ ਵਰ੍ਹੇ ਪੁਰਾਣੀ ਤਹਿਜ਼ੀਬ ਦੀ ਨਿਸ਼ਾਨੀ ਸੀ। ਫੇਰ ਜਦੋਂ ਮੈਂ ਜਵਾਨ ਹੋ ਗਿਆ, ਮੇਰੀ ਪਹਿਲੀ ਨੌਕਰੀ ਓਸੇ ਸਕੂਲ ਵਿੱਚ ਲਗ ਗਈ ਜਿਥੇ ਮੈਂ ਪੜ੍ਹਿਆ ਸਾਂ। ਰੋਜ਼ ਪਹਿਲੀਆਂ ਵਾਂਗ ਹੀ ਦਰਿਆ ਪਾਰ ਕਰ ਕੇ ਤਿੰਨ ਕੋਹ ਸਾਈਕਲ ਚਲਾ ਕੇ ਮੈਂ ਆਪਣੀ ਨੌਕਰੀ ਉਤੇ ਪੁਜਦਾ।

ਮੈਂ ਆਪਣੀ ਪਹਿਲੀ ਤਨਖ਼ਾਹ ਵਿਚੋਂ ਬੜੇ ਚਾਅਵਾਂ ਨਾਲ ਇੱਕ ਬਿਸਤਰਾ ਬਣਾਇਆ। ਅਸਲ ਵਿੱਚ ਸਾਡੇ ਘਰ ਵਿੱਚ ਓਥੇ ਆਇਆ ਗਿਆ ਬਹੁਤ ਸੀ, ਤੇ ਬਿਸਤਰੇ ਥੁੜੇ ਹੀ ਰਹਿੰਦੇ ਸਨ। ਘਰ ਵਿੱਚ ਨਿਕਿਆਂ ਹੋਣ ਕਰਕੇ ਮੇਰੇ ਹਿੱਸੇ ਵਾਧੂ ਘਾਟੂ ਬਿਸਤਰਾ ਹੀ ਆਉਂਦਾ ਸੀ, ਤੇ ਕਈ ਵਾਰੀ ਤਾਂ ਕਿਸੇ ਨਾਲ ਲੇਟਣਾ ਪੈਂਦਾ ਸੀ, ਸੋ ਮੇਰੀ ਬੜੀ ਦੇਰ ਦੀ ਸੱਧਰ ਸੀ ਕਿ ਇੱਕ ਬੜਾ ਵਧੀਆ ਬਿਸਤਰਾ ਹੋਵੇ, ਤੇ ਹੋਵੇ ਵੀ ਨਿਰੋਲ ਮੇਰਾ। ਨਾਲੇ ਸਾਡੇ ਵਤਨ ਦੇ ਦਰੀਆਂ ਤੇ ਖੇਸ ਤਾਂ ਦੂਰ ਦੂਰ ਤਕ ਮਸ਼ਹੂਰ ਸਨ।

ਜਦੋਂ ਆਪਣੇ ਘਰ, ਆਪ ਖਰੀਦੇ ਇਸ ਨਵੇਂ ਬਿਸਤਰੇ ਉਤੇ ਮੈਂ ਪਹਿਲੀ ਵਾਰ ਸੁੱਤਾ ਤਾਂ ਮੇਰੀ ਖੁਸ਼ੀ ਦਾ ਕੋਈ ਅੰਤ ਪਾਰਾਵਾਰ ਨਾ ਰਿਹਾ।

ਕਿਹੀ ਸੁਹਣੀ ਨੀਂਦਰ ਆਈ ਸੀ ਉਸ ਰਾਤ ਮੈਨੂੰ, ਤੇ ਉਸ ਰਾਤ ਹੀ ਪਹਿਲੀ ਵਾਰ ਮੈਨੂੰ ਆਪਣੀ ਮਹਿਬੂਬਾ ਸੁਫ਼ਨੇ ਵਿੱਚ ਮਿਲੀ ਸੀ ਉਹ ਤੇ ਮੈਂ ਆਪਣੀ ਪਹਾੜੀ ਦੇ ਪੈਰਾਂ ਵਿੱਚ ਜੰਗਲੀ ਪੋਸਤ ਦੇ ਫੁੱਲ ਇਕੱਠੇ ਕਰ ਰਹੇ ਸਾਂ, ਉਹ ਹਸਦੀ ਹਸਦੀ ਪਹਾੜ ਦੇ ਉਤੇ ਚੜ੍ਹਣ ਲੱਗ ਗਈ ਸੀ- ਉਹਦੇ ਗਲ ਵਿੱਚ ਖੁੰਭਾਂ ਦੇ ਹਾਰ ਸਨ, ਤੇ ਉਪਰ ਪੂਰਾ ਚੰਨ ਸੀ, ਉਹਦੇ ਮੋਢਿਆਂ ਉਤੇ ਖੰਭ ਉਗ ਆਏ ਸਨ, ਤੇ ਮੇਰਿਆਂ ਉਤੇ, ਤੇ ਅਸੀਂ ਦੋਵੇਂ ਉਡ ਰਹੇ ਸਾਂ... ਇਸ ਆਪਣੇ ਬਿਸਤਰੇ ਉਤੇ ਹਾਲੀ ਮਸਾਂ ਹਫ਼ਤਾ ਕੁ ਹੀ ਮੈਂ ਸੁੱਤਾ ਹੋਵਾਂਗਾ ਕਿ ਮੈਨੂੰ ਤੇ ਮੇਰੇ ਨਾਲ ਲੱਖਾਂ ਹੀ ਲੋਕਾਂ ਨੂੰ ਆਪਣਾ ਵਤਨ ਛੱਡ ਕੇ ਏਧਰ ਆਉਣਾ ਪਿਆ। ਤੇ ਇਸੇ ਤਰ੍ਹਾਂ ਲੱਖਾਂ ਨੂੰ ਹੀ ਏਧਰੋਂ ਆਪਣਾ ਵਤਨ ਛੱਡ ਕੇ ਉਧਰ ਜਾਣਾ ਪਿਆ।

ਬੜੇ ਹੀ ਭਿਆਣਕ ਦਿਨ ਸਨ ਉਹ-ਜਿਵੇਂ ਦਰਿਆ ਤੋਂ ਬਾਹਰ ਵੀ ਥਾਂ ਥਾਂ ਮਗਰਮੱਛ ਹੋਣ। ਉਹ ਇੱਕ ਬਿਸਤਰਾ ਤੇ ਆਪਣੇ ਤਨ ਦੁਆਲੇ ਦੇ ਤਿੰਨ ਕਪੜੇ ਲੈ ਕੇ ਮੈਨੂੰ ਆਪਣਾ ਵਤਨ ਛੱਡਣਾ ਪਿਆ। ਮੈਂ ਇਕੱਲਾ ਕਾਰਾ ਹੀ ਕਿਸੇ ਹਾਲ ਏਧਰ ਪੁਜਾ।

ਪਹਿਲਾਂ ਤਾਂ ਕੁਝ ਦਿਨ ਕਾਫ਼ਲਿਆਂ ਵਿੱਚ, ਕੈਂਪਾਂ ਵਿਚ, ਟਰੱਕਾਂ ਵਿੱਚ, ਗੱਡੀਆਂ ਵਿੱਚ ਅਜਿਹੇ ਹਾਲ ਲੰਘੇ ਕਿ ਬਿਸਤਰਾ ਲਾਣ ਦੀ ਥਾਂ ਹੀ ਕੋਈ ਨਹੀਂ ਸੀ। ਫੇਰ ਰਾਤ ਨੂੰ ਕਦੇ ਕਦੇ ਥਾਂ ਮਿਲਣ ਲੱਗ ਪਈ, ਪਰ ਮੈਂ ਆਪਣੇ ਬੱਝੇ ਬਿਸਤਰੇ ਨਾਲ ਢਾਸਣਾ ਲਾ ਕੇ ਹੀ ਲੇਟ ਜਾਂਦਾ। ਕੁਝ ਚਿਰ ਪਿੱਛੋਂ ਮੈਨੂੰ ਇੱਕ ਪ੍ਰਾਈਵੇਟ ਸਕੂਲ ਵਿੱਚ ਕੰਮ ਮਿਲ ਗਿਆ। ਇੱਕ ਕਮਰਾ ਤੇ ਇੱਕ ਮੰਜਾ ਵੀ ਇੱਕ ਮਿਹਰਬਾਨ ਨੇ ਲੱਭ ਦਿੱਤਾ- ਪਰ ਉਸ ਕਮਰੇ ਵਿੱਚ ਵੀ ਆਪਣਾ ਬਿਸਤਰਾ ਖੋਲ੍ਹਣ ਉਤੇ ਮੇਰਾ ਜੀਅ ਨਾ ਕੀਤਾ। ਇਥੇ ਪ੍ਰਦੇਸ ਵਿੱਚ ਇਹ ਬਿਸਤਰਾ ਭਲਾ ਕਿਓਂ ਖੋਲ੍ਹਾਂ। ਇਥੇ ਅਲਾਣੀ ਮੰਜੀ ਉਤੇ ਹੀ ਝਟ ਟਪਾ ਲਵਾਂਗਾ। ਨਾਲੇ ਹਾਲੀ ਸਿਆਲਾ ਵੀ ਤਾਂ ਨਹੀਂ ਸੀ ਆਇਆ, (ਇਥੋਂ ਦਾ ਸਿਆਲਾ ਵੀ ਤਾਂ ਬੜਾ ਨੀਮ ਜਿਹਾ ਹੁੰਦਾ ਏ!) ਮਹੀਨਾ ਨਹੀਂ, ਤਾਂ ਦੋ ਮਹੀਨੇ, ਹਦ ਚਾਰ ਮਹੀਨੇ, ਤੇ ਹਾਲਤ ਸੁਧਰ ਜਾਏਗੀ, ਸਭ ਆਪੋ ਆਪਣੇ ਘਰੀਂ ਪਰਤ ਪੈਣਗੇ। ਪਹਿਲੇ ਦਿਨ ਮੁੜ ਆਣਗੇ ਤੇ ਇਹ ਬਿਸਤਰਾ ਆਪਣੇ ਵਤਨ ਹੀ ਜਾ ਕੇ ਲਾਵਾਂਗਾ, ਗੁਲਾਬਾਸ਼ੀਆਂ ਤੇ ਗੈਂਦੇ ਵਾਲੇ ਆਪਣੇ ਘਰ ਜਿਹੜਾ ਉਸ ਵੱਡੇ ਸਾਰੇ ਦਰਿਆ ਦੇ ਕੰਢੇ ਸੀ (ਇਥੋਂ ਦੇ ਦਰਿਆ ਵੀ ਤੇ ਨਾਲੇ ਜਿਹੇ ਸਨ!) ਜਿਸਨੂੰ ਸਿਆਲੇ ਵਿੱਚ ਧੁੰਦ ਲੁਕੋ ਲੈਂਦੀ ਸੀ, ਤੇ ਮੀਂਹਾਂ ਪਿਛੋਂ ਜਿਦ੍ਹੇ ਕੰਢੇ ਖੁੰਭਾਂ ਹੀ ਖੁੰਭਾਂ ਨਿਕਲ ਆਉਂਦੀਆਂ ਸਨ, ਤੇ ਜਿਥੇ ਹਦਵਾਣੇ ਏਨੇ ਠੰਢੇ, ਏਨੇ ਮਿੱਠੇ ਤੇ ਏਨੇ ਲਾਲ ਹੁੰਦੇ ਸਨ, ਤੇ ਜਿਥੇ ਉਹ ਪਹਾੜੀ ਸੀ ਜਿਸ ਦੇ ਪੈਰਾਂ ਵਿਚੋਂ ਲੱਭਿਆ ਹਜ਼ਾਰਾਂ ਵਰ੍ਹਿਆਂ ਦਾ ਪੁਰਾਣਾ ਬੁੱਤ ਓਥੇ ਮੇਰੀ ਬੈਠਕ ਦੀ ਅੰਗੀਠੀ ਉਤੇ ਪਿਆ ਸੀ..ਤੇ ਮੇਰੀ ਮਹਿਬੂਬਾ... ਪਰ ਮਹੀਨਾ, ਦੋ ਮਹੀਨੇ, ਚਾਰ ਮਹੀਨੇ ਤੇ ਫੇਰ ਹੁਣ ਕੋਈ ਤ੍ਰੇਈ ਵਰ੍ਹੇ ਹੋਣ ਲੱਗੇ ਨੇ- ਮੈਨੂੰ ਏਧਰ ਹੀ ਰਹਿਣਾ ਪੈ ਰਿਹਾ ਏ। ਹੁਣ ਇਥੇ ਮੇਰਾ ਪਰਿਵਾਰ ਏ, ਇਕ ਦਰਮਿਆਨਾ ਜਿਹਾ ਆਪਣਾ ਮਕਾਨ ਏ, ਇਥੇ ਵੀ ਆਇਆ ਗਿਆ ਰਹਿਣ ਲਗ ਪਿਆ ਏ। ਪਰ ਜੇ ਕਦੇ ਬਿਸਤਰੇ ਘਟ ਵੀ ਜਾਣ ਤਾਂ ਵੀ ਆਪਣੇ ਵਤਨ ਤੋਂ ਲਿਆਂਦਾ ਉਹ ਬਿਸਤਰਾ, ਆਪਣੀ ਪਹਿਲੀ ਤਨਖ਼ਾਹ ਦੀ ਖ਼ਰੀਦ, ਖੋਲ੍ਹਣ ਉਤੇ ਮੇਰਾ ਜੀਅ ਨਹੀਂ ਕਰਦਾ। ਉਹ ਤੇ ਮੈਂ ਸੋਚਿਆ ਸੀ ਕਿ ਆਪਣੇ ਵਤਨ ਜਾ ਕੇ ਹੀ ਖੋਲ੍ਹਾਂਗਾ- ਤੁਸੀਂ ਫਿਰ ਟੋਕੋਗੇ ਕਿ ਉਹ ਮੇਰਾ ਵਤਨ ਕਿਵੇਂ ਹੋਇਆ ਜਿਥੇ ਮੈਂ ਜਾ ਹੀ ਨਹੀਂ ਸਕਦਾ! - ਤੇ ਉਹ ਬਿਸਤਰਾ ਉਵੇਂ ਦਾ ਉਵੇਂ ਬੰਦ ਪਿਆ ਏ...

---

**ਮਿੰਨੀ ਕਹਾਣੀ**

## ਗ਼ਰੀਬ ਕੌਣ !

**ਡਾ. ਇਕਬਾਲ ਸਿੰਘ ਸਕਰੌਦੀ**



ਨੂੰਹ ਅਤੇ ਪੁੱਤ ਵੱਲੋਂ ਕੀਤੇ ਜਾਂਦੇ ਨਿੱਤ ਦੇ ਕਲੇਸ਼ ਤੋਂ ਸਤ ਕੇ ਸ਼ਾਂਤੀ ਦੇਵੀ ਸ਼ਹਿਰ ਵਿੱਚ ਰਹਿੰਦੇ ਆਪਣੀ ਧੀ ਰਾਧਾ ਰਾਣੀ ਅਤੇ ਜੁਆਈ ਹੇਮ ਰਾਜ ਕੋਲ ਚਲੀ ਗਈ। ਜੁਆਈ ਨੇ ਆਪਣੀ ਛੋਟੀ ਜਿਹੀ ਦੁਕਾਨ ਵਿੱਚੋਂ ਸਰਫ਼ੇ ਕਰ ਕਰ ਕੇ ਅਤੇ ਬੈਂਕ ਤੋਂ ਕਰਜ਼ਾ ਚੁੱਕ ਕੇ ਇੱਕ ਭੀੜੀ ਜਿਹੀ ਗਲੀ ਵਿੱਚ ਇੱਕ ਨਿੱਕਾ ਜਿਹਾ ਮਕਾਨ ਖ਼ਰੀਦ ਲਿਆ ਸੀ।

ਘਰ ਦੇ ਚਾਰੇ ਪਾਸੇ ਪੁਰਾਣੀਆਂ ਬਣੀਆਂ ਉੱਚੀਆਂ ਹਵੇਲੀਆਂ ਕਾਰਨ ਉਸ ਦੇ ਘਰ ਵਿੱਚ ਗਰਮੀਆਂ ਵਿੱਚ ਵੀ ਧੁੱਪ ਘੱਟ ਹੀ ਆਉਂਦੀ ਸੀ। ਸਿਆਲਾਂ ਵਿੱਚ ਤਾਂ ਘਰ ਵਿੱਚ ਧੁੱਪ ਦਾ ਆਉਣਾ ਸੰਭਵ ਹੀ ਨਹੀਂ ਸੀ। ਉਸ ਨੇ ਆਪਣੀ ਸੱਸ ਨੂੰ ਠੰਡ ਤੋਂ ਬਚਾਉਣ ਲਈ ਘਰ ਵਿੱਚ ਇੱਕ ਛੋਟਾ ਜਿਹਾ ਹੀਟਰ ਲੈ ਆਂਦਾ ਸੀ।

ਅੱਠ ਮਹੀਨਿਆਂ ਤੋਂ ਧੀ ਜੁਆਈ ਦੇ ਘਰ ਰਹਿੰਦੀ ਸ਼ਾਂਤੀ ਦੇਵੀ ਦੇ ਐੱਸ.ਡੀ.ਓ. ਲੱਗੇ ਨਿੱਕੇ ਪੁੱਤਰ ਗਿਰਧਾਰੀ ਲਾਲ ਨੇ ਆਪਣੇ ਜੀਜੇ ਨੂੰ ਫੋਨ ਕੀਤਾ ਤੇ ਪੁੱਛਿਆ, "ਜੀਜਾ ਜੀ, ਵੱਡੇ ਬਜ਼ੁਰਗਾਂ ਨੂੰ ਸਿਆਲ਼ ਵਿੱਚ ਧੁੱਪ ਦੀ ਬੜੀ ਲੋੜ ਹੁੰਦੀ ਹੈ। ਮੰਮੀ ਲਈ ਧੁੱਪ ਦਾ ਕੀ ਪ੍ਰਬੰਧ ਕੀਤਾ ਹੈ ?" ਅਫ਼ਸਰ ਲੱਗੇ ਸਾਲ਼ੇ ਦੀ ਗੱਲ ਸੁਣ ਕੇ ਹੇਮ ਰਾਜ ਬੋਲਿਆ, "ਐੱਸ.ਡੀ.ਓ. ਸਾਹਿਬ, ਧੁੱਪ ਤੋਂ ਪਹਿਲਾਂ ਬਜ਼ੁਰਗਾਂ ਨੂੰ ਤਿੰਨ ਵਕਤ ਦੀ ਰੋਟੀ, ਲੋੜ ਅਨੁਸਾਰ ਦਵਾਈ ਅਤੇ ਪਿਆਰ ਦੇ ਦੋ ਬੋਲਾਂ ਦੀ ਲੋੜ ਹੁੰਦੀ ਹੈ। ਮੰਮੀ ਨੂੰ ਮੇਰੇ ਜਿਹੇ ਗ਼ਰੀਬ ਦੇ ਘਰ ਇਹ ਸਭ ਚੀਜ਼ਾਂ ਮਿਲ ਰਹੀਆਂ ਹਨ। ਇਸ ਲਈ ਉਹ ਬਿਨਾਂ ਧੁੱਪ ਤੋਂ ਹੀ ਖ਼ੁਸ਼ ਰਹਿੰਦੇ ਹਨ।"ਆਪਣੇ ਜੀਜੇ ਦੀਆਂ ਕੌੜੀਆਂ ਕਰਾਰੀਆਂ ਗੱਲਾਂ ਸੁਣ ਕੇ ਗਿਰਧਾਰੀ ਲਾਲ ਸੋਚਣ ਲੱਗ ਪਿਆ ਕਿ ਅਸਲ ਵਿੱਚ ਗ਼ਰੀਬ ਕੌਣ ਹੈ ?

## ਸਰਹੰਦ ਦੀਏ ਦੀਵਾਰੇ ਨੀ

ਇੰਦਰਜੀਤ ਹਸਨਪੁਰੀ



ਤੂੰ ਖ਼ੂਨ ਮਸੂਮਾਂ ਦਾ ਪੀਤਾ ।
ਨਾ ਤਰਸ ਜ਼ਰਾ ਵੀ ਤੂੰ ਕੀਤਾ ।
ਤੂੰ ਇਹ ਕੀ ਕੀਤੇ ਕਾਰੇ ਨੇ ।
ਸਰਹੰਦ ਦੀਏ ਦੀਵਾਰੇ ਨੀ ।

ਇਹ ਮਾਂ ਕਿਸੇ ਦੇ ਜਾਏ ਸੀ ।
ਕਿਸੇ ਪਿਉ ਨੇ ਲਾਡ ਲਡਾਏ ਸੀ ।
ਸੀ ਅੱਖ ਕਿਸੇ ਦੇ ਤਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਤੈਨੂੰ ਲੋਕੀ ਸਾਰੇ ਕਹਿਣ ਨੀ ।
ਤੂੰ ਖਾ ਗਈ ਬਣ ਕੇ ਡੈਣ ਨੀ ।
ਦਸਮੇਸ਼ ਦੇ ਰਾਜ ਦੁਲਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਤੂੰ ਡਾਢੇ ਕੀਤੇ ਲੋਹੜੇ ਨੀ ।
ਮਾਤਾ ਤੋਂ ਲਾਲ ਵਿਛੋੜੇ ਨੀ ।
ਤੈਨੂੰ ਲਾਹਨਤ ਪਾਂਦੇ ਸਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਤੇਰੇ ਮਾੜੇ ਹੈਸਨ ਭਾਗ ਨੀ ।
ਤੂੰ ਲਾਇਆ ਮੱਥੇ 'ਤੇ ਦਾਗ ਨੀ ।
ਜਿਸਨੂੰ ਨਾ ਕੋਈ ਉਤਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਤੂੰ ਜ਼ੋਰ ਬਥੇਰਾ ਲਾਇਆ ਨੀ ।
ਇਨ੍ਹਾਂ ਨੂੰ ਬਹੁਤ ਡਰਾਇਆ ਨੀ ।
ਪਰ ਇਹ ਨਾ ਬਾਜ਼ੀ ਹਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

ਜਿਹਨੂੰ ਸ਼ੀਂਹ ਨਾ ਬੇਲਿਉਂ ਬੁਕਦਾ ਏ ।
ਜਿਹਨੂੰ 'ਹਸਨਪੁਰੀ' ਜੱਗ ਝੁਕਦਾ ਏ ।
ਉਹ ਲਾਲ ਤੈਂ ਮਨੋਂ ਵਿਸਾਰੇ ਨੀ ।
ਸਰਹੰਦ ਦੀਏ ਦੀਵਾਰੇ ਨੀ ।

## ਸੰਗਤੇ ਨੀ ਮੇਰਾ ਨਾਂ ਗੁਜਰੀ

ਚਰਨ ਸਿੰਘ ਸਫ਼ਰੀ

ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ,
ਮੈਂ ਗੁਜਰ ਗੁਜਰ ਕੇ ਗੁਜਰੀ ਹਾਂ, ਕਈ ਵਾਰੀਂ ਕਈ ਕਈ ਥਾਂ ਗੁਜਰੀ,
ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ..

ਮੇਰਾ ਨੌਂ ਸਾਲ ਦਾ ਪੁੱਤਰ ਸੀ, ਜਦ ਪਤੀ ਧਰਮ ਲਈ ਲੜਨ ਗਿਆ,
ਉਹ ਦਿੱਲੀ ਸ਼ਹਿਰ ਦੀਆਂ ਰਾਹਾਂ ਸੀ,ਹਿੰਦ ਧਰਮ ਦੀ ਰੱਖਿਆ ਕਰਨ ਗਿਆ,
ਜਦ ਤੱਕਿਆ ਸੀਸ ਸੀ ਅੱਖੀਆਂ ਨੇ, ਪਹਿਲੀ ਵਾਰ ਮੈਂ ਉਸੇ ਥਾਂ ਗੁਜਰੀ,
ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ..

ਮੇਰੇ ਵੱਡੇ ਪੋਤਿਆਂ ਚਮਕੌਰ ਦੀ ਜੰਗ ਵਿੱਚ, ਲੜਦਿਆਂ ਸ਼ਹੀਦੀਆਂ ਪਾ ਦਿੱਤੀਆਂ,
ਉਹ ਪਿਆਸੇ ਲੜਦੇ ਸ਼ਹੀਦ ਹੋਏ, ਦੋ ਬੂੰਦਾਂ ਪਾਣੀ ਦੀਆਂ ਨਾਂ ਦਿੱਤੀਆਂ,
ਜੋ ਕਦੇ ਨਾ ਮੁੜ ਕੇ ਆਉਣੀ ਸੀ, ਮੇਰੇ ਘਰ 'ਚੋਂ ਐਸੀ ਛਾਂ ਗੁਜਰੀ,
ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ..

ਮੈਂ ਠੰਡੇ ਬੁਰਜ ਵਿੱਚ ਪੋਤਿਆ ਨੂੰ, ਸਾਰੀ ਰਾਤ ਸਮਝਾਉਦੀ ਰਹੀ
ਕਦੇ ਜ਼ੁਲਮ ਅੱਗੇ ਨਾ ਝੁਕ ਜਾਇਉ, ਮੈਂ ਏਹੋ ਸਬਕ ਸਿਖਾਉਂਦੀ ਰਹੀ,
ਜਦ ਪੋਤੇ ਮੇਰੇ ਸ਼ਹੀਦ ਕੀਤੇ, ਫਿਰ ਆਪਣੇ ਆਪ ਮੈਂ ਤਾਂ ਗੁਜਰੀ,
ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ..

## ਮਾਤਾ ਗੁਜਰੀ ਜੀ



ਨੰਦ ਲਾਲ ਨੂਰਪੁਰੀ

ਅਧੀ ਰਾਤੀਂ ਮਾਂ ਗੁਜਰੀ ਬੈਠੀ ਘੋੜੀਆਂ ਚੰਦਾਂ ਦੀਆਂ ਗਾਵੇ ।
ਅੱਖੀਆਂ ਦੇ ਤਾਰਿਆਂ ਦਾ, ਮੈਨੂੰ ਚਾਨਣਾ ਨਜ਼ਰ ਨਾ ਆਵੇ ।

ਨੀ ਕੱਲ੍ਹ ਜਦੋਂ ਸੌਣ ਲਗੀ ਮੇਰੇ ਕੋਲ ਹੀਰਿਆਂ ਦੀ ਜੋੜੀ
ਪਿੰਡਿਆਂ ਤੇ ਹੱਥ ਫੇਰ ਕੇ, ਮੈਂ ਆਖਿਆ ਵੰਡੂੰਗੀ ਲੋੜ੍ਹੀ
ਢਿਡ ਦਾ ਸੇਕ ਬੁਰਾ ਨੀ ਮੈਥੋਂ ਸੇਕ ਝਲਿਆ ਨਾ ਜਾਵੇ
ਅਧੀ ਰਾਤੀਂ ਮਾਂ ਗੁਜਰੀ

ਸੁਫ਼ਨਾ ਸੱਚ ਹੋ ਗਇਆ, ਮੇਰੇ ਨਾਲ ਝਗੜ ਪਈ ਹੋਣੀ
ਇਟ ਉਤੇ ਇਟ ਰਖਕੇ ਤੇਰੇ ਹੀਰਿਆਂ ਦੀ ਚਮਕ ਲੁਕੋਣੀ
ਨੀ ਛਾਤੀ ਨਾਲ ਮੈਂ ਲਾ ਲਏ, ਜਾਂ ਉਹ ਉਛਲੀ ਭਰਨ ਕਲਾਵੇ
ਅਧੀ ਰਾਤੀਂ ਮਾਂ ਗੁਜਰੀ

ਇਕ ਦਿਨ ਪੁਛਦੇ ਸੀ, ਦਾਦੀ ਪਿਤਾ ਜੀ ਕੋਲ ਕਦ ਜਾਣਾ
ਐਤਕੀਂ ਤਾਂ ਰਜ ਰਜ ਕੇ, ਅਸੀਂ ਹਸ ਹਸ ਗਲ ਲਗ ਜਾਣਾ
ਇਕ ਇਕ ਬੋਲ ਚੰਦਰਾ ਨੀ ਮੇਰੇ ਧੂਹ ਕਾਲਜੇ ਨੂੰ ਪਾਵੇ
ਅਧੀ ਰਾਤੀਂ ਮਾਂ ਗੁਜਰੀ

ਕਲ੍ਹ ਮੇਰੇ ਕੋਲ ਵਸਦੇ ਅਜ ਨਜ਼ਰ ਕਿਤੇ ਨਾ ਆਂਦੇ
ਨਿਕੇ ਨਿਕੇ ਓਦਰੇ ਹੋਏ, ਕੀਹਨੂੰ ਹੋਣਗੇ ਦਰਦ ਸੁਣਾਂਦੇ
ਵੇ ਲਭ ਤੇ ਸਹੀ –'ਨੂਰਪੁਰੀ' ਮੇਰੇ ਨੈਣਾਂ ਨੂੰ ਨੀਂਦ ਨਾ ਆਵੇ
ਅਧੀ ਰਾਤੀਂ ਮਾਂ ਗੁਜਰੀ

# ਮੇਰੀ ਕਲਮ

## ਅਨੰਦਪੁਰੀ ਪ੍ਰੀਤਮ ਦੇ ਦਰਸ਼ਨ ਮਾਛੀਵਾੜੇ ਦੇ ਜੰਗਲਾਂ ਵਿੱਚ



ਹੀਰਾ ਸਿੰਘ ਦਰਦ

ਪ੍ਰਸ਼ਨ :-
ਅੱਖਾਂ ਸਿਕਦੀਆਂ ਸਨ ਤੇਰੇ ਦਰਸ਼ਨਾਂ ਨੂੰ,
ਅਜ ਦਰਸ ਤੂੰ ਕੀ ਦਿਖਾਇਆ ਏ ?
ਕਿਥੇ ਬਾਜ, ਨੀਲਾ, ਕਿਥੇ ਤਾਜ ਪੀਲਾ ?
ਕਿਥੇ ਅਜ ਇਹ ਰੰਗ ਬਣਾਇਆ ਏ ?
ਕਿਥੇ ਲਾਲ ਚਾਰੇ ਕਿਥੇ ਪੰਜ ਪਿਆਰੇ,
ਕਿਥੇ ਬਣਾਂ ਅਜ ਚੌਰ ਝੁਲਾਇਆ ਏ ?
ਕਿਥੇ ਮਖ਼ਮਲੀ ਅਤਲਸੀ ਕੀਮ ਖ਼ਾਬਾਂ,
ਅਜ ਕੰਡਿਆਂ ਫ਼ਰਸ਼ ਸਜਾਇਆ ਏ ?

ਅਜ ਆਣ ਤਕੇ ਮਾਤਾ ਗੁਜਰੀ ਜੇ,
ਝੜੀ ਹੰਝੂਆਂ ਦੀ ਲਾ ਕੇ ਰੋੜ੍ਹ ਦੇਵੇ ।
ਕੋਈ ਪੁੱਤ ਦੇਖੇ ਦੁਨੀਆਂਦਾਰ ਆ ਕੇ,
ਛਾਤੀ ਪਿਟਕੇ ਸੀਸ ਨੂੰ ਫੋੜ ਦੇਵੇ ।
ਮਾਤਾ ਸੁੰਦਰੀ ਆਣ ਕੇ ਪਤੀ ਦੇਖੇ,
ਸੀਸ ਧਰਤ ਤੇ ਪਟਕ ਕੇ ਤੋੜ ਦੇਵੇ ।
ਜਿਹੜਾ ਜਿਗਰ ਵਾਲਾ ਤੈਨੂੰ ਅਜ ਵੇਖੇ,
ਘਟਾ ਚੜ੍ਹੀ ਨੂੰ ਰੋ ਰੋ ਮੋੜ ਦੇਵੇ ।

ਐਪਰ ਪੁਰੀ ਅਨੰਦ ਦੇ ਵਾਸੀਆ ਵੇ,
ਤੇਰੇ ਚਿਹਰੇ ਤੇ ਚੌਗੁਣਾ ਨੂਰ ਦਿਸੇ ।
ਲੁਟੀ ਗਈ ਤੇਰੀ ਸਾਰੀ ਪਾਤਸ਼ਾਹੀ,
ਐਪਰ ਰਿਦੇ ਸਰੂਰ ਭਰਪੂਰ ਦਿਸੇ ।

ਹਿੰਮਤ ਗਜ਼ਬ ਦੀ ਦਮਕਦੀ ਅੱਖੀਆਂ 'ਚੋਂ,
ਭਾਵੇਂ ਦੇਹੀ ਸਾਰੀ ਚਕਨਾਚੂਰ ਦਿਸੇ ।
ਆਵੇ ਸਮਝ ਨਾ ਕਲਗੀਆਂ ਵਾਲਿਆ ਵੇ,
ਤੇਰਾ ਅਜਬ ਹੀ ਕੋਈ ਦਸਤੂਰ ਦਿਸੇ ।

ਗੁਰੂ ਜੀ ਦਾ ਉੱਤਰ :-
ਅੱਖਾਂ ਖੋਲ੍ਹਕੇ ਦੇਖ ਖਾਂ ਭੋਲਿਆ ਵੇ,
ਮੇਰੇ ਜਿਹਾ ਅਜ ਕੌਣ ਨਿਹਾਲ ਹੋਵੇ ?
ਜਿਸਦਾ ਵਤਨ ਤੋਂ ਬੰਸ ਕੁਰਬਾਨ ਹੋਵੇ,
ਸਮਝੋ ਉਸ ਤੇ ਸਾਈਂ ਕਿਰਪਾਲ ਹੋਵੇ ।
ਬੇਟੇ ਸਫ਼ਲ ਹੋਏ, ਆਉਣਾ ਸਫ਼ਲ ਹੋਇਆ,
ਅਜ ਨਿਹਾਲ ਮੇਰਾ ਵਾਲ ਵਾਲ ਹੋਵੇ ।
ਬੇਸ਼ਕ ਜਿੰਦੜੀ ਵੀ ਮੇਰੀ ਲਗੇ ਲੇਖੇ,
ਐਪਰ ਵਤਨ ਆਜ਼ਾਦ ਖ਼ੁਸ਼ਹਾਲ ਹੋਵੇ ।

ਜਦੋਂ ਦੇਸ਼ ਗੁਲਾਮੀ ਦੇ ਵਿਚ ਬਧਾ,
ਰੋਵੇ, ਹਾਵਿਆਂ ਦੇ ਨਾਲੇ ਵੈਣ ਪਾਵੇ ।
ਓਦੋਂ ਮਹਿਲ ਤੇ ਮਾੜੀਆਂ ਕੌਣ ਚਾਹਵੇ,
ਸੇਜਾਂ ਸੋਹਣੀਆਂ ਤੇ ਕਿਦਾਂ ਚੈਨ ਆਵੇ ?
ਸ਼ਹਿਰ ਉਜੜੇ ਬਾਗ਼ ਵੈਰਾਨ ਦਿਸਣ,
ਨੀਂਦ ਨੈਣਾਂ ਦੇ ਕੋਲ ਕੀ ਲੈਣ ਆਵੇ ?
ਨਾ ਪਰਵਾਰ ਭਾਵੇ ਨਾ ਘਰ ਬਾਰ ਭਾਵੇ,
ਕੰਨੀਂ ਦੁਖੀਆਂ ਦੇ ਜਦੋਂ ਪੈਣ ਹਾਵੇ ।

ਅਜ ਵਸਿਆ ਦਿਸਦਾ ਦੇਸ ਸਾਰਾ,
ਮੈਂ ਭੀ ਵਸਿਆ ਮਹਿਲ ਉਸਾਰ ਐਥੇ ।
ਇਹ ਉਜਾੜੀਆਂ ਮਹਿਲ ਤੇ ਮਾੜੀਆਂ ਨੇ,
ਖੜੇ ਦਿਸਦੇ ਅੰਬ ਅਨਾਰ ਐਥੇ ।
ਕੰਡੇ ਨਹੀਂ ਇਹ ਵਿਛੀ ਹੈ ਸੇਜ ਮਖ਼ਮਲ,
ਮੇਰਾ ਸਜਿਆ ਅਜ ਦਰਬਾਰ ਐਥੇ ।
ਹੋਇਆ ਕੀ ਜੇ ਬੇਟੇ ਕੁਰਬਾਨ ਹੋ ਗਏ,
ਮੈਨੂੰ ਦਿਸਦਾ ਲਖ ਹਜ਼ਾਰ ਐਥੇ ।

## ਕਵਿਤਾ



ਬਾਬੂ ਫ਼ੀਰੋਜ਼ਦੀਨ ਸ਼ਰਫ਼

ਪੰਜ ਪੰਜ ਘੁਟ ਪਾਣੀ ਖੰਡੇ ਦਾ ਪਿਆਲ ਕੇ
ਆਜਾ ਮੇਰੀ ਕਲਮ ਪਯਾਰੀ ਜਾਵਾਂ ਤੈਥੋਂ ਬਲਹਾਰੀ,
ਚੱਲ ਖਾਂ ਚਕੋਰ ਵਾਲੀ ਚਾਲ ਝੂਲ ਝਾਲ ਕੇ।
ਸੰਗਤਾਂ ਦੇ ਦਿਲਾਂ ਨੂੰ ਅਨੰਦ ਜ਼ਰਾ ਕਰ ਦੇਵੀਂ
ਕਲਗ਼ੀਧਰ ਤੇਗ਼ ਦਾ ਨਜ਼ਾਰਾ ਭੀ ਵਿਖਾਲ ਕੇ।
ਸ਼ਾਹੀ ਫੌਜਾਂ ਬਿਕਰਮੀ ਸਤਾਰਾਂ ਸੌ ਤੇ ਸੱਠ ਵਿੱਚ,
ਬੈਠੀਆਂ ਅਨੰਦ ਪੁਰ ਉੱਤੇ ਘੇਰਾ ਡਾਲ ਕੇ।
ਲਹਿੰਦੇ ਵਲ ਜਾਓ ਬੱਚਾ ਹੜ੍ਹ ਵਾਂਗੂੰ ਚੜ੍ਹ ਆਓ,
ਘੱਲਿਆ 'ਅਜੀਤ' ਜੀ ਨੂੰ ਪਿਤਾ ਨੇ ਸਿਖਾਲ ਕੇ।
ਦੂਜੀ ਗੁੱਠੋਂ ਆਪ ਆਏ ਚੜ੍ਹ ਕੇ ਹਨੇਰੀ ਵਾਂਗੂੰ,
ਉੱਚ ਵਾਲੇ ਸਿੰਘ ਪੀਰ ਨਾਲ ਲੈ ਕੇ ਬਾਲ ਕੇ।
ਸ਼ਾਹੀ ਫੌਜਾਂ ਨਾਲ ਆ ਕੇ ਹੋਯਾ ਐਸਾ ਟਾਕਰਾ ਸੀ,
ਕਾਲ ਦਿਉਤਾ ਨੱਸ ਗਿਆ ਜਾਨ ਨੂੰ ਸੰਭਾਲ ਕੇ।
ਤੇਗ਼ ਵਾਲੀ ਖ਼ੂੰਡੀ ਐਸੀ ਵਾਹੀ ਸੀ 'ਅਜੀਤ' ਜੀ ਨੇ,
ਖਿੱਦੋ ਵਾਂਗ ਸੀਸ ਸੁੱਟੇ ਧੜਾਂ ਤੋਂ ਉਛਾਲ ਕੇ।
ਜੇੜ੍ਹਾ ਆਯਾ ਸਾਮ੍ਹਣੇ ਉਹ ਇੱਕ ਦਾ ਬਣਾਯਾ ਦੋ,
ਮਾਂ ਜਾਯਾ ਪੁੱਤ ਨ ਕੋਈ ਵਾਰ ਗਿਆ ਟਾਲ ਕੇ।
ਗੋਰਾ ਗੋਰਾ ਮੁਖ ਜਿਨੂੰ ਤੇਗ਼ ਦਾ ਵਿਖਾਲ ਦਿੱਤਾ,
ਓਸੇ ਦਾ ਕਲੇਜਾ ਆਂਦਾ ਨਾਲੇ ਹੀ ਉਧਾਲ ਕੇ।
ਦੂਜੇ ਪਾਸੋਂ ਚੱਟਦੀ ਸੀ ਤੇਗ਼ ਦਸਮੇਸ਼ ਜੀ ਦੀ,
ਵੈਰੀਆਂ ਦੇ ਕਾਲਜੇ ਦਾ ਖ਼ੂਨ ਭਾਲ ਭਾਲ ਕੇ।
ਇੱਕੋ ਪਰ ਵਾਲੀ ਪਰੀ ਜੁੱਧ ਵਿੱਚ ਉੱਡ ਉੱਡ,
ਰੱਤ ਵਾਲੇ ਸੁੱਟਦੀ ਸੀ ਲਾਲ ਪਈ ਉਗਾਲ ਕੇ।
ਜਿਹੜਾ ਰਤਾ ਤੱਤਾ ਹੋਇਆ ਤੱਤੇ ਤੱਤੇ ਤਾ ਉਹਨੂੰ,
ਧਾਰ ਨਾਲ ਠੰਢਾ ਕੀਤਾ ਉੱਥੇ ਹੀ ਨੁਹਾਲ ਕੇ।
ਚੱਕੀਆਂ ਦੇ ਪੁੜਾਂ ਵਾਂਗੂੰ ਦੋਹਾਂ ਤੇਗਾਂ ਫਿਰ ਫਿਰ,
ਦਾਣੇ ਵਾਂਗ ਰੱਖ ਦਿੱਤੇ ਦੱਲ ਸੀ ਹੁਦਾਲ ਕੇ।
ਵੇਖ ਵੇਖ ਸੂਰਿਆਂ ਨੂੰ ਸੂਬਾ ਸਰਹੰਦ ਵਾਲਾ,
ਪੁੱਛੇ ਅਜਮੇਰ ਚੰਦ ਰਾਜੇ ਨੂੰ ਬਹਾਲ ਕੇ।
ਸਿੱਖਾਂ ਦੇ ਸਰੀਰਾਂ ਨੂੰ ਹੈ ਮਿੱਟੀ ਕੇਹੜੀ ਲੱਗੀ ਹੋਈ,
ਕਿਹੜੇ ਸੱਚੇ ਵਿੱਚ ਇਹ ਬਣਾਏ ਹੋਇ ਨੇ ਢਾਲ ਕੇ ?
ਪਿਛ੍ਹਾਂ ਭੀ ਇਹ ਹਟਦੇ ਨਹੀਂ ਉਂਞ ਭੀ ਇਹ ਘਟਦੇ ਨਹੀਂ,
ਅੱਕਦੇ ਨਹੀਂ ਥੱਕਦੇ ਨਹੀਂ ਖ਼ੂਹਣੀਆਂ ਭੀ ਗਾਲ ਕੇ।
ਅਜੇ ਤੀਕ ਮੱਤੇ ਹੋਏ ਅੱਖੀਆਂ ਉਘੇੜਦੇ ਨਹੀਂ,
ਸੁੱਸਰੀ ਦੇ ਵਾਂਗ ਸਾਡੇ ਦਿਲਾਂ ਨੂੰ ਸਵਾਲ ਕੇ।
ਪੈਰਾਂ ਤੋਂ ਪਿਆਦੇ ਭੀ ਇਹ ਜੁਧ ਵਿੱਚ ਹੰਬਦੇ ਨਹੀਂ,
ਮੁੱਕ ਗਏ ਖਜ਼ਾਨੇ ਸਾਡੇ ਕੋਤਲਾਂ ਨੂੰ ਪਾਲ ਕੇ।
ਮੁੱਠ ਮੁੱਠ ਛੋਲਿਆਂ ਤੇ ਜਾਨ ਪਏ ਵਾਰਦੇ ਨੇ,
ਵੇਖੋ ਅਸੀਂ ਉੱਜੜੇ ਹਾਂ ਬੱਕਰੇ ਖਵਾਲ ਕੇ।
ਅੱਗੋਂ ਇਹ ਜਵਾਬ ਦਿੱਤਾ ਰਾਜੇ ਅਜਮੇਰ ਚੰਦ,
ਲੰਮੇ ਸਾਰੇ ਹਾਉਕੇ ਲੈ ਤਨ ਮਨ ਜਾਲ ਕੇ।
'ਕੀ ਮੈਂ ਦੱਸਾਂ ਖਾਂ ਸਾਹਿਬ! ਇਹਨਾਂ ਨੂੰ ਕੀ ਕਰ ਦਿੱਤਾ,
ਪੰਜ ਪੰਜ ਘੁਟ ਪਾਣੀ ਗੁਰੂ ਨੇ ਪਿਆਲ ਕੇ ?
'ਚਾੜ੍ਹ ਦਿੱਤੀ ਪਾਣ ਕੋਈ ਜੱਗ ਕੋਲੋਂ ਵੱਖਰੀ ਹੀ,
ਤਿੱਖਾ ਜਿਹਾ ਖੰਡਾ ਵਿੱਚ ਲੋਹੇ ਦਾ ਹੰਗਾਲ ਕੇ।
'ਸ਼ਰਫ਼' ਅਜੇ ਵੇਖਿਆ ਕੀ ਜੋਸ਼ ਹੈ ਤੂੰ ਸੂਰਿਆਂ ਦਾ,
ਛੋਲਿਆਂ ਦੇ ਵਾਂਗ ਫੌਜਾਂ ਜਾਣਗੇ ਉਬਾਲ ਕੇ।

## ਕਵਿਤਾ

ਕਰਮਜੀਤ ਸਿੰਘ ਗਠਵਾਲਾ



ਸਾਹਿਬਜ਼ਾਦਾ ਜੋਰਾਵਰ ਸਿੰਘ ਵਜ਼ੀਦ ਖਾਂ ਨੂੰ,
ਮਾਰੇਂ ਦਮਗਜ਼ੇ ਗੁਰਾਂ ਨੂੰ ਕੈਦ ਕੀਤਾ,
ਉਹ ਤਾਂ ਪਰਗਟੇ 'ਤੇਗ਼' ਦੀ ਧਾਰ ਵਿੱਚੋਂ।
ਉਹਨੂੰ ਛੱਲਾਂ ਨੇ ਭਲਾ ਹੈ ਰੋਕਣਾ ਕੀ,
ਬੇੜੇ ਕੱਢਣੇ ਜਿਨ੍ਹੇ ਮੰਝਧਾਰ ਵਿੱਚੋਂ।
ਜੱਟ ਕਿਰਤੀ ਸ਼ੇਰ ਬਣਾਏ ਉਨ੍ਹਾਂ,
ਪਾ ਰਹੇ ਧਰਮ ਲਈ ਜੋ ਸ਼ਹੀਦੀਆਂ ਨੇ।
ਸਿੱਧੇ ਲੜਨ ਤੋਂ ਘੇਰਾ ਜੋ ਘੱਤ ਬੈਠੇ,
ਫੜਨੇ ਗੁਰੂ ਕੀ ਤੇਰੇ ਜਹੇ ਗੀਦੀਆਂ ਨੇ।
ਸਾਡੇ ਵੀਰ ਤੂੰ ਕਹੇਂ ਹਨ ਖੇਤ ਰਹੇ,
ਅਪਣਾ ਫ਼ਰਜ਼ ਉਹ ਕਰ ਅਦਾ ਗਏ ਨੇ।
ਦਾਦੇ ਸਾਡੇ ਨੇ ਸਿਰਰੁ ਦੀ ਗੱਲ ਕੀਤੀ,
ਸਿਰ ਦੇ ਉਹ ਸਿਦਕ ਨਿਭਾ ਗਏ ਨੇ।
ਪਿੱਛੇ ਆਉਂਦਿਆਂ ਨੂੰ ਨ੍ਹੇਰੀ ਰਾਤ ਅੰਦਰ,
ਦੀਵੇ ਧਰਮ ਦੇ ਉਹ ਜਗਾ ਗਏ ਨੇ।
ਸਵਾ ਲੱਖ ਨਾਲ ਇੱਕ ਲੜਾਉਣ ਵਾਲਾ,
ਪਿਤਾ ਵਾਲੜਾ ਵਚਨ ਪੁਗਾ ਗਏ ਨੇ।
ਮੌਤ ਕੋਲੋਂ ਨਹੀਂ ਅਸੀਂ ਹਾਂ ਡਰਨ ਵਾਲੇ
ਆਏ ਜਿੱਥੋਂ ਫਿਰ ਜਾਣ ਦਾ ਡਰ ਕਾਹਦਾ।
ਨਾ ਤੂੰ ਨਾ ਤੇਰਾ ਦਰਬਾਰ ਰਹਿਣਾ,
ਫ਼ੋਕਾ ਦਮ ਐਵੇਂ ਰਿਹੈਂ ਭਰ ਕਾਹਦਾ।
ਡਰਨ ਕਾਲ ਤੋਂ ਨੀਵੇਂ ਜੋ ਕੰਮ ਕਰਦੇ
ਕਾਲ ਕਰੇ ਸਿਜਦੇ ਕੰਮਾਂ ਉੱਚਿਆਂ ਨੂੰ।
ਉਹ ਉਨ੍ਹਾਂ ਨੂੰ ਇੰਜ ਸੰਭਾਲਦਾ ਏ,
ਮਾਲੀ ਸਾਂਭੇ ਜਿਉਂ ਫੁੱਲਾਂ ਸੁੱਚਿਆਂ ਨੂੰ।
ਬਹਿਸ਼ਤਾਂ ਜਿਹੜਿਆਂ ਦੀ ਤੂੰ ਗੱਲ ਕਰਦਾ
ਅਸੀਂ ਉਨ੍ਹਾਂ ਨੂੰ ਨਹੀਂ ਸਿਆਣਦੇ ਹਾਂ।
ਜਿੱਥੇ ਰੂਹ ਸਭਦੀ ਤਪਦੀ ਸ਼ਾਂਤ ਹੋਵੇ,
ਅਸੀਂ ਬਹਿਸ਼ਤ ਬਣਾਉਣੇ ਜਾਣਦੇ ਹਾਂ।
ਜਿਹੜੀ ਮਾਇਆ ਨਾਲ ਸਾਨੂੰ ਭਰਮਾ ਰਿਹਾ,
ਸਤਿਲੁਜ ਵਿੱਚ ਉਹ ਸਤਿਗੁਰਾਂ ਰੋੜ੍ਹ ਦਿੱਤੀ।
ਅਸੀਂ ਉਨ੍ਹਾਂ ਦੇ ਘਰ ਹਾਂ ਹੋਏ ਪੈਦਾ,
ਜਿੱਥੇ ਰੱਬ ਨੇ ਕੋਈ ਨਾ ਥੋੜ੍ਹ ਦਿੱਤੀ।
ਤੂੰ ਕਹੇਂ ਇਸਲਾਮ ਹੈ ਬਹੁਤ ਉੱਚਾ,
ਕਾਂਗਿਆਰੀ ਹੋ ਜਾਂਦੀ ਏ ਖੇਤ ਅੰਦਰ।
ਮੰਦੇ ਬੰਦਿਆਂ ਨੂੰ ਮੰਦੇ ਕਰਮ ਬਦਲੇ,
ਸਮੇਂ ਦੇਣਾ ਰਲਾ ਏ ਰੇਤ ਅੰਦਰ।
ਜੋ ਤੂੰ ਕਰਨਾ ਉਹ ਤਾਂ ਤੂੰ ਕਰਨਾ,
ਅਸਾਂ ਆਪਣਾ ਤੈਨੂੰ ਜਵਾਬ ਦਿੱਤਾ।
ਭਾਣਾ ਮੰਨਣਾ ਪੁਰਖ ਅਕਾਲ ਕਹਿਕੇ,
ਸਾਨੂੰ ਜੋ ਵੀ ਤੂੰ ਅਜਾਬ ਦਿੱਤਾ।

# ਸਿਆਸਤ ਦੇ ਮੈਦਾਨ 'ਚ ਨਾਂਅ ਚਮਕਾਉਣ ਵਾਲੇ ਪ੍ਰਸਿੱਧ ਖਿਡਾਰੀ

ਸੁਖਵਿੰਦਰਜੀਤ ਸਿੰਘ ਮਨੌਲੀ

ਦੂਜੇ ਦੇਸ਼ਾਂ ਦੇ ਮੁਕਾਬਲੇ ਭਾਰਤ ਵਿੱਚ ਉਲੰਪੀਅਨ ਖਿਡਾਰੀਆਂ ਦੀ ਰਾਜਨੀਤੀ 'ਚ ਦਿਲਚਸਪੀ ਦਿਨੋਂ-ਦਿਨ ਵੱਧਦੀ ਜਾ ਰਹੀ ਹੈ। ਸਟਾਰ ਕ੍ਰਿਕਟਰ ਸਚਿਨ ਤੇਂਦੁਲਕਰ ਨੂੰ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਸਰਕਾਰ ਦੀ ਸਿਫ਼ਾਰਸ਼ 'ਤੇ ਰਾਜ ਸਭਾ ਦਾ ਮੈਂਬਰ ਬਣਾਇਆ ਗਿਆ। ਪਦਮਸ਼੍ਰੀ ਤੇ ਪਦਮ ਭੂਸ਼ਣ ਐਵਾਰਡ ਹਾਸਿਲ ਉਲੰਪੀਅਨ ਮੁੱਕੇਬਾਜ਼ ਮੈਰੀਕਾਮ ਨੂੰ 25 ਅਪ੍ਰੈਲ, 2016 'ਚ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਵੱਲੋਂ ਰਾਜ ਸਭਾ 'ਚ ਨਾਮਜ਼ਦ ਕੀਤਾ ਗਿਆ। ਕ੍ਰਿਕਟਰ ਗੌਤਮ ਗੰਭੀਰ ਦਿੱਲੀ ਤੋਂ ਬੀਜੇਪੀ ਵੱਲੋਂ ਤੇ ਹਰਫਨਮੌਲਾ ਕ੍ਰਿਕਟਰ ਯੂਸਫ਼ ਪਠਾਨ ਪੱਛਮੀ ਬੰਗਾਲ ਤੋਂ ਤ੍ਰਿਣਮੂਲ ਕਾਂਗਰਸ ਦੀ ਟਿਕਟ 'ਤੇ ਲੋਕ ਸਭਾ ਦੀਆਂ ਪੌੜੀਆਂ ਚੜ੍ਹਨ 'ਚ ਸਫ਼ਲ ਹੋਏ। ਇਨ੍ਹਾਂ ਦੋਵਾਂ ਤੋਂ ਪਹਿਲਾਂ ਮਰਹੂਮ ਕ੍ਰਿਕਟਰ ਕੀਰਤੀ ਆਜ਼ਾਦ ਵੀ ਦਰਭੰਗਾ (ਬਿਹਾਰ) ਲੋਕ ਸਭਾ ਸੀਟ ਤੋਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਪਾਰਲੀਮੈਂਟ ਰਹਿ ਚੁੱਕੇ ਹਨ।

**ਸਟਾਰ ਡਰੈਗ ਫਲਿੱਕਰ ਰਿਹਾ ਸੰਦੀਪ ਸਿੰਘ**

ਕੌਮੀ ਹਾਕੀ ਟੀਮ ਦੇ ਸਾਬਕਾ ਕਪਤਾਨ ਸੰਦੀਪ ਸਿੰਘ ਨੇ ਪਿਹੋਵਾ ਹਲਕੇ ਤੋਂ ਜਿੱਤ ਦਰਜ ਕਰ ਕੇ ਪਹਿਲੀ ਵਾਰ ਇਹ ਸੀਟ ਭਾਰਤੀ ਜਨਤਾ ਪਾਰਟੀ ਦੀ ਝੋਲੀ ਪਾਈ ਹੈ। ਕਾਬਿਲੇਗੌਰ ਹੈ ਕਿ ਸੰਦੀਪ ਸਿੰਘ 90 ਮੈਂਬਰੀ ਹਰਿਆਣਾ ਵਿਧਾਨ ਸਭਾ 'ਚ ਚੋਣ ਜਿੱਤਣ ਵਾਲੇ ਇੱਕੋ ਇੱਕ ਸਿੱਖ ਚਿਹਰਾ ਹਨ। ਖ਼ਾਸ ਗੱਲ ਇਹ ਰਹੀ ਕਿ ਸੰਦੀਪ ਸਿੰਘ ਨੇ ਮੰਤਰੀ ਬਣਨ ਤੋਂ ਬਾਅਦ ਮੰਤਰਾਲੇ ਦੀ ਗੋਪਨੀਅਤਾ ਬਣਾਈ ਰੱਖਣ ਲਈ ਸਹੁੰ ਪੰਜਾਬੀ ਭਾਸ਼ਾ 'ਚ ਚੁੱਕੀ ਸੀ। ਵਿਸ਼ਵ ਹਾਕੀ ਦੇ ਗਲਿਆਰਿਆਂ 'ਚ ਸੰਦੀਪ ਸਿੰਘ ਨੇ ਚੰਗਾ ਨਾਮਣਾ ਖੱਟਿਆ ਹੈ।

ਨਵੀਂ ਦਿੱਲੀ 'ਚ ਖੇਡੇ ਗਏ ਲੰਡਨ ਉਲੰਪਿਕ ਕੁਆਲੀਫਾਇੰਗ ਟੂਰਨਾਮੈਂਟ 'ਚ 16 ਗੋਲ ਸਕੋਰ ਕਰਨ ਸਦਕਾ 'ਟਾਪ ਸਕੋਰਰ' ਦੀ ਕੁਰਸੀ ਸਾਂਭਣ ਵਾਲੇ ਡਿਫੈਂਡਰ ਸੰਦੀਪ ਸਿੰਘ ਨੂੰ ਲੰਡਨ-2012 ਉਲੰਪਿਕ ਹਾਕੀ ਅਤੇ ਵਿਸ਼ਵ ਹਾਕੀ ਕੱਪ ਨਵੀਂ ਦਿੱਲੀ-2010 ਖੇਡਣ ਦਾ ਹੱਕ ਹਾਸਿਲ ਹੋਇਆ। 2014 'ਚ ਯੂਕੇ ਦੇ ਹਾਵੈਂਟ ਹਾਕੀ ਕਲੱਬ ਵੱਲੋਂ ਇੰਗਲਿਸ਼ ਲੀਗ ਖੇਡਣ ਵਾਲੇ ਸਟਾਰ ਡਰੈਗ ਫਲਿੱਕਰ ਸੰਦੀਪ ਸਿੰਘ ਨੂੰ ਘਰੇਲੂ ਇੰਡੀਅਨ ਹਾਕੀ ਲੀਗ ਦੇ ਵੱਖ-ਵੱਖ ਐਡੀਸ਼ਨਾਂ 'ਚ ਮੁੰਬਈ ਮੈਜੀਸ਼ੀਅਨਜ਼, ਪੰਜਾਬ ਵਾਰੀਅਰਜ਼ ਅਤੇ ਰਾਂਚੀ ਰੇਅਜ਼ ਦੀ ਹਾਕੀ ਟੀਮਾਂ ਨਾਲ ਮੈਦਾਨ 'ਚ ਨਿੱਤਰਨ ਦਾ ਰੁਤਬਾ ਹਾਸਿਲ ਹੋਇਆ। ਪੈਨਲਟੀ ਕਾਰਨਰ ਲਾਉਣ ਸਮੇਂ 145 ਕਿਲੋਮੀਟਰ ਦੀ ਰਫ਼ਤਾਰ ਨਾਲ ਬਾਲ ਨੂੰ ਡਰੈਗ ਕਰਨ ਵਾਲੇ ਉਲੰਪੀਅਨ



ਸੰਦੀਪ ਸਿੰਘ ਦਾ ਜਨਮ ਸ਼ਾਹਬਾਦ ਮਾਰਕੰਡਾ (ਕੁਰੂਕਸ਼ੇਤਰ) 'ਚ 27 ਫਰਵਰੀ, 1986 ਨੂੰ ਦਲਜੀਤ ਕੌਰ ਦੀ ਕੁੱਖੋਂ ਗੁਰਚਰਨ ਸਿੰਘ ਦੇ ਗ੍ਰਹਿ ਵਿਖੇ ਹੋਇਆ। ਸ਼ਿਵਾਲਿਕ ਸਕੂਲ ਮੁਹਾਲੀ ਤੋਂ ਮੁੱਢਲੀ ਪੜ੍ਹਾਈ ਕਰਨ ਵਾਲੇ ਸੰਦੀਪ ਸਿੰਘ ਦੇ ਖੇਡ ਕੈਰੀਅਰ 'ਤੇ ਫਿਲਮ 'ਸੂਰਮਾ' ਬਣਾਈ ਗਈ, ਜਿਸ 'ਚ ਦਲਜੀਤ ਸਿੰਘ ਦੁਸਾਂਝ ਨੇ ਸੰਦੀਪ ਸਿੰਘ ਦਾ ਰੋਲ ਨਿਭਾਇਆ। ਇਸ ਫਿਲਮ 'ਚ ਦੂਜੇ ਪ੍ਰਸਿੱਧ ਸਟਾਰ ਕਲਾਕਾਰ ਤਾਪਸੀ ਪੰਨੂ ਤੇ ਅੰਗਦ ਸਿੰਘ ਬੇਦੀ ਹਨ। ਸਾਲ 2012 'ਚ ਅਰਜੁਨਾ ਐਵਾਰਡ ਹਾਸਿਲ ਸੰਦੀਪ ਸਿੰਘ ਨੇ 2012



'ਚ ਸੀਨੀਅਰ ਕੌਮੀ ਟੀਮ 'ਚ ਕੈਰੀਅਰ ਦਾ ਆਗਾਜ਼ ਕੀਤਾ। 2012 'ਚ ਹਾਕੀ ਕਿੱਲੀ 'ਤੇ ਟੰਗਣ ਵਾਲੇ ਹਾਕੀ ਉਲੰਪੀਅਨ ਸੰਦੀਪ ਸਿੰਘ ਦਾ ਵੱਡੇ ਭਰਾ ਬਿਕਰਮਜੀਤ ਸਿੰਘ ਨੂੰ ਵੀ ਕੌਮਾਂਤਰੀ ਹਾਕੀ ਖੇਡਣ ਦਾ ਮਾਣ ਹਾਸਿਲ ਹੈ। ਹਰਿਆਣਾ ਪੁਲਿਸ 'ਚ ਡੀਐੱਸਪੀ ਦੇ ਅਹੁਦੇ 'ਤੇ ਬਿਰਾਜਮਾਨ ਰਹਿ ਚੁੱਕੇ ਸੰਦੀਪ ਸਿੰਘ ਨੂੰ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਹਰਿਆਣਾ ਸਰਕਾਰ 'ਚ ਯੂਥ ਅਫੇਅਰ ਐਂਡ ਸਪੋਰਟਸ ਵਿਭਾਗ 'ਚ ਰਾਜ ਮੰਤਰੀ ਦਾ ਚਾਰਜ ਦਿੱਤਾ ਗਿਆ ਹੈ।

**ਹਾਕੀ ਉਲੰਪੀਅਨ ਪਰਗਟ ਸਿੰਘ**

ਤਿੰਨ ਵਾਰ ਉਲੰਪਿਕ ਹਾਕੀ 'ਚ ਦੇਸ਼ ਦੀ ਪ੍ਰਤੀਨਿਧਤਾ ਕਰਨ ਵਾਲੇ ਪਰਗਟ ਸਿੰਘ ਵੱਲੋਂ ਖੇਡੀ ਗਈ ਸ਼ਾਨਦਾਰ ਖੇਡ ਪਾਰੀ ਦਾ



ਮੁੱਲ ਪਿਆ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਆਪਣੀ ਸਰਕਾਰ 'ਚ ਜਲੰਧਰ ਕੈਂਟ ਤੋਂ ਦੂਜੀ ਵਾਰ ਵਿਧਾਇਕ ਬਣੇ ਸਾਬਕਾ ਹਾਕੀ ਉਲੰਪੀਅਨ ਪਰਗਟ ਸਿੰਘ ਨੂੰ ਖੇਡ ਮੰਤਰੀ ਨਾਮਜ਼ਦ ਕੀਤਾ ਗਿਆ। ਪ੍ਰਸਿੱਧ ਫੁਲ ਬੈਕ ਖਿਡਾਰੀ ਪਰਗਟ ਸਿੰਘ ਨੂੰ ਅਕਾਲੀ-ਭਾਜਪਾ ਸਰਕਾਰ ਵੱਲੋਂ ਡਾਇਰੈਕਟਰ ਸਪੋਰਟਸ ਪੰਜਾਬ ਲਗਾਇਆ ਗਿਆ ਸੀ। ਖੇਡ ਵਿਭਾਗ 'ਚ ਡਾਇਰੈਕਟਰ ਤੋਂ ਪਹਿਲਾਂ ਪਰਗਟ ਸਿੰਘ ਪੰਜਾਬ ਪੁਲਿਸ 'ਚ ਐੱਸਪੀ ਦੇ ਅਹੁਦੇ 'ਤੇ ਬਿਰਾਜਮਾਨ ਸਨ। ਜਥੇਦਾਰ ਤੋਤਾ ਸਿੰਘ ਨਾਲ ਨਜ਼ਦੀਕੀ ਰਿਸ਼ਤੇਦਾਰੀ ਹੋਣ ਸਦਕਾ ਪਰਗਟ ਸਿੰਘ ਨੂੰ 2012 'ਚ ਅਕਾਲੀ ਦਲ ਵੱਲੋਂ ਜਲੰਧਰ ਕੈਂਟ ਤੋਂ ਐੱਮਐੱਲਏ ਦੀ ਚੋਣ ਲੜਾਈ ਗਈ। ਅਕਾਲੀ ਦਲ ਦੀ ਟਿਕਟ 'ਤੇ ਪਰਗਟ ਸਿੰਘ ਸ਼ਾਨਦਾਰ ਜਿੱਤ ਦਰਜ ਕਰ ਕੇ ਪਹਿਲੀ ਵਾਰ ਵਿਧਾਇਕ ਬਣੇ।

ਅਕਾਲੀ ਦਲ ਨੂੰ ਅਲਵਿਦਾ ਆਖਣ ਤੋਂ ਬਾਅਦ ਪਰਗਟ ਸਿੰਘ ਨੇ ਇਸੇ ਹਲਕੇ ਤੋਂ ਦੋ ਵਾਰ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਕੇ ਦੂਜੀ ਵਾਰ ਵਿਧਾਇਕ ਬਣੇ ਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ 'ਚ ਮੰਤਰੀ ਬਣਨ 'ਚ ਸਫਲ ਹੋਏ। ਪਰਗਟ ਸਿੰਘ ਦਾ ਜਨਮ ਵਿਸ਼ਵ ਹਾਕੀ ਦੀ ਜ਼ਰਖ਼ੇਜ਼ ਭੂਮੀ ਮੰਨੇ ਜਾਂਦੇ ਜ਼ਿਲ੍ਹਾ ਜਲੰਧਰ ਦੇ ਪਿੰਡ ਮਿੱਠਾਪੁਰ 'ਚ ਗੁਰਦੇਵ ਸਿੰਘ ਦੇ ਗ੍ਰਹਿ ਵਿਖੇ ਹੋਇਆ। ਪਰਗਟ ਸਿੰਘ ਦੀ ਹਾਕੀ ਦਾ ਖੇਡ ਚਿੱਠਾ ਬਹੁਤ ਲੰਮੇਰਾ ਹੈ। ਉਹ 1988 'ਚ ਸਿਓਲ (ਦੱਖਣੀ ਕੋਰੀਆ), 1992 ਬਾਰਸੀਲੋਨਾ (ਸਪੇਨ) ਅਤੇ 1996 ਐਟਲਾਂਟਾ ਉਲੰਪਿਕ ਖੇਡਿਆ। ਤਿੰਨ ਉਲੰਪਿਕ ਹਾਕੀ ਮੁਕਾਬਲਿਆਂ 'ਚ ਉਸ ਨੇ ਦੇਸ਼ ਦੀ ਹਾਕੀ ਟੀਮ ਦੀ ਪ੍ਰਤੀਨਿਧਤਾ ਕੀਤੀ। ਪਰਗਟ ਵਿਸ਼ਵ ਦਾ ਪਹਿਲਾ ਹਾਕੀ ਉਲੰਪੀਅਨ ਹੈ, ਜਿਸ ਨੇ ਦੋ ਵਾਰ ਉਲੰਪਿਕ ਹਾਕੀ 'ਚ ਟੀਮ



ਦੀ ਕਪਤਾਨੀ ਸੰਭਾਲ ਕੇ ਹਾਕੀ 'ਚ ਨਵਾਂ ਮੀਲ ਪੱਥਰ ਗੱਡਿਆ। ਉਲੰਪਿਕ ਹਾਕੀ 'ਚ ਦੋ ਵਾਰ ਕਪਤਾਨੀ ਦਾ ਰਿਕਾਰਡ ਬਣਾਉਣ ਵਾਲੇ ਪਰਗਟ ਸਿੰਘ ਨੇ ਹਿੰਦ ਦੀ ਹਾਕੀ ਟੀਮ ਦੀ 168 ਕੌਮਾਂਤਰੀ ਹਾਕੀ ਮੈਚਾਂ 'ਚ ਕਪਤਾਨੀ ਕਰਨ ਦੇ ਇਤਿਹਾਸ ਦਾ ਨਵਾਂ ਹਾਕੀ ਅਧਿਆਏ ਵੀ ਆਪਣੇ ਨਾਂ ਨਾਲ ਜੋੜਿਆ ਹੋਇਆ ਹੈ।

**ਪਾਕਿ ਹਾਕੀ ਖਿਡਾਰੀ ਅਖ਼ਤਰ ਰਸੂਲ**

ਮੈਦਾਨ 'ਚ ਸੈਂਟਰ ਹਾਫ ਦੀ ਪੁਜ਼ੀਸ਼ਨ 'ਤੇ ਖੇਡਣ ਵਾਲੇ ਪਾਕਿਸਤਾਨੀ ਹਾਕੀ ਉਲੰਪੀਅਨ ਅਖ਼ਤਰ ਰਸੂਲ ਨੇ 1985 'ਚ ਰਾਜਨੀਤਕ ਪਾਰੀ ਖੇਡਣ ਦਾ ਫੈਸਲਾ ਕੀਤਾ। ਸਾਲ 1986 'ਚ ਅਖ਼ਤਰ ਰਸੂਲ ਨੇ ਪਹਿਲੀ ਵਾਰ ਆਜ਼ਾਦ ਉਮੀਦਵਾਰ ਵਜੋਂ ਐੱਮਪੀਏ (ਮੈਂਬਰ ਆਫ ਪ੍ਰੋਵੀਨਸ਼ੀਅਲ ਅਸੈਂਬਲੀ) ਦੀ ਚੋਣ ਜਿੱਤੀ। 1988 'ਚ ਅਖ਼ਤਰ ਰਸੂਲ ਨੂੰ ਐਕਸਾਈਜ਼ ਅਤੇ ਟੈਕਸੇਸ਼ਨ ਮੰਤਰੀ ਨਾਮਜ਼ਦ ਕੀਤਾ ਗਿਆ। ਤਿੰਨ ਹਾਕੀ ਚੈਂਪੀਅਨਜ਼ ਟਰਾਫੀਆਂ 'ਚ ਪਾਕਿ ਹਾਕੀ ਟੀਮ ਨਾਲ ਮੈਦਾਨ 'ਚ ਕੁੱਦਣ ਵਾਲੇ ਅਖ਼ਤਰ ਰਸੂਲ ਨੂੰ 1990 'ਚ ਪੰਜਾਬ ਅਸੈਂਬਲੀ ਦੀ ਚੋਣ ਜਿੱਤਣ ਤੋਂ ਬਾਅਦ ਖੇਡ ਮੰਤਰੀ ਬਣਾਇਆ ਗਿਆ।

1993 'ਚ ਅਖ਼ਤਰ ਰਸੂਲ ਨੇ ਦੂਜੀ ਵਾਰ ਐੱਮਐੱਲਏ ਦੀ ਸੀਟ ਭਾਰੀ ਵੋਟਾਂ ਦੇ ਫ਼ਰਕ ਨਾਲ ਜਿੱਤਣ 'ਚ ਸਫਲਤਾ ਹਾਸਿਲ ਕੀਤੀ। 1981 ਤੋਂ 1982 ਤੱਕ ਲਗਾਤਾਰ ਦੋ ਸਾਲ ਪਾਕਿ ਹਾਕੀ ਟੀਮ ਦੀ ਕਪਤਾਨੀ ਕਰਨ ਵਾਲੇ ਅਖ਼ਤਰ ਰਸੂਲ ਨੇ 1986 ਤੋਂ ਬਾਅਦ ਦੂਜੀ ਵਾਰ ਐੱਮਪੀਏ ਦੀ ਸੀਟ ਜਿੱਤ ਕੇ ਮੁਸਲਿਮ ਲੀਗ ਦੀ ਝੋਲੀ ਪਾਈ। ਹਾਕੀ ਉਲੰਪੀਅਨ ਅਤੇ ਪ੍ਰਸਿੱਧ ਸਾਇੰਟਿਸਟ ਚੌਧਰੀ ਗ਼ੁਲਾਮ ਰਸੂਲ ਦਾ ਪੁੱਤਰ ਅਖ਼ਤਰ ਰਸੂਲ ਦੁਨੀਆ ਦਾ ਪਲੇਠਾ ਹਾਕੀ ਖਿਡਾਰੀ ਹੈ, ਜਿਸ ਨੇ ਕੈਰੀਅਰ 'ਚ ਪੰਜ ਆਲਮੀ ਹਾਕੀ ਕੱਪ ਖੇਡਣ ਸਦਕਾ ਚਾਰ ਵਰਲਡ ਹਾਕੀ ਕੱਪ ਮੁਕਾਬਲਿਆਂ ਬਾਰਸੀਲੋਨਾ-1971, ਬਿਊਨਸ ਏਰੀਅਸ-1978 ਅਤੇ ਮੁੰਬਈ-1982 'ਚ ਗੋਲਡ ਮੈਡਲ ਅਤੇ ਕੁਆਲਾਲੰਪੁਰ 1975 'ਚ ਸਿਲਵਰ ਮੈਡਲ ਜਿੱਤਣ ਵਾਲੀ ਪਾਕਿਸਤਾਨੀ ਹਾਕੀ ਟੀਮ ਦੀ ਪ੍ਰਤੀਨਿਧਤਾ ਕੀਤੀ। ਅਖ਼ਤਰ ਰਸੂਲ ਕੁੱਲ ਜਗਤ ਦਾ ਨਿਵੇਕਲਾ ਖਿਡਾਰੀ ਹੈ, ਜਿਸ ਨੂੰ ਸੰਸਾਰ-ਵਿਆਪੀ ਹਾਕੀ ਦੇ ਖੇਡੇ ਹਰ ਵੱਡੇ ਮੁਕਾਬਲਿਆਂ ਉਲੰਪਿਕ ਹਾਕੀ, ਵਿਸ਼ਵ ਹਾਕੀ ਕੱਪ ਅਤੇ ਏਸ਼ੀਅਨ ਖੇਡਾਂ 'ਚ ਤਗਮਾ ਜਿੱਤਣ ਦਾ ਹੱਕ ਹਾਸਿਲ ਹੋਇਆ। ਕੌਮਾਂਤਰੀ ਹਾਕੀ 'ਚ ਆਪਣੀ ਸਟਿੱਕ 'ਚੋਂ 22 ਗੋਲ ਕੱਢਣ ਵਾਲੇ ਅਖ਼ਤਰ ਰਸੂਲ ਨੇ ਜਿੱਥੇ ਮਿਊਨਿਖ-1972 ਉਲੰਪਿਕ 'ਚ ਚਾਂਦੀ ਅਤੇ ਮਾਂਟੀਰੀਅਲ-1976 ਉਲੰਪਿਕ 'ਚ ਤਾਂਬੇ ਦਾ ਤਗਮਾ ਹਾਸਿਲ ਕੀਤਾ, ਉਥੇ ਤਹਿਰਾਨ 1974 ਤੇ ਬੈਂਕਾਕ-1978 ਦੀਆਂ ਏਸ਼ੀਅਨ ਖੇਡਾਂ 'ਚ ਕ੍ਰਮਵਾਰ ਦੋਵੇਂ ਵਾਰ ਸੋਨੇ ਦੇ ਤਗਮੇ ਹਾਸਿਲ ਕਰਨ ਵਾਲੀ ਪਾਕਿ ਹਾਕੀ ਟੀਮ ਦੀ ਨੁਮਾਇੰਦਗੀ ਕੀਤੀ।

**ਮਹਿਲਾ ਅਥਲੀਟ ਜਿਓਤਿਰਮਈ ਸਿਕਦਾਰ**

ਬੈਂਕਾਕ-1998 'ਚ ਖੇਡੀਆਂ ਗਈਆਂ 13ਵੀਆਂ ਏਸ਼ੀਅਨ ਗੇਮਜ਼ 'ਚ 800 ਤੇ 1500 ਮੀਟਰ ਰੇਸਾਂ 'ਚ ਦੋ ਗੋਲਡ ਮੈਡਲ ਆਪਣੇ ਗਲੇ ਦਾ ਸ਼ਿੰਗਾਰ ਬਣਾਉਣ ਵਾਲੀ ਇੰਡੀਅਨ ਮਹਿਲਾ ਅਥਲੀਟ ਜਿਓਤਿਰਮਈ ਸਿਕਦਾਰ ਨੂੰ ਬੰਗਾਲ ਤੋਂ ਕਮਿਊਨਿਸਟ



ਪਾਰਟੀ ਦੀ ਟਿਕਟ 'ਤੇ 13ਵੀਂ ਲੋਕ ਸਭਾ 'ਚ ਕਰੀਸ਼ਨਗਰ ਸੀਟ ਤੋਂ ਪਾਰਲੀਮੈਂਟ ਮੈਂਬਰ ਬਣਨ ਦਾ ਮਾਣ ਹਾਸਿਲ ਹੋਇਆ ਪਰ ਸਾਲ 1998 'ਚ ਸਿਕਦਾਰ ਇਸੇ ਸੀਟ ਤੋਂ ਤ੍ਰਿਮੂਲ ਕਾਂਗਰਸ ਦੇ ਉਮੀਦਵਾਰ ਤੋਂ ਚੋਣ ਹਾਰ ਗਈ। ਇਸ ਹਾਰ ਤੋਂ ਬਾਅਦ ਸਿਕਦਾਰ ਤ੍ਰਿਣਮੂਲ ਕਾਂਗਰਸ ਵਿੱਚ ਸ਼ਾਮਿਲ ਹੋ ਗਈ।

ਹੁਣ ਉਹ ਬੰਗਾਲ ਵਿੱਚ ਬੀਜੇਪੀ ਨੂੰ ਸਪੋਰਟ ਕਰ ਰਹੀ ਹੈ। ਫਰਵਰੀ 1994 ਵਿੱਚ ਪੰਜਾਬੀ ਅਥਲੀਟ ਅਵਤਾਰ ਸਿੰਘ ਨਾਲ ਲਾਵਾਂ ਲੈਣ ਵਾਲੀ ਸਿਕਦਾਰ ਨੂੰ ਸਰਕਾਰ ਵੱਲੋਂ 1995 'ਚ 'ਅਰਜੁਨਾ ਐਵਾਰਡ' ਤੇ 2003 'ਚ 'ਪਦਮਸ਼੍ਰੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਅਥਲੀਟ ਜੋੜੇ ਜਿਓਤਿਰਮਈ ਸਿਕਦਾਰ ਤੇ ਅਵਤਾਰ ਸਿੰਘ



ਦੇ ਇਕਲੌਤੇ ਪੁੱਤਰ ਦਾ ਨਾਂ ਅਵਰਾਜਿਓਤੀ ਸਿੰਘ ਹੈ।

**ਕਰਨਲ (ਰਿਟਾ.) ਉਲੰਪੀਅਨ ਸ਼ੂਟਰ ਰਾਜਵਰਧਨ ਸਿੰਘ ਰਾਠੌੜ**

ਭਾਰਤੀ ਆਰਮੀ 'ਚੋਂ ਕਰਨਲ ਦੇ ਰੈਂਕ ਤੋਂ ਰਿਟਾਇਰ ਹੋਏ ਉਲੰਪੀਅਨ ਸ਼ੂਟਰ ਰਾਜਵਰਧਨ ਸਿੰਘ ਰਾਠੌੜ ਨੂੰ ਜੈਪੁਰ ਰੂਰਲ ਤੋਂ ਮੈਂਬਰ ਪਾਰਲੀਮੈਂਟ ਬਣਨ ਤੋਂ ਬਾਅਦ ਨਰੇਂਦਰ ਮੋਦੀ ਦੀ ਕੇਂਦਰ ਸਰਕਾਰ 'ਚ 2014 ਵਿੱਚ ਸੂਚਨਾ ਅਤੇ ਪ੍ਰਸਾਰਣ ਰਾਜ ਮੰਤਰੀ ਬਣਾਇਆ ਗਿਆ। 2017 'ਚ ਮੰਤਰਾਲਾ ਬਦਲ ਕੇ ਰਾਜਵਰਧਨ ਸਿੰਘ ਨੂੰ ਪੂਰਨ ਰੂਪ 'ਚ ਮਨਿਸਟਰ ਆਫ ਯੂਥ ਅਫੇਅਰ ਐਂਡ ਸਪੋਰਟਸ ਮਹਿਕਮਾ ਦੇ ਦਿੱਤਾ ਗਿਆ।

ਭਾਰਤੀ ਜਨਤਾ ਪਾਰਟੀ ਸਰਕਾਰ ਦੀ ਦੂਜੀ ਮਿਆਦ 'ਚ ਰਾਜਵਰਧਨ ਰਾਠੌੜ ਕਾਂਗਰਸ ਪਾਰਟੀ ਦੀ ਉਲੰਪੀਅਨ ਥਰੋਅਰ ਕ੍ਰਿਸ਼ਨਾ ਪੂਨੀਆ ਨੂੰ ਹਰਾ ਕੇ ਜੈਪੁਰ ਰੂਰਲ ਤੋਂ ਮੁੜ ਮੈਂਬਰ ਪਾਰਲੀਮੈਂਟ ਬਣੇ ਹਨ ਪਰ ਇਸ ਵਾਰ ਉਨ੍ਹਾਂ ਨੂੰ ਮੰਤਰੀ ਮੰਡਲ 'ਚ ਸ਼ਾਮਿਲ ਨਹੀਂ ਕੀਤਾ ਗਿਆ।

**ਡਿਸਕਸ ਥ੍ਰੋਅਰ ਕ੍ਰਿਸ਼ਨਾ ਪੂਨੀਆ**

ਬੀਜਿੰਗ-2008 ਤੇ ਲੰਡਨ-2012 ਉਲੰਪਿਕ ਖੇਡਾਂ 'ਚ ਇੰਡੀਆ ਦੀ ਨੁਮਾਇੰਦਗੀ ਕਰਨ ਵਾਲੀ ਡਿਸਕਸ ਥ੍ਰੋਅਰ ਕ੍ਰਿਸ਼ਨਾ ਪੂਨੀਆ ਦੇਸ਼ ਦੀ ਪਹਿਲੀ ਥ੍ਰੋਅਰ ਹੈ, ਜਿਸ ਨੂੰ ਲੰਡਨ ਉਲੰਪਿਕ ਦੇ ਫਾਈਨਲ 'ਚ ਡਿਸਕਸ ਸੁੱਟਣ ਦਾ ਹੱਕ ਹਾਸਿਲ ਹੋਇਆ। ਨਵੀਂ ਦਿੱਲੀ-2010 ਦੀਆਂ ਰਾਸ਼ਟਰਮੰਡਲ ਖੇਡਾਂ 'ਚ ਡਿਸਕਸ ਸੁੱਟਣ 'ਚ ਸੋਨ ਤਗਮਾ ਜਿੱਤਣ ਵਾਲੀ ਮਹਿਲਾ ਥ੍ਰੋਅਰ ਕ੍ਰਿਸ਼ਨਾ ਪੂਨੀਆ ਵੱਲੋਂ ਏਸ਼ੀਅਨ ਗੇਮਜ਼ ਦੋਹਾ-2006 ਤੇ ਗੁਆਂਗਜ਼ੂ-2010 'ਚ ਤਾਂਬੇ ਦੇ ਤਗਮੇ ਜਿੱਤਣ ਦਾ ਕ੍ਰਿਸ਼ਮਾ ਕੀਤਾ ਗਿਆ। 2013 'ਚ ਰਾਜਸਥਾਨ ਦੀ ਸਾਦਲਪੁਰ ਵਿਧਾਨ ਸਭਾ ਸੀਟ ਤੋਂ ਕਾਂਗਰਸੀ ਉਮੀਦਵਾਰ ਵੱਜੋਂ ਚੋਣ



ਹਾਰਨ ਵਾਲੀ ਓਲੰਪੀਅਨ ਮਹਿਲਾ ਥ੍ਰੋਅਰ ਕ੍ਰਿਸ਼ਨਾ ਪੂਨੀਆ ਨੂੰ ਪੰਜ ਸਾਲ ਬਾਅਦ ਇਸੇ ਸੀਟ 'ਤੇ ਪਹਿਲੀ ਵਾਰ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਨ ਦਾ ਮੌਕਾ ਨਸੀਬ ਹੋਇਆ। 2022 'ਚ ਰਾਜਸਥਾਨ ਸਟੇਟ ਸਪੋਰਟਸ ਕੌਂਸਲ ਦੀ ਪ੍ਰੈਜ਼ੀਡੈਂਟ ਬਣਨ ਵਾਲੀ ਕ੍ਰਿਸ਼ਨਾ ਪੂਨੀਆ ਨੂੰ ਸਾਲ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਵੱਲੋਂ ਉਲੰਪੀਅਨ ਸ਼ੂਟਰ ਰਾਜਵਰਧਨ ਰਾਠੌੜ ਦਾ ਮੁਕਾਬਲਾ ਕਰਨ ਲਈ ਮੈਦਾਨ 'ਚ ਉਤਾਰਿਆ ਗਿਆ ਪਰ ਉਹ ਚੋਣ ਹਾਰ ਗਈ। ਉਲੰਪੀਅਨ ਕ੍ਰਿਸ਼ਨਾ ਪੂਨੀਆ ਦਾ ਮੁੱਖ ਟ੍ਰੇਨਰ ਉਸ ਦਾ ਪਤੀ ਵਰਿੰਦਰ ਸਿੰਘ ਪੂਨੀਆ ਵੀ ਹੈਮਰ ਥ੍ਰੋਅਰ 'ਚ ਏਸ਼ੀਅਨ ਗੋਲਡ ਮੈਡਲਿਸਟ ਹੈ।

**ਹਾਕੀ ਉਲੰਪੀਅਨ ਅਸਲਮ ਸ਼ੇਰ ਖ਼ਾਨ**

ਮੈਦਾਨ 'ਚ ਫੁਲ ਬੈਕ ਦੀ ਪੁਜ਼ੀਸ਼ਨ 'ਤੇ ਖੇਡਣ ਵਾਲਾ ਉਲੰਪੀਅਨ ਅਸਲਮ ਸ਼ੇਰ ਖ਼ਾਨ ਦੇਸ਼ ਦਾ ਪਹਿਲਾ ਹਾਕੀ ਖਿਡਾਰੀ ਹੈ, ਜਿਸ ਨੂੰ ਸੰਸਦ ਮੈਂਬਰ ਬਣਨ ਤੋਂ ਬਾਅਦ ਕੇਂਦਰੀ ਮੰਤਰੀ ਮੰਡਲ 'ਚ ਕੈਬਨਿਟ ਮੰਤਰੀ ਬਣਾਇਆ ਗਿਆ। ਅਸਲਮ ਸ਼ੇਰ ਨੇ ਮੱਧ ਪ੍ਰਦੇਸ਼ ਰਾਜ ਤੋਂ ਪੰਜ ਵਾਰ ਨੈਸ਼ਨਲ ਕਾਂਗਰਸ ਪਾਰਟੀ ਦੀ ਟਿਕਟ ਹਾਸਿਲ ਕਰ ਕੇ ਪਾਰਲੀਮੈਂਟ ਦੀ ਚੋਣ ਲੜੀ। 8ਵੀਂ ਲੋਕ ਸਭਾ 'ਚ ਅਸਲਮ ਸ਼ੇਰ ਖ਼ਾਨ ਪਹਿਲੀ ਵਾਰ ਬੈਤੂਲ ਪਾਰਲੀਮੈਂਟ ਹਲਕੇ ਤੋਂ ਸੰਸਦ ਮੈਂਬਰ ਬਣਨ 'ਚ ਸਫਲ ਹੋਏ। ਇਸੇ ਹਲਕੇ ਤੋਂ 9ਵੀਂ ਲੋਕ ਸਭਾ ਦੀ ਚੋਣ ਹਾਰਨ ਵਾਲੇ ਅਸਲਮ ਖ਼ਾਨ ਨੂੰ 10ਵੀਂ ਲੋਕ ਸਭਾ ਚੋਣਾਂ 'ਚ ਇਸੇ ਹਲਕੇ ਤੋਂ ਦੂਜੀ ਵਾਰ ਸਫਲਤਾ ਹਾਸਿਲ ਹੋਈ। ਬੈਤੂਲ ਪਾਰਲੀਮਾਨੀ ਹਲਕੇ ਤੋਂ ਦੂਜੀ ਵਾਰ ਚੋਣ ਜਿੱਤਣ ਸਦਕਾ ਉਸ ਨੂੰ 1991 ਵਿਚ ਕੇਂਦਰੀ ਮੰਤਰੀ ਮੰਡਲ 'ਚ ਸ਼ਾਮਿਲ ਕੀਤਾ ਗਿਆ। ਇਸ ਤੋਂ ਬਾਅਦ ਅਸਲਮ ਸ਼ੇਰ ਭੂਪਾਲ ਅਤੇ ਸਾਗਰ ਤੋਂ 2004 ਅਤੇ 2009 'ਚ ਲਗਾਤਾਰ ਦੋ ਵਾਰ ਪਾਰਲੀਮੈਂਟ ਦੀ ਚੋਣ 'ਚ ਸਫਲਤਾ ਹਾਸਿਲ ਨਾ ਕਰ ਸਕੇ। ਹਾਕੀ ਉਲੰਪੀਅਨ ਅਸਲਮ ਸ਼ੇਰ ਖ਼ਾਨ ਦਾ ਜਨਮ 15 ਜੁਲਾਈ, 1958 ਵਿਚ ਭੂਪਾਲ 'ਚ ਬਰਲਿਨ-1936 ਉਲੰਪਿਕ ਹਾਕੀ ਵਿਚ ਸੋਨ ਤਗ਼ਮਾ ਜੇਤੂ ਹਾਕੀ ਉਲੰਪੀਅਨ ਅਹਿਮਦ ਸ਼ੇਰ ਖ਼ਾਨ ਦੇ



ਗ੍ਰਹਿ ਵਿਖੇ ਹੋਇਆ। ਕੌਮਾਂਤਰੀ ਹਾਕੀ 'ਚ ਅਸਲਮ ਸ਼ੇਰ ਨੂੰ ਅਜੀਤਪਾਲ ਸਿੰਘ ਕੁਲਾਰ ਦੀ ਅਗਵਾਈ 'ਚ ਕੁਆਲਾਲੰਪੁਰ-1975 ਵਿਸ਼ਵ ਹਾਕੀ ਕੱਪ 'ਚ ਚੈਂਪੀਅਨ ਨਾਮਜ਼ਦ ਹੋਈ ਕੌਮੀ ਟੀਮ ਦੀ ਨੁਮਾਇੰਦਗੀ ਕਰਨ ਤੋਂ ਇਲਾਵਾ ਮਾਂਟੀਰੀਅਲ-1976 ਉਲੰਪਿਕ ਹਾਕੀ ਖੇਡਣ ਦਾ ਰੁਤਬਾ ਹਾਸਿਲ ਹੋਇਆ।

**ਫ਼ਰਾਂਸ 'ਚ ਮੰਤਰੀ ਬਣੀ ਉਲੰਪੀਅਨ ਲੌਰਾ ਫੈਸਲ**

17 ਮਈ, 2017 'ਚ ਫ਼ਰਾਂਸ ਦੇ ਤਤਕਾਲੀ ਪ੍ਰਧਾਨ ਮੰਤਰੀ ਐਡੌਰਡ ਫਿਲਪੀ ਨੇ ਆਪਣੇ ਮੰਤਰੀ

(ਬਾਕੀ ਸਫ਼ਾ 27 'ਤੇ)

# ਖ਼ੂਬਸੂਰਤ ਸੁਭਾਅ ਵਾਲੀ ਪੰਜਾਬੀ ਸਿਨੇਮਾ ਦੀ ਅਦਾਕਾਰ

# ਗੁਰਪ੍ਰੀਤ ਕੌਰ ਭੰਗੂ

**ਸਤਨਾਮ ਸਿੰਘ ਮੱਟੂ**





ਕੁਝ ਚਿਹਰੇ ਸਿਨੇਮਾ ਸਕਰੀਨ 'ਤੇ ਜਿਸ ਤਰ੍ਹਾਂ ਪ੍ਰਦਰਸ਼ਿਤ ਹੁੰਦੇ ਹਨ, ਉਨ੍ਹਾਂ ਦਾ ਅਸਲੀ ਜ਼ਿੰਦਗੀ 'ਚ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਹੈ। ਪਰਦੇ 'ਤੇ ਕੁਰੱਖਤ ਅਤੇ ਸਖ਼ਤ ਸੁਭਾਅ ਦਾ ਅਹਿਸਾਸ ਕਰਾਉਂਦੇ ਅਦਾਕਾਰ ਅਸਲ ਜ਼ਿੰਦਗੀ ਵਿੱਚ ਦਿਆਲੂ, ਸਮਾਜਿਕ, ਨੇਕ ਦਿਲ ਅਤੇ ਮਨੁੱਖਤਾ ਦੇ ਕਦਰਦਾਨ ਹੁੰਦੇ ਹਨ। ਇਸੇ ਤਰ੍ਹਾਂ ਦਾ ਹੀ ਖ਼ੂਬਸੂਰਤ ਸੁਭਾਅ ਪੰਜਾਬੀ ਅਤੇ ਹਿੰਦੀ ਸਿਨੇਮਾ ਦੀ ਅਦਾਕਾਰ ਗੁਰਪ੍ਰੀਤ ਕੌਰ ਭੰਗੂ ਦਾ ਹੈ।

ਜ਼ਿਲ੍ਹਾ ਬਠਿੰਡਾ ਦੇ ਪਿੰਡ ਬੁਰਜ ਕਾਹਨ ਸਿੰਘ ਵਾਲਾ ਵਿਖੇ 13 ਮਈ 1959 ਨੂੰ ਸੁਰਜੀਤ ਕੌਰ ਅਤੇ ਸੁਖਦੇਵ ਸਿੰਘ ਦੇ ਘਰ ਪੈਦਾ ਹੋਈ ਗੁਰਪ੍ਰੀਤ ਕੌਰ ਭੰਗੂ ਨੇ ਬਠਿੰਡਾ ਦੇ ਰਾਜਿੰਦਰਾ ਕਾਲਜ ਤੋਂ ਪੜ੍ਹਾਈ ਕੀਤੀ। ਉਸ ਨੂੰ ਬਚਪਨ ਤੋਂ ਹੀ ਅਦਾਕਾਰੀ ਦਾ ਸ਼ੌਕ ਸੀ। ਉਹ ਅਕਸਰ ਸਕੂਲ ਦੀਆਂ ਸਭਾਵਾਂ ਵਿੱਚ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੀ ਅਤੇ ਅਧਿਆਪਕ ਉਸ ਦੀ ਪੇਸ਼ਕਾਰੀ ਨੂੰ ਉਤਸ਼ਾਹਿਤ ਕਰਦੇ ਰਹਿੰਦੇ ਸਨ। ਕਾਲਜ ਦੀ ਪੜ੍ਹਾਈ ਸਮੇਂ ਉਹ ਸ਼ੌਕ ਨਾਟਕੀ ਸਟੇਜਾਂ ਵੱਲ ਖਿੱਚ ਲਿਆਇਆ। ਮਸ਼ਹੂਰ ਨਾਟਕਕਾਰ ਗੁਰਸ਼ਰਨ ਭਾਅ ਜੀ ਉਰਫ਼ ਭਾਈ ਮੰਨਾ ਸਿੰਘ ਦੇ ਨਾਟਕਾਂ 'ਚ ਅਦਾਕਾਰੀ ਦਾ ਜਲਵਾ ਦਿਖਾਉਂਦਿਆਂ ਉਸ ਨੇ ਆਪਣੀ ਕਲਾ ਨੂੰ ਖ਼ੂਬ ਨਿਖਾਰਿਆ ਅਤੇ ਪੇਸ਼ਕਾਰੀ ਦੀਆਂ ਬਾਰੀਕੀਆਂ ਨੂੰ ਸਮਝਿਆ। ਉਸ ਨੇ ਨਾਟਕਕਾਰ ਅਜਮੇਰ ਸਿੰਘ ਔਲਖ ਦੇ ਨਾਟਕਾਂ ਰਾਹੀਂ ਵੀ ਆਪਣੀ ਕਲਾ ਦੇ ਜੌਹਰ ਵਿਖਾਏ ਅਤੇ ਪਰਿਪੱਕ ਸਫ਼ਰ ਵੱਲ ਕਦਮ ਵਧਾਇਆ। ਉਹ ਕਾਫ਼ੀ ਸਮਾਂ ਅਧਿਆਪਨ ਕਿੱਤੇ ਨਾਲ ਵੀ ਜੁੜੀ ਰਹੀ ਅਤੇ ਸਾਹਿਤਕ ਮੋਹ ਵੀ ਨੂੰ ਜਾਰੀ ਰੱਖਿਆ।

ਸਵਰਨ ਸਿੰਘ ਭੰਗੂ ਦੀ ਜੀਵਨ ਸਾਥਣ ਬਣਨ ਤੋਂ ਬਾਅਦ ਵੀ ਉਸ ਦੀ ਪ੍ਰਗਤੀਵਾਦੀ ਅਤੇ ਸਾਹਿਤਕ ਸੋਚ ਨੂੰ ਕਿਸੇ ਰੁਕਾਵਟ ਦਾ ਸਾਹਮਣਾ ਨਹੀਂ ਕਰਨਾ ਪਿਆ। ਭੰਗੂ ਦੀ ਦਰਿਆਦਿਲੀ ਨੇ ਗੁਰਪ੍ਰੀਤ ਕੌਰ ਭੰਗੂ ਦੇ ਇਸ ਜਨੂੰਨ ਨੂੰ ਸਮਝਿਆ ਅਤੇ ਅਦਾਕਾਰੀ ਦੇ ਖੰਭਾਂ ਨਾਲ ਅਸਮਾਨੀ ਉੱਚਾ ਉੱਡਣ ਲਈ ਉਤਸ਼ਾਹਿਤ ਕੀਤਾ। ਚਮਕੌਰ ਸਾਹਿਬ ਵਿਖੇ ਉਨ੍ਹਾਂ ਨੇ ਚੇਤਨਾ ਕਲਾ ਮੰਚ ਚਮਕੌਰ ਸਾਹਿਬ ਨਾਂ ਦੀ ਸੰਸਥਾ ਬਣਾ ਕੇ ਨੇੜਲੇ ਪਿੰਡਾਂ ਵਿੱਚ ਸਮਾਜਿਕ ਕੁਰੀਤੀਆਂ ਅਤੇ ਅਲਾਮਤਾਂ, ਜ਼ਬਰ ਜ਼ੁਲਮ ਵਿਰੁੱਧ, ਰੁੱਖ ਅਤੇ ਕੁੱਖ ਬਚਾਉਣ, ਆਰਥਿਕ ਮੰਦਹਾਲੀ, ਸੱਭਿਆਚਾਰਕ ਕਦਰਾਂ ਕੀਮਤਾਂ, ਕੁਦਰਤ ਅਤੇ ਵਾਤਾਵਰਨ ਸੰਭਾਲ ਵਰਗੇ ਵਿਸ਼ਿਆਂ 'ਤੇ ਆਧਾਰਿਤ ਨਾਟਕਾਂ ਦੀ ਪੇਸ਼ਕਾਰੀ ਕੀਤੀ। ਰੋਪੜ ਜ਼ਿਲ੍ਹੇ ਤੋਂ ਇਲਾਵਾ ਉਨ੍ਹਾਂ ਦੀ ਟੀਮ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਪੂਰੇ ਦੇਸ਼ ਵਿੱਚ ਨਾਟਕਾਂ ਰਾਹੀਂ ਆਪਣੀ ਖ਼ੂਬਸੂਰਤ ਕਲਾ ਦਾ ਪ੍ਰਦਰਸ਼ਨ ਕੀਤਾ ਹੈ।

ਗੁਰਪ੍ਰੀਤ ਭੰਗੂ ਅਜਿਹੀ ਅਦਾਕਾਰਾ ਹੈ ਜਿਸ ਨੇ ਵਿਆਹੁਤਾ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਨਿਭਾਉਂਦੇ ਹੋਏ ਹਿੰਮਤ, ਹੌਸਲੇ ਅਤੇ ਦ੍ਰਿੜਤਾ ਨਾਲ ਆਪਣੀ ਮੰਜ਼ਿਲ ਦੀਆਂ ਪੌੜੀਆਂ ਸਰ ਕੀਤੀਆਂ ਹਨ। ਨਾਟਕਾਂ ਤੋਂ ਸ਼ੁਰੂ ਹੋਇਆ ਉਸ ਦਾ ਅਦਾਕਾਰੀ ਦਾ ਸਫ਼ਰ ਫਿਰ ਪੰਜਾਬੀ ਗੀਤਾਂ, ਵੈੱਬ ਸੀਰੀਜ਼, ਟੀਵੀ ਚੈਨਲਾਂ, ਪੰਜਾਬੀ ਤੇ ਹਿੰਦੀ ਫ਼ਿਲਮਾਂ ਤੱਕ ਅਦਾਕਾਰੀ ਦੇ ਜੌਹਰ ਵਿਖਾ ਰਿਹਾ ਹੈ।

ਠੇਠ ਪੰਜਾਬੀ ਭਾਸ਼ਾ ਦੀ ਮਾਹਰ ਗੁਰਪ੍ਰੀਤ ਕੌਰ ਭੰਗੂ ਨੇ 2013 ਵਿੱਚ ਪੰਜਾਬੀ ਫਿਲਮ 'ਸਿੰਘ ਵਰਸਿਜ਼ ਕੌਰ' ਜ਼ਰੀਏ ਫਿਲਮ ਇੰਡਸਟਰੀ ਵਿੱਚ ਪੈਰ ਰੱਖਿਆ ਸੀ। ਉਸ ਦੇ ਦਮਦਾਰ ਕਿਰਦਾਰ ਨੇ ਫਿਲਮੀ ਪਿੜ ਵਿੱਚ ਉਸ ਨੂੰ ਮਜ਼ਬੂਤ ਪੈਰੀਂ ਖੜ੍ਹਨ ਦਾ ਅਹਿਸਾਸ ਕਰਵਾਇਆ। 'ਨਿਹਾਲੇ ਦੀ ਤਾਈ' ਕਿਰਦਾਰ ਲੋਕ ਦਿਲਾਂ 'ਤੇ ਅਮਿੱਟ ਛਾਪ ਛੱਡ ਗਿਆ। ਇਸ ਤੋਂ ਬਾਅਦ ਚੱਲ ਸੋ ਚੱਲ। ਉਸ ਨੇ ਦਰਸ਼ਕਾਂ 'ਤੇ ਆਪਣੇ ਹਰ ਕਿਰਦਾਰ ਦੀ ਅਮਿੱਟ ਛਾਪ ਛੱਡੀ ਹੈ।

ਗੁਰਪ੍ਰੀਤ ਕੌਰ ਭੰਗੂ ਫਿਲਮੀ ਦੁਨੀਆ ਦੇ ਕਿਰਦਾਰਾਂ ਤੋਂ ਬਿਲਕੁਲ ਉਲਟ ਸੁਭਾਅ ਦੀ ਮਾਲਕ ਹੈ। ਸਤਿਕਾਰ, ਮਿਲਵਰਤਣ, ਨਿਮਰਤਾ, ਸਾਦਾਪਣ ਆਦਿ ਉਸ ਦੀ ਸ਼ਖ਼ਸੀਅਤ ਦੇ ਅਟੁੱਟ ਅੰਗ ਹਨ। ਫਿਲਮੀ ਦੁਨੀਆ ਵਿੱਚ ਹੁੰਦੇ ਹੋਏ ਉਹ ਪੂਰੀ ਤਰ੍ਹਾਂ ਸਮਾਜਿਕ ਕਾਰਜਾਂ ਨੂੰ ਵੀ ਸਮਰਪਿਤ ਹੈ। ਉਸ ਨੇ ਆਪਣੀ ਸੰਪਤੀ ਦਾ ਕੁਝ ਹਿੱਸਾ ਮਾਨਵਤਾ ਲਈ ਦਾਨ ਕਰਕੇ ਅਸਲ ਮਾਨਵਤਾਵਾਦੀ ਅਤੇ ਆਦਰਸ਼ਵਾਦੀ ਹੋਣ ਦਾ ਸਬੂਤ ਦਿੱਤਾ ਹੈ। ਆਪਣਾ ਘਰ ਦਾਨ ਦੇ ਕੇ ਆਦਰਸ਼ ਐਜੂਕੇਸ਼ਨ ਚੈਰੀਟੇਬਲ ਟਰੱਸਟ ਦੀ ਸਥਾਪਨਾ ਕੀਤੀ ਹੈ, ਜਿਸ ਅਧੀਨ ਉਨ੍ਹਾਂ ਦੀਆਂ ਦੋ ਵਿੱਦਿਅਕ ਸੰਸਥਾਵਾਂ ਚੱਲ ਰਹੀਆਂ ਹਨ, ਜਿਸ ਦੇ ਡਾਇਰੈਕਟਰ ਵਜੋਂ ਉਸ ਦੇ ਪਤੀ ਸਵਰਨ ਸਿੰਘ ਭੰਗੂ ਮੁਫ਼ਤ ਸੇਵਾਵਾਂ ਨਿਭਾ ਰਹੇ ਹਨ। ਰੂਰਲ ਇੰਸਟੀਚਿਊਟ ਆਫ ਕੈਰੀਅਰ ਕੋਰਸ (ਆਰਆਈਸੀਸੀ), ਚਮਕੌਰ ਸਾਹਿਬ ਅਤੇ ਡਰੀਮਲੈਂਡ ਪਬਲਿਕ ਸਕੂਲ ਇਸ ਟਰੱਸਟ ਅਧੀਨ ਵਿੱਦਿਆ ਦਾ ਚਾਨਣ ਵੰਡ ਰਹੇ ਹਨ। ਇਨ੍ਹਾਂ ਸੰਸਥਾਵਾਂ ਵਿੱਚ 550 ਤੋਂ ਵੱਧ ਵਿਦਿਆਰਥੀਆਂ ਸਿੱਖਿਆ ਹਾਸਲ ਕਰ ਰਹੇ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਲੋੜਵੰਦ ਬੱਚੇ ਗੁਰਪ੍ਰੀਤ ਕੌਰ ਭੰਗੂ ਦੀ ਪ੍ਰੇਰਨਾ ਸਦਕਾ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੇ ਪੜ੍ਹਾਈ ਲਈ ਗੋਦ ਲਏ ਹੋਏ ਹਨ ਬੇਸ਼ੱਕ ਉਸ ਨੂੰ ਆਪਣੀ ਸੰਜੀਦਾ ਅਦਾਕਾਰੀ ਲਈ ਕਈ ਮਾਨ-ਸਨਮਾਨ ਮਿਲੇ ਹਨ, ਪਰ ਦਰਸ਼ਕਾਂ ਦੀ ਹਰਮਨਪਿਆਰੀ ਇਹ ਅਦਾਕਾਰਾ ਉਨ੍ਹਾਂ ਵੱਲੋਂ ਮਿਲ ਰਹੇ ਪਿਆਰ ਨੂੰ ਹੀ ਸਭ ਤੋਂ ਵੱਡਾ ਸਨਮਾਨ ਮੰਨਦੀ ਹੈ।

# 50 ਸਾਲਾਂ ਬਾਅਦ ਵੀ ਬਰਕਰਾਰ ਹੈ 'ਸ਼ੋਲੇ' ਦਾ ਜਾਦੂ



ਰਮੇਸ਼ ਸਿੱਪੀ ਦੀ ਮਹਾਨ ਫ਼ਿਲਮ 'ਸ਼ੋਲੇ' ਆਪਣੇ ਰਿਲੀਜ਼ ਹੋਣ ਦੇ 50 ਸਾਲਾਂ ਬਾਅਦ ਇੱਕ ਵਾਰ ਫਿਰ ਸਿਨੇਮਾਘਰਾਂ ਵਿੱਚ ਪਰਤ ਆਈ ਹੈ, ਜਿਸ ਨੇ ਦਰਸ਼ਕਾਂ ਨੂੰ ਪੁਰਾਣੀਆਂ ਯਾਦਾਂ ਵਿੱਚ ਗੁਆ ਦਿੱਤਾ ਹੈ। ਇਸ ਵਾਰ ਇਹ ਫ਼ਿਲਮ ਆਪਣੇ 'ਅਨਕੱਟ' ਰੂਪ ਵਿੱਚ ਪੇਸ਼ ਕੀਤੀ ਗਈ ਹੈ, ਜਿਸ ਵਿੱਚ ਕੁਝ ਅਜਿਹੇ ਦ੍ਰਿਸ਼ ਸ਼ਾਮਲ ਹਨ ਜੋ ਪਹਿਲਾਂ ਕਦੇ ਨਹੀਂ ਦੇਖੇ ਗਏ ਸਨ।

ਸਭ ਤੋਂ ਖਾਸ ਗੱਲ ਇਸ ਦਾ ਵੱਖਰਾ ਅੰਤ ਹੈ, ਜਿਸ ਵਿੱਚ ਠਾਕੁਰ ਬਲਦੇਵ ਸਿੰਘ (ਸੰਜੀਵ ਕੁਮਾਰ) ਗੱਬਰ ਸਿੰਘ (ਅਮਜਦ ਖਾਨ) ਨੂੰ ਪੁਲਿਸ ਹਵਾਲੇ ਕਰਨ ਦੀ ਬਜਾਏ ਮੌਤ ਦੇ ਘਾਟ ਉਤਾਰ ਦਿੰਦਾ ਹੈ। 1975 ਵਿੱਚ ਐਮਰਜੈਂਸੀ ਦੌਰਾਨ ਸੈਂਸਰ ਬੋਰਡ ਦੇ ਦਬਾਅ ਹੇਠ ਅਸਲ ਕਲਾਈਮੈਕਸ ਬਦਲ ਦਿੱਤਾ ਗਿਆ ਸੀ, ਪਰ ਹੁਣ ਅਸਲੀ ਅੰਤ ਦੇਖ ਕੇ ਪ੍ਰਸ਼ੰਸਕਾਂ ਨੂੰ ਇੱਕ ਮਾਨਸਿਕ ਸਕੂਨ ਮਿਲ ਰਿਹਾ ਹੈ। ਫ਼ਿਲਮ ਦੇ ਇਸ ਵਰਜ਼ਨ ਵਿੱਚ ਇਮਾਮ ਸਾਹਿਬ ਦੇ ਬੇਟੇ ਅਹਿਮਦ ਦੇ ਬੇਰਹਿਮੀ ਨਾਲ ਕਤਲ ਅਤੇ ਠਾਕੁਰ ਦੇ ਪੈਰਾਂ ਵਿੱਚ ਕਿੱਲ ਗੱਡਣ ਵਰਗੇ ਕੁਝ ਵਾਧੂ ਸਕਿੰਟਾਂ ਦੇ ਦ੍ਰਿਸ਼ ਵੀ ਜੋੜੇ ਗਏ ਹਨ।

ਇਸ ਫ਼ਿਲਮ ਦਾ ਕ੍ਰੇਜ਼ ਅੱਜ ਵੀ ਇੰਨਾ ਜ਼ਿਆਦਾ ਹੈ ਕਿ ਸਿਨੇਮਾਘਰਾਂ ਵਿੱਚ ਤਿੰਨ-ਤਿੰਨ ਪੀੜ੍ਹੀਆਂ ਇੱਕਠੀਆਂ ਬੈਠ ਕੇ ਇਸ ਦਾ ਆਨੰਦ ਮਾਣ ਰਹੀਆਂ ਹਨ। ਜਿੱਥੇ ਬਜ਼ੁਰਗ ਆਪਣੀਆਂ ਪੁਰਾਣੀਆਂ ਯਾਦਾਂ ਤਾਜ਼ਾ ਕਰ ਰਹੇ ਹਨ, ਉੱਥੇ ਹੀ ਨਵੀਂ ਪੀੜ੍ਹੀ, ਜਿਸ ਨੇ ਹੁਣ ਤੱਕ ਇਹ ਫ਼ਿਲਮ ਸਿਰਫ਼ ਟੀਵੀ ਜਾਂ ਡੀਵੀਡੀ 'ਤੇ ਦੇਖੀ ਸੀ, ਵੱਡੇ ਪਰਦੇ 'ਤੇ ਜੈ-ਵੀਰੂ ਦੀ ਦੋਸਤੀ ਅਤੇ ਗੱਬਰ ਦੀ ਦਹਿਸ਼ਤ ਦਾ ਅਨੁਭਵ ਕਰ ਰਹੀ ਹੈ।

'ਸ਼ੋਲੇ' ਸਿਰਫ਼ ਇੱਕ ਫ਼ਿਲਮ ਨਹੀਂ ਸਗੋਂ ਭਾਰਤੀ ਮੁੱਲਾਂ, ਦੋਸਤੀ ਅਤੇ ਬੁਰਾਈ 'ਤੇ ਨੇਕੀ ਦੀ ਜਿੱਤ ਦਾ ਇੱਕ ਅਜਿਹਾ ਪ੍ਰਤੀਕ ਬਣ ਚੁੱਕੀ ਹੈ, ਜਿਸ ਦਾ ਜਾਦੂ 50 ਸਾਲਾਂ ਬਾਅਦ ਵੀ ਬਰਕਰਾਰ ਹੈ।

# ਦੁਨੀਆ ਭਰ 'ਚ ਫ਼ੈਲਿਆ ਸੀ ਫ਼ਿਰਦੌਸ ਦੀ ਅਦਾਕਾਰੀ ਦਾ ਜਾਦੂ

**ਗੁਰਮੀਤ ਸਿੰਘ ਫ਼ਾਜ਼ਿਲਕਾ**



ਫ਼ਿਰਦੌਸ ਬੇਗਮ ਲਹਿੰਦੇ ਪੰਜਾਬ ਦੀ ਫ਼ਿਲਮੀ ਅਦਾਕਾਰਾ ਸੀ। ਉਸਦਾ ਜਨਮ 4 ਅਗਸਤ, 1947 ਨੂੰ ਲਾਹੌਰ ਵਿੱਚ ਹੋਇਆ। ਫ਼ਿਰਦੌਸ ਬੇਗਮ ਦਾ ਪਹਿਲਾ ਨਾਮ ਪਰਵੀਨ ਬੇਗਮ ਸੀ। ਪਾਕਿਸਤਨ ਵਿੱਚ 1970 ਵਿੱਚ ਬਣੀ ਪੰਜਾਬੀ ਫ਼ਿਲਮ 'ਹੀਰ ਰਾਂਝਾ' ਵਿੱਚ ਫ਼ਿਰਦੌਸ ਦੀ ਅਦਾਕਾਰੀ ਦਾ ਲੋਹਾ ਸਾਂਝੇ ਪੰਜਾਬ ਦੀਆਂ ਹੱਦਾਂ ਤੋਂ ਪਾਰ ਦੁਨੀਆ ਭਰ ਵਿੱਚ ਫ਼ੈਲਿਆ। ਫ਼ਿਲਮ 'ਮਲੰਗੀ' (1965) ਵਿੱਚ ਉਸ ਨੇ ਲੀਡ ਰੋਲ ਕੀਤਾ। ਫ਼ਿਰਦੌਸ ਨੇ 197 ਫ਼ਿਲਮਾਂ ਵਿੱਚ ਅਦਾਕਾਰੀ ਕੀਤੀ, ਜਿਨ੍ਹਾਂ ਵਿੱਚ 130 ਪੰਜਾਬੀ ਫ਼ਿਲਮਾਂ ਹਨ ਜੋ ਸਮੇਂ-ਸਮੇਂ 'ਤੇ ਰਿਲੀਜ਼ ਹੋਈਆਂ। ਫ਼ਿਰਦੌਸ ਦੀ ਅਦਾਕਾਰੀ ਨੂੰ ਵੇਖਣ ਲਈ ਸਿਨੇਮਾ ਘਰਾਂ ਵਿੱਚ ਲੋਕ ਉੱਛਲ-ਉੱਛਲ ਪੈਂਦੇ। ਫ਼ਿਰਦੌਸ ਦੀਆਂ ਅਦਾਕਾਰੀ ਵਾਲੀਆਂ ਫ਼ਿਲਮਾਂ ਸਦੀਵੀ ਛਾਪ ਛੱਡ ਗਈਆਂ।

ਫ਼ਿਰਦੌਸ ਬੇਗਮ ਨੇ ਪੰਜਾਬੀ ਤੋਂ ਇਲਾਵਾ 20 ਉਰਦੂ ਫ਼ਿਲਮਾਂ ਅਤੇ ਤਿੰਨ ਪਸ਼ਤੋਂ ਫ਼ਿਲਮਾਂ ਵਿੱਚ ਅਦਾਕਾਰੀ ਕੀਤੀ। ਅਦਾਕਾਰਾ ਫ਼ਿਰਦੌਸ ਨੇ 'ਮਲੰਗੀ' ਫ਼ਿਲਮ ਦੇ ਐਕਟਰ ਅਕਮਲ ਖ਼ਾਨ ਨਾਲ ਵਿਆਹ ਕਰਵਾਇਆ ਪਰ ਅਕਮਲ ਦਾ ਦਿਹਾਂਤ 1967 'ਚ ਹੋ ਗਿਆ। ਬਾਅਦ ਵਿੱਚ 1970 ਦੀ ਬਣੀ ਫ਼ਿਲਮ 'ਹੀਰ ਰਾਂਝਾ' ਦੇ ਐਕਟਰ ਈਜ਼ਾਜ਼ ਦੁਰਾਨੀ ਨਾਲ ਦੂਸਰਾ ਵਿਆਹ ਕਰਵਾਇਆ। ਉਸ ਸਮੇਂ ਉਸ ਦਾ ਹੁਸਨ ਸਿਖ਼ਰ 'ਤੇ ਸੀ। ਉਸ ਦੇ ਘਰ ਦੋ ਪੁੱਤਰ ਅਤੇ ਇੱਕ ਧੀ ਹੋਏ। ਫ਼ਿਲਮਾਂ ਵਿੱਚ ਵਧੀਆ ਅਦਾਕਾਰੀ ਲਈ ਉਸ ਨੂੰ 1969,1970, 1971 ਅਤੇ 1973 'ਚ ਚਾਰ ਫ਼ਿਲਮੀ ਐਵਾਰਡ ਮਿਲੇ। 16 ਦਸੰਬਰ 2020 ਨੂੰ ਫ਼ਿਰਦੌਸ 73 ਸਾਲ ਦੀ ਉਮਰ ਵਿੱਚ ਬਰੇਨ ਹੈਮਰੇਜ਼ ਨਾਲ ਲਾਹੌਰ ਵਿੱਚ ਜ਼ਿੰਦਗੀ ਦੀ ਬਾਜ਼ੀ ਹਾਰ ਗਈ।

ਫ਼ਿਰਦੌਸ ਬੇਗਮ ਨੇ ਹੋਰ ਵੀ ਪੰਜਾਬੀ ਫ਼ਿਲਮਾਂ ਵਿੱਚ ਯਾਦਗਾਰੀ ਰੋਲ ਕੀਤੇ। ਮਲਕਾ-ਏ-ਤਰੰਨਮ ਨੂਰ ਜਹਾਂ ਦੀ ਮਿੱਠੀ ਆਵਾਜ਼ ਵਿੱਚ ਗਾਏ ਫ਼ਿਲਮੀ ਗੀਤਾਂ ਨਾਲ ਫ਼ਿਰਦੌਸ ਦੀ ਅਦਾਕਾਰੀ ਨੇ ਦਰਸ਼ਕਾਂ ਦੇ ਮਨ ਮੋਹ ਲਏ। ਇਨ੍ਹਾਂ ਵਿਚੋਂ ਕਈ ਯਾਦਗਾਰੀ ਗੀਤ ਸਦਾ ਬਹਾਰ ਹਨ। ਫ਼ਿਲਮ 'ਹੀਰ ਰਾਂਝਾ' ਵਿੱਚ ਗੀਤ 'ਸੁਣ ਵੰਝਲੀ ਦੀ ਮਿੱਠੜੀ ਤਾਣ ਵੇ ਮੈਂ ਹੋ ਹੋ ਗਈ ਕੁਰਬਾਨ, ਵੰਝਲੀ ਵਾਲੜਿਆ ਤੂੰ ਤਾਂ ਮੋਹ ਲਈ ਉਹ ਮੁਟਿਆਰ ਕਦੇ ਨ੍ਹੀਂ ਮੰਨੀ ਜਿੰਨੇ ਹਾਰ। ਤੈਨੂੰ ਘਰ ਬੈਠੀ ਨੂੰ ਪਿਆਰ ਵੇ ਵੰਝਲੀ ਵਾਲੜਿਆ' (ਆਵਾਜ਼ ਮੁਨੀਰ ਹੁਸੈਨ ਅਤੇ ਨੂਰ ਜਹਾਂ),'ਸਾਨੂੰ ਨਹਿਰ ਵਾਲੇ ਪੁਲ 'ਤੇ ਬੁਲਾ ਕੇ ਖੌਰੇ ਮਾਹੀ ਕਿਥੇ ਰਹਿ ਗਿਆ' (ਫ਼ਿਲਮ 'ਦੁੱਖ ਸੱਜਣਾਂ ਦੇ') ਫ਼ਿਲਮ 'ਦੁੱਲਾ ਹੈਦਰੀ' 'ਚ 'ਬਾਜ਼ੀ ਜਿੱਤ ਲਈ',ਗੀਤ ਬਖ਼ਸ਼ੀ ਵਜ਼ੀਰ ਦੀ ਮੌਸਿਕੀ 'ਚ ਨੂਰ ਜਹਾਂ ਦੀ ਆਵਾਜ਼ ਵਿੱਚ ਪਿਆਰਾ ਗੀਤ 'ਮੇਰੇ ਸੱਜਰੇ ਫ਼ੁੱਲਾਂ ਦੇ ਗਜਰੇ ਕੰਡਿਆਂ ਦੇ ਵੱਸ ਪੈ ਗਏ' (ਫ਼ਿਲਮ 'ਪੰਜ ਦਰਿਆ')-ਫ਼ਿਲਮ 'ਸ਼ੇਰਾਂ ਦੀ ਜੋੜੀ' ਦਾ ਗੀਤ ਜੀਏ ਚਿਸ਼ਤੀ ਦੀ ਮੌਸਿਕੀ (ਤਰਜ਼) 'ਤੇਰੇ ਹੱਥ ਕੀ ਬੇਦਰਦੇ ਆਇਆ ਨੀ ਫ਼ੁੱਲਾਂ ਜਿਹਾ ਦਿਲ ਤੋੜ ਕੇ' ਵਿੱਚ ਫ਼ਿਰਦੋਸ਼ ਦੀ ਅਦਾਕਾਰੀ ਵੇਖਣ ਵਾਲੀ ਹੈ। ਲਹਿੰਦੇ ਪੰਜਾਬ ਦੀਆ ਪੰਜਾਬੀ ਫ਼ਿਲਮਾਂ 'ਮਿਰਜ਼ਾ ਜੱਟ', 'ਜੈਂਟਲਮੈਂਨ', 'ਮਲੰਗੀ' 1964) ਦਾ ਗੀਤ 'ਮਾਹੀ ਵੇ ਸਾਨੂੰ ਭੁੱਲ ਨਾ ਜਾਵੀਂ' ਸੁਣ ਕੇ ਰੂਹ ਖ਼ੁਸ਼ ਹੋ ਜਾਂਦੀ ਹੈ। ਉਦਾਸੀ ਵਾਲੇ ਗੀਤਾਂ ਵਿੱਚ ਫ਼ਿਰਦੌਸ ਨੇ ਰੂਹ ਨਾਲ ਕੰਮ ਕੀਤਾ। ਫ਼ਿਲਮ 'ਇਸ਼ਕ ਨਾ ਪੁੱਛੇ ਜਾਤ' ਦਾ ਗੀਤ 'ਵੱਗਦੀ ਨਦੀ ਦਾ ਪਾਣੀ ਮੁੜ ਕੇ ਨਹੀਂ ਆਉਂਦਾਜਾ ਕੇ ਜਿਵੇਂ ਜਵਾਨੀ' ਵਿੱਚ ਫ਼ਿਰਦੌਸ ਦਾ ਕਿਸ਼ਤੀ ਚਲਾਉਣ ਦੀ ਅਦਾਕਾਰੀ ਦਾ ਕੁਦਰਤੀ ਰੰਗ ਹੈ।

ਫ਼ਿਲਮ 'ਪਗੜੀ ਸੰਭਾਲ ਜੱਟਾ' ਨਿੱਕੇ ਹੁੰਦਿਆਂ ਦਾ ਪਿਆਰ, ਇੱਕ ਸੋਨਾ ਇੱਕ ਮਿੱਟੀ ਮੁਰਾਦ ਬਲੋਚ (ਗੀਤ 'ਮੁਟਿਆਰੋ ਨੀ ਮੇਰੇ ਹਾਣ ਦੀਓ') ਫ਼ਿਲਮ 'ਨਾਜੋ' ਦਾ ਗੀਤ-'ਸੋਹਣਾ ਮੇਰਾ ਢੋਲਾ ਹੋ ਡਾਹਡਾ ਬੇਈਮਾਨ ਏ' ਦਾ ਸੁਹਜ ਕਮਾਲ ਦਾ ਹੈ। ਇਸ ਗੀਤ ਦੇ ਸ਼ਾਇਰ ਅਹਿਮਦ ਰਾਹੀ ਹਨ। ਫ਼ਿਲਮ 'ਦੁਨੀਆ ਪੈਸੇ ਦੀ' ਦਾ ਸਦਾ ਬਹਾਰ ਗੀਤ 'ਚੱਲ ਚਲੀਏ ਦੁਨੀਆ ਦੀ ਉਸ ਨੁੱਕਰੇ ਜਿਥੇ ਬੰਦਾ ਨਾ ਬੰਦੇ ਦੀ ਜਾਤ ਹੋਵੇ' (ਨੂਰ ਜਹਾਂ ਤੇ ਮਹਿੰਦੀ ਹਸਨ) 'ਚ ਫ਼ਿਰਦੌਸ ਨੇ ਰੀਝਾਂ ਨਾਲ ਅਦਾਕਾਰੀ ਕੀਤੀ, ਵੇਖ ਮਨ ਖਿੜ ਜਾਂਦਾ। ਲਹਿੰਦੇ ਪੰਜਾਬ ਦੀ ਹੁਸੀਨ ਅਦਾਕਾਰਾ ਫ਼ਿਰਦੌਸ ਦੀ ਅਦਾਕਾਰੀ ਪਾਕਿ ਫ਼ਿਲਮ ਜਗਤ ਦੀ ਇਤਿਹਾਸਕ ਯਾਦ ਹੈ ਜੋ ਪੰਜਾਬੀ ਸੰਗੀਤ ਪ੍ਰੇਮੀਆਂ ਦੇ ਦਿਲਾਂ ਦੀ ਧੜਕਣ ਬਣ ਗਈ ਹੈ। ਉਨ੍ਹਾਂ ਵੱਲੋਂ ਪੰਜਾਬੀ ਫ਼ਿਲਮਾਂ ਵਿੱਚ ਅਜਿਹੀਆਂ ਭੂਮਿਕਾਵਾਂ ਨਿਭਾਈਆਂ ਜਿਨ੍ਹਾਂ ਨੇ ਪੰਜਾਬੀ ਮਨਾਂ ਉਤੇ ਸਦੀਵੀ ਛਾਪ ਛੱਡ ਦਿੱਤੀ।



## ਕਿਉਂ ਸੁਲਗ ਰਿਹੈ ਬੰਗਲਾਦੇਸ਼ ?

ਬੰਗਲਾਦੇਸ਼ ਦੀ ਰਾਜਨੀਤਿਕ ਅਸਥਿਰਤਾ ਅਤੇ ਕੱਟੜਪੰਥੀ ਤਾਕਤਾਂ ਦਾ ਦਬਦਬਾ ਭਾਰਤ ਲਈ ਵਧੇਰੇ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਇਸ ਬਹਾਨੇ ਇੱਕ ਪਾਸੇ ਪਾਕਿਸਤਾਨ ਤੇ ਚੀਨ ਅਤੇ ਦੂਜੇ ਪਾਸੇ ਅਮਰੀਕਾ, ਜਰਮਨੀ, ਫਰਾਂਸ ਵਰਗੇ ਪੱਛਮੀ ਦੇਸ਼ ਇਸ ਵਿੱਚ ਦਖਲ ਦੇਣ ਦਾ ਮੌਕਾ ਲੱਭ ਰਹੇ ਹਨ। ਇਸ ਕਰਕੇ ਬੰਗਲਾਦੇਸ਼ ਸਬੰਧੀ ਭਾਰਤ ਬਹੁਤ ਸੰਭਲ ਸੰਭਲ ਕੇ ਕਦਮ ਚੁੱਕ ਰਿਹਾ ਹੈ। ਜਿਥੇ ਬੰਗਲਾਦੇਸ਼ ਲਈ ਭਾਰਤ ਦਾ ਵੱਡਾ ਮਹੱਤਵ ਹੈ ਅਤੇ ਉਹ ਵਪਾਰ ਅਤੇ ਸੁਰੱਖਿਆ ਲਈ ਭਾਰਤ 'ਤੇ ਨਿਰਭਰ ਹੈ, ਉਥੇ ਭਾਰਤ ਨੂੰ ਵੀ ਬੰਗਲਾਦੇਸ਼ ਦਾ ਬਹੁਤ ਫਾਇਦਾ ਹੁੰਦਾ ਹੈ। ਬੰਗਲਾਦੇਸ਼ ਭਾਰਤ ਨੂੰ ਆਪਣੇ ਉੱਤਰ-ਪੂਰਬੀ ਰਾਜਾਂ ਨੂੰ ਸਸਤੀ ਅਤੇ ਪਹੁੰਚ ਯੋਗ ਸੰਪਰਕ ਵੀ ਪ੍ਰਦਾਨ ਕਰਦਾ ਹੈ। ਬੰਗਲਾਦੇਸ਼ ਉੱਤਰ-ਪੂਰਬੀ ਰਾਜਾਂ ਨੂੰ ਬਾਕੀ ਭਾਰਤ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਅੱਜ ਦੀਆਂ ਤਾਜ਼ਾ ਰਿਪੋਰਟਾਂ ਅਨੁਸਾਰ ਭਾਰਤ ਅਤੇ ਬੰਗਲਾਦੇਸ਼ ਵੱਲੋਂ ਦੁਵੱਲੇ ਤਨਾਓ ਨੂੰ ਘੱਟ ਕਰਨ ਲਈ ਯਤਨ ਸ਼ੁਰੂ ਕਰ ਦਿੱਤੇ ਗਏ ਹਨ। ਦੋਵਾਂ ਦੇਸ਼ਾਂ ਵਿਚਾਲੇ ਦੋਸਤੀ ਦੀ ਤੰਦ ਨੂੰ ਪਹਿਲਾਂ ਵਾਂਗ ਮਜ਼ਬੂਤ ਕਰਨ ਵਿੱਚ ਹੀ ਦੋਵਾਂ ਦੇਸ਼ਾਂ ਦੀ ਭਲਾਈ ਹੈ। ਇਸ ਦੇ ਨਾਲ ਦੋਵਾਂ ਧਿਰਾਂ ਨੂੰ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਮੌਜੂਦਾ ਤਨਾਓ ਦਾ ਫਾਇਦਾ ਅਮਰੀਕਾ ਜਾਂ ਪੱਛਮੀ ਦੇਸ਼ ਵਰਗੀ ਤੀਜੀ ਧਿਰ ਨਾ ਉਠਾ ਸਕੇ।

***

## ਭਾਰਤ-ਬੰਗਲਾਦੇਸ਼ ਸਬੰਧਾਂ ਲਈ ਨਵੀਆਂ ਉਮੀਦਾਂ

ਉਨ੍ਹਾਂ ਨੇ ਇਸ ਮੁੱਦੇ 'ਤੇ ਕਈ ਸਬੰਧਿਤ ਧਿਰਾਂ ਨਾਲ ਚਰਚਾ ਕੀਤੀ ਹੈ।' ਵਿੱਤੀ ਸਲਾਹਕਾਰ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਬੰਗਲਾਦੇਸ਼ ਦੀ ਵਪਾਰ ਨੀਤੀ ਰਾਜਨੀਤਿਕ ਵਿਚਾਰਧਾਰਾਵਾਂ ਤੋਂ ਪ੍ਰਭਾਵਿਤ ਨਹੀਂ ਹੈ। ਇੱਕ ਉਦਾਹਰਣ ਦਿੰਦੇ ਹੋਏ, ਉਨ੍ਹਾਂ ਕਿਹਾ, 'ਜੇਕਰ ਭਾਰਤ ਤੋਂ ਚੌਲ ਆਯਾਤ ਕਰਨਾ ਵੀਅਤਨਾਮ ਜਾਂ ਕਿਸੇ ਹੋਰ ਦੇਸ਼ ਨਾਲੋਂ ਸਸਤਾ ਹੈ, ਤਾਂ ਭਾਰਤ ਤੋਂ ਖਰੀਦਣਾ ਆਰਥਿਕ ਤੌਰ 'ਤੇ ਸਮਝਦਾਰੀ ਹੈ। ਉਨ੍ਹਾਂ ਦੱਸਿਆ ਕਿ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੇ ਹਾਲ ਹੀ ਵਿੱਚ ਭਾਰਤ ਤੋਂ 50,000 ਟਨ ਚੌਲ ਆਯਾਤ ਕਰਨ ਦੇ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਹੈ। ਉਨ੍ਹਾਂ ਨੇ ਇਸ ਨੂੰ ਦੋਵਾਂ ਦੇਸ਼ਾਂ ਵਿਚਕਾਰ ਬਿਹਤਰ ਸਬੰਧਾਂ ਵੱਲ ਇੱਕ ਮਹੱਤਵਪੂਰਨ ਕਦਮ ਦੱਸਿਆ।

***

## ਨਿਊਜ਼ੀਲੈਂਡ 'ਚ ਨਸਲਵਾਦੀ ਗਰੁੱਪ

ਇਹੀ ਨਸਲਵਾਦ ਤੇ ਨਫ਼ਰਤੀ ਸੋਚ ਦਾ ਬਦਲ ਹੈ।

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਐਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸਖ਼ਤ ਨਿੰਦਾ ਕੀਤੀ ਗਈ ਹੈ। ਉਨ੍ਹਾਂ ਨੇ ਵੱਖ ਵੱਖ ਬਿਆਨਾਂ ਵਿੱਚ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫ਼ਰ ਲਕਸਨ, ਵਿਦੇਸ਼ ਮੰਤਰੀ ਵਿੰਸਟਨ ਪੀਟਰਸ, ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੂੰ ਮਾਮਲੇ ਦਾ ਨੋਟਿਸ ਲੈਣ ਦੀ ਅਪੀਲ ਵੀ ਕੀਤੀ।

### ਕੀ ਕਹਿੰਦੇ ਹਨ ਨਿਊਜ਼ੀਲੈਂਡ ਦੇ ਰਾਜਨੀਤਕ ਲੀਡਰ ?

ਨਿਊਜ਼ੀਲੈਂਡ ਵਿੱਚ ਰਹਿੰਦੇ ਕਈ ਲੋਕਾਂ ਅਤੇ ਗਰੁੱਪਾਂ ਨੇ ਨਸਲਵਾਦੀ ਤਮਾਕੀ ਨੂੰ ਨਿੰਦਿਆ ਹੈ। ਨੈਸ਼ਨਲ ਪਾਰਟੀ ਦੀ ਐੱਮਪੀ ਐਨਾ ਲੋ ਨੇ ਕਿਹਾ ਹੈ ਕਿ ਇਹ ਘਟਨਾ ਧਾਰਮਿਕ ਆਜ਼ਾਦੀ ਵਿਰੁੱਧ ਹੈ। ਫ਼੍ਰੀ ਸਪੀਚ ਯੂਨੀਅਨ ਨੇ ਇਸ ਨੂੰ 'ਗੈਰ-ਕ੍ਰਿਸਚੀਅਨ, ਧਮਕਾਉਣ ਵਾਲਾ ਘਟੀਆ ਕਾਰਨਾਮਾ' ਦੱਸਿਆ ਹੈ।

ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫ਼ਰ ਲਕਸਨ ਨੇ ਇਸ ਘਟਨਾ ਦਾ ਵਿਰੋਧ ਕਰਦਿਆਂ ਕਿਹਾ ਕਿ ਉਹ ਇਸ ਦੀ ਨਿੰਦਾ ਕਰਦੇ ਹਨ।

ਨਿਊਜ਼ੀਲੈਂਡ ਇਸਾਈ ਦੇਸ਼ ਨਹੀਂ, ਮੂਲ ਨਿਵਾਸੀਆਂ ਨੇ ਇਸਾਈਆਂ ਤੋਂ ਆਜ਼ਾਦੀ ਪ੍ਰਾਪਤ ਕੀਤੀ

* ਨਿਊਜ਼ੀਲੈਂਡ ਦੇ ਮੂਲ ਨਿਵਾਸੀ ਮਾਓਰੀ ਲੋਕ ਸਨ ਅਤੇ ਇਸਾਈਆਂ ਨੇ ਨਿਊਜ਼ੀਲੈਂਡ ਉੱਪਰ ਕਬਜ਼ਾ ਕੀਤਾ

*ਮੂਲਨਿਵਾਸੀਆਂ ਦੀਆਂ ਜ਼ਮੀਨਾਂ ਉੱਪਰ ਕਬਜ਼ਾ ਕੀਤਾ। ਬੋਲੀ, ਸੱਭਿਆਚਾਰ ਨੂੰ ਖਤਮ ਕੀਤਾ।

***

## ਸਿੱਖ ਸੇਵਕ ਸੁਸਾਇਟੀ ਕਾਰਨ ਗ਼ਰੀਬ ਸਿੱਖ ਬੱਚੀ ਹਰਪ੍ਰੀਤ ਕੌਰ

ਸੀ ਜਿਸ ਕਾਰਣ ਉਸ ਨੂੰ ਧੁੰਦਲਾ ਦਿਸਦਾ ਸੀ। ਪਰਿਵਾਰ ਦੀ ਆਰਥਿਕ ਹਾਲਤ ਇੰਨੀ ਕਮਜ਼ੋਰ ਸੀ ਕਿ ਚੰਨਾ ਸਿੰਘ, ਜੋ ਖੇਤੀਬਾੜੀ ਨਾਲ ਗੁਜ਼ਾਰਾ ਕਰਦੇ ਹਨ, ਇਲਾਜ ਦਾ ਸੁਪਨਾ ਵੀ ਨਹੀਂ ਵੇਖ ਸਕਦੇ ਸਨ।

ਉਨ੍ਹਾਂ ਦੱਸਿਆ ਕਿ ਇੱਥੇ ਹੀ ਸਿੱਖ ਸੇਵਕ ਸੋਸਾਇਟੀ ਨੇ ਤੁਰੰਤ ਫੈਸਲਾ ਲਿਆ ਕਿ ਬੱਚੀ ਨੂੰ ਭਾਟੀਆ ਆਈ ਹਸਪਤਾਲ ਜਲੰਧਰ ਵਿਖੇ ਲਿਜਾ ਕੇ ਜਾਂਚ ਕਰਵਾਈ, ਜਿੱਥੇ ਡਾ. ਐਮ.ਪੀ.ਐਸ. ਭਾਟੀਆ ਨੇ ਬੱਚੀ ਦੀ ਪੂਰੀ ਜਾਂਚ ਕੀਤੀ ਅਤੇ ਇੱਕ ਅੱਖ ਦੇ ਮਾਡਲ ਨਾਲ ਪਰਿਵਾਰ ਨੂੰ ਸਮਝਾਇਆ ਕਿ ਖੱਬੀ ਅੱਖ ਵਿੱਚ ਵਿਕਾਸ ਨਾ ਹੋਣ ਕਾਰਨ ਇਹ ਅੰਨ੍ਹੀ ਹੀ ਰਹੇਗੀ, ਪਰ ਸੱਜੀ ਅੱਖ ਵਿੱਚ ਚਿੱਟਾ ਮੋਤੀਆ ਅਤੇ ਲੈਂਸ ਦੀ ਸਮੱਸਿਆ ਨੂੰ ਤੁਰੰਤ ਹੱਲ ਕਰਨਾ ਜ਼ਰੂਰੀ ਹੈ। ਨਹੀਂ ਤਾਂ ਇਹ ਬਿਮਾਰੀ ਦੂਜੀ ਅੱਖ ਵਿੱਚ ਵੀ ਫੈਲ ਸਕਦੀ ਹੈ ਅਤੇ ਬੱਚੀ ਸਦਾ ਲਈ ਅੰਨ੍ਹੀ ਹੋ ਜਾਵੇਗੀ। ਆਪ੍ਰੇਸ਼ਨ ਦਾ ਖਰਚਾ ਸਿੱਖ ਸੇਵਕ ਸੁਸਾਇਟੀ ਨੇ ਕੀਤਾ। ਡਾਕਟਰ ਜੀ ਨੇ ਸਸਤਾ ਇਲਾਜ ਕਰਕੇ ਇਸ ਸੇਵਾ ਵਿੱਚ ਯੋਗਦਾਨ ਪਾਇਆ।

ਪੰਜਾਬ ਦੇ 'ਬੈਸਟ ਆਈ ਸਰਜਨ' ਡਾ. ਐਮ.ਪੀ.ਐਸ. ਭਾਟੀਆ, ਐਮ.ਐੱਸ. (ਓਪਥੈਲਮੋਲੌਜੀ) ਕੀਤੀ ਹੈ। ਉਹ ਗਰੀਬਾਂ ਨੂੰ ਵੀ ਮੁਫ਼ਤ ਜਾਂ ਘੱਟ ਖਰਚੇ ਵਿੱਚ ਇਲਾਜ ਕਰਵਾਉਂਦੇ ਹਨ। ਹਰਪ੍ਰੀਤ ਦੇ ਕੇਸ ਵਿੱਚ ਵੀ ਉਨ੍ਹਾਂ ਨੇ ਵਿਸ਼ੇਸ਼ ਧਿਆਨ ਦਿੱਤਾ ਅਤੇ ਸੋਸਾਇਟੀ ਨਾਲ ਮਿਲ ਕੇ ਇਹ ਆਪ੍ਰੇਸ਼ਨ ਸੰਭਵ ਬਣਾਇਆ। ਇਸ ਹਸਪਤਾਲ ਵਿੱਚ ਅਤਿ-ਆਧੁਨਿਕ ਜਪਾਨੀ ਮਸ਼ੀਨਾਂ ਵਰਤੀਆਂ ਜਾਂਦੀਆਂ ਹਨ, ਜਿਵੇਂ ਨਾਈਡੈਕ ਲੈਸਿਕ ਲੇਜ਼ਰ ਮਸ਼ੀਨ ਅਤੇ ਪੈਂਟਾਕੈਮ ਸਿਸਟਮ, ਜੋ ਆਪ੍ਰੇਸ਼ਨਾਂ ਨੂੰ ਸੁਰੱਖਿਅਤ ਅਤੇ ਸਟੀਕ ਬਣਾਉਂਦੀਆਂ ਹਨ। ਡਾਕਟਰ ਭਾਟੀਆ ਦਾ ਕਹਿਣਾ ਹੈ ਕਿ ਬੱਚੀ ਦੀ ਫੈਕੋ ਕੈਟਾਰੈਕਟ ਸਰਜਰੀ ਕੀਤੀ ਗਈ ਹੈ, ਜੋ ਬਿਨਾਂ ਇੰਜੈਕਸ਼ਨ ਅਤੇ ਸਟਿੱਚਾਂ ਤੋਂ ਹੁੰਦੀ ਹੈ। ਇਹ ਸਰਜਰੀ ਬਹੁਤ ਸੁਰੱਖਿਅਤ ਹੈ ਅਤੇ ਮਰੀਜ਼ ਤੁਰੰਤ ਰਿਕਵਰੀ ਕਰ ਲੈਂਦੇ ਹਨ।

ਇਸ ਮੌਕੇ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਡਾ. ਭਾਟੀਆ ਅਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ, 'ਡਾ. ਭਾਟੀਆ ਨੇ ਨਾ ਸਿਰਫ਼ ਸਸਤਾ ਇਲਾਜ ਕੀਤਾ, ਸਗੋਂ ਗਰੀਬ ਪਰਿਵਾਰ ਨੂੰ ਨਵੀਂ ਉਮੀਦ ਦਿੱਤੀ। ਇਸ ਮੌਕੇ ਬੱਚੀ ਦੇ ਪਰਿਵਾਰ ਦੀ ਆਰਥਿਕ ਸਹਾਇਤਾ ਵੀ ਕੀਤੀ ਗਈ। ਇਸ ਕਾਰਜ ਵਿੱਚ ਪ੍ਰੋਫ਼ੈਸਰ ਸ੍ਰ. ਬਲਵਿੰਦਰ ਪਾਲ ਸਿੰਘ, ਆਰਟਿਸਟ ਸਾਹਿਬ ਸਿੰਘ ਅਤੇ ਸੋਸਾਇਟੀ ਦੇ ਹੋਰ ਵਰਕਰ ਵੀ ਮੌਜੂਦ ਰਹੇ।

***

## ਰਾਜਾ ਚਾਰਲਸ ਦੀ ਵਫ਼ਾਦਾਰੀ ਦੀ ਸਹੁੰ ਕੈਨੇਡੀਅਨ ਸਿੱਖ ਵਕੀਲ

ਵੜਿੰਗ ਅੰਮ੍ਰਿਤਧਾਰੀ ਸਿੱਖ ਹੈ, ਯਾਨੀ ਉਹ ਗੁਰੂ ਗ੍ਰੰਥ ਸਾਹਿਬ ਤੋਂ ਸਿਵਾਏ ਕਿਸੇ ਅਥਾਰਟੀ ਅੱਗੇ ਸੀਸ ਨਹੀਂ ਝੁਕਾਉਂਦਾ। ਆਪਣੇ ਵਿਸ਼ਵਾਸ ਅਨੁਸਾਰ, ਵੜਿੰਗ ਮੰਨਦਾ ਹੈ ਕਿ ਉਹ ਸਿਰਫ਼ ਆਪਣੇ ਸਤਿਗੁਰੂ - ਸਿੱਖ ਧਰਮ ਵਿੱਚ ਅਮਰ ਦੈਵੀ ਹਸਤੀ ਸ਼ਬਦ ਗੁਰ ਗੁਰੂ ਗ੍ਰੰਥ ਸਾਹਿਬ ਨੂੰ ਸੁਪਰੀਮ ਮੰਨਕੇ ਹੀ ਵਫ਼ਾਦਾਰੀ ਦੀ ਸਹੁੰ ਚੁੱਕ ਸਕਦਾ ਹੈ। ਉਸ ਨੇ ਦਲੀਲ ਦਿੱਤੀ ਕਿ ਰਾਜੇ ਨੂੰ ਸੱਚੀ ਵਫ਼ਾਦਾਰੀ ਦੀ ਸਹੁੰ ਚੁੱਕਣਾ ਉਸ ਦੀ ਪਹਿਲਾਂ ਵਾਲੀ ਅਟੱਲ ਧਾਰਮਿਕ ਸਹੁੰ ਨਾਲ ਟਕਰਾਅ ਪੈਦਾ ਕਰਦਾ ਹੈ, ਜੋ ਉਸ ਦੇ ਧਰਮ ਵਿੱਚ ਮਨ੍ਹਾ ਹੈ।

### ਵਿਆਪਕ ਪ੍ਰਤੀਕਰਮ ਅਤੇ ਵਿਵਾਦ

ਇਸ ਫੈਸਲੇ ਨੇ ਕੈਨੇਡਾ ਭਰ ਵਿੱਚ ਤਿੱਖੇ ਪ੍ਰਤੀਕਰਮ ਨੂੰ ਜਨਮ ਦਿੱਤਾ। ਨਾਗਰਿਕ ਅਜ਼ਾਦੀਆਂ ਵਾਲੀਆਂ ਸੰਸਥਾਵਾਂ ਨੇ ਇਸ ਫੈਸਲੇ ਨੂੰ ਸਵਾਗਤ ਕੀਤਾ, ਇਹ ਕਹਿਕੇ ਕਿ ਧਾਰਮਿਕ ਆਜ਼ਾਦੀ ਨੂੰ ਪੇਸ਼ੇਵਰ ਸ਼ਰਤਾਂ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ। ਸਮਰਥਕਾਂ ਨੇ ਕਿਹਾ ਕਿ ਇਹ ਫੈਸਲਾ ਅਲਬਰਟਾ ਨੂੰ ਹੋਰ ਸੂਬਿਆਂ ਨਾਲ ਮੇਲ ਖਾਂਦਾ ਕਰਦਾ ਹੈ ਅਤੇ ਕੈਨੇਡਾ ਦੇ ਬਹੁ-ਸੱਭਿਆਚਾਰਕ ਸਮਾਜ ਨੂੰ ਦਰਸਾਉਂਦਾ ਹੈ।

ਆਲੋਚਕਾਂ ਨੇ ਇਸ ਨੂੰ ਕੈਨੇਡਾ ਦੀਆਂ ਸੰਵਿਧਾਨਕ ਪਰੰਪਰਾਵਾਂ ਦਾ ਹਨਨ ਵਜੋਂ ਵੇਖਿਆ। ਉਨ੍ਹਾਂ ਨੇ ਦਲੀਲ ਦਿੱਤੀ ਕਿ ਵੈਸਟਮਿੰਸਟਰ ਪ੍ਰਣਾਲੀ ਅਧੀਨ ਕੰਮ ਕਰਨ ਵਾਲੀ ਸੰਵਿਧਾਨਕ ਰਾਜਸ਼ਾਹੀ ਵਿੱਚ ਕਾਨੂੰਨੀ ਅਧਿਕਾਰ ਅੰਤ ਵਿੱਚ ਕ੍ਰਾਊਨ ਤੋਂ ਹੋਂਦ ਵਿੱਚ ਆਉਂਦੇ ਹਨ, ਇਸ ਲਈ ਸਹੁੰ ਇੱਕ ਅਰਥਪੂਰਨ ਨਾਗਰਿਕ ਵਚਨਬੱਧਤਾ ਹੈ, ਨਾ ਕਿ ਸਿਰਫ਼ ਪ੍ਰਤੀਕਾਤਮਕ।

***

## ਕੈਨੇਡਾ ਦੀ ਆਬਾਦੀ ਵਿੱਚ 80 ਸਾਲਾਂ

ਇਸ ਨਾਲ ਬਹੁਤ ਸਾਰੇ ਵਿਦਿਆਰਥੀ ਹੋਰ ਦੇਸ਼ਾਂ ਵੱਲ ਵਧ ਰਹੇ ਹਨ ਜਿਵੇਂ ਆਸਟ੍ਰੇਲੀਆ ਜਾਂ ਯੂ.ਕੇ.। ਭਾਰਤੀ ਵਿਦਿਆਰਥੀਆਂ ਲਈ ਇਹ ਬਹੁਤ ਵੱਡਾ ਝਟਕਾ ਹੈ। ਹੁਣ ਪਰਮਿਟ ਨਾ ਮਿਲਣ ਨਾਲ ਉਨ੍ਹਾਂ ਦੇ ਸੁਪਨੇ ਟੁੱਟ ਰਹੇ ਹਨ।

ਜਨਵਰੀ ਤੋਂ ਅਗਸਤ 2025 ਵਿੱਚ, ਭਾਰਤੀ ਵਿਦਿਆਰਥੀਆਂ ਨੂੰ ਸਿਰਫ਼ 9,955 ਨਵੇਂ ਪਰਮਿਟ ਮਿਲੇ, ਜੋ ਕਿ 2023 ਦੇ ਮੁਕਾਬਲੇ ਬਹੁਤ ਘੱਟ ਹਨ। ਇਸ ਨਾਲ ਕੈਨੇਡਾ ਵਿੱਚ ਪਹਿਲਾਂ ਹੀ ਰਹਿ ਰਹੇ ਵਿਦਿਆਰਥੀ ਵੀ ਪ੍ਰਭਾਵਿਤ ਹੋ ਰਹੇ ਹਨ ਕਿਉਂਕਿ ਉਨ੍ਹਾਂ ਦੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟਾਂ ਉੱਪਰ ਵੀ ਪਾਬੰਦੀਆਂ ਲੱਗੀਆਂ ਹਨ। ਬਹੁਤੇ ਵਿਦਿਆਰਥੀ ਪੜ੍ਹਾਈ ਤੋਂ ਬਾਅਦ ਨੌਕਰੀ ਕਰਕੇ ਸਥਾਈ ਨਿਵਾਸ ਲੈਣਾ ਚਾਹੁੰਦੇ ਹਨ, ਪਰ ਹੁਣ ਇਹ ਮੁਸ਼ਕਲ ਹੋ ਗਿਆ ਹੈ।

### ਕੈਨੇਡਾ ਸਰਕਾਰ ਕਿੰਨੀ ਆਬਾਦੀ ਘਟਾਉਣਾ ਚਾਹੁੰਦੀ ਹੈ ?

ਕੈਨੇਡੀਅਨ ਸਰਕਾਰ ਨੇ ਇੱਕ ਸਪੱਸ਼ਟ ਟੀਚਾ ਰੱਖਿਆ ਹੈ ਕਿ ਉਹ 2027 ਤੱਕ ਅਸਥਾਈ ਆਬਾਦੀ ਨੂੰ ਕੁੱਲ ਜਨਸੰਖਿਆ ਦੇ 5 ਪ੍ਰਤੀਸ਼ਤ ਤੋਂ ਹੇਠਾਂ ਲਿਆਉਣਾ ਚਾਹੁੰਦੀ ਹੈ। ਵਰਤਮਾਨ ਵਿੱਚ, ਅਸਥਾਈ ਨਿਵਾਸੀ ਕੁੱਲ ਆਬਾਦੀ ਦੇ ਲਗਭਗ 6.5 ਪ੍ਰਤੀਸ਼ਤ ਹਨ ।ਇਸ ਟੀਚੇ ਨੂੰ ਪ੍ਰਾਪਤ ਕਰਨ ਲਈ, ਸਰਕਾਰ ਨੇ 2026-2028 ਲਈ ਇਮੀਗ੍ਰੇਸ਼ਨ ਪਲਾਨ ਬਣਾਇਆ ਹੈ। ਇਸ ਵਿੱਚ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਘਟਾਉਣ ਤੇ ਜ਼ੋਰ ਹੈ। ਉਦਾਹਰਨ ਵਜੋਂ, 2026 ਲਈ ਸਟੱਡੀ ਪਰਮਿਟਾਂ ਦੀ ਸੀਮਾ 4,08,000 ਤੈਅ ਕੀਤੀ ਗਈ ਸੀ, ਜੋ ਕਿ 2024 ਨਾਲੋਂ 16 ਪ੍ਰਤੀਸ਼ਤ ਘੱਟ ਸੀ।

ਸਰਕਾਰ ਦਾ ਕਹਿਣਾ ਹੈ ਕਿ ਇਹ ਬਦਲਾਅ ਦੇਸ਼ ਦੀ ਆਰਥਿਕਤਾ ਅਤੇ ਸਮਾਜ ਨੂੰ ਸੰਤੁਲਿਤ ਰੱਖਣ ਲਈ ਜ਼ਰੂਰੀ ਹਨ। 2026 ਲਈ 3,80,000 ਅਤੇ 2027 ਲਈ 3,65,000 ਸਥਾਈ ਨਿਵਾਸੀਆਂ ਨੂੰ ਆਉਣ ਦੀ ਇਜਾਜ਼ਤ ਹੋਵੇਗੀ। ਇਸ ਨਾਲ ਕੈਨੇਡਾ ਦੀ ਕੁੱਲ ਆਬਾਦੀ ਵਿੱਚ ਲਗਭਗ 2,90,000 ਅਸਥਾਈ ਨਿਵਾਸੀਆਂ ਦੀ ਕਮੀ ਪਹਿਲਾਂ ਹੀ ਹੋ ਚੁੱਕੀ ਹੈ। ਹੁਣ ਭਵਿੱਖ ਵਿੱਚ, ਇਹ ਬਦਲਾਅ ਜਾਰੀ ਰਹਿਣਗੇ। ਸਰਕਾਰ ਨੇ 2025-2027 ਲਈ ਇਮੀਗ੍ਰੇਸ਼ਨ ਲੈਵਲ ਪਲਾਨ ਜਾਰੀ ਕੀਤਾ ਹੈ, ਜਿਸ ਵਿੱਚ ਅਸਥਾਈ ਆਬਾਦੀ ਤੇ ਜ਼ੋਰ ਹੈ। ਇਸ ਨਾਲ ਦੇਸ਼ ਵਿੱਚ ਹਾਊਸਿੰਗ ਕ੍ਰਾਈਸਿਸ ਨੂੰ ਹੱਲ ਕਰਨ ਵਿੱਚ ਮਦਦ ਮਿਲੇਗੀ ਅਤੇ ਸਥਾਨਕ ਨੌਜਵਾਨਾਂ ਨੂੰ ਨੌਕਰੀਆਂ ਮਿਲਣਗੀਆਂ। ਪਰ ਇਸ ਨਾਲ ਵਿਦੇਸ਼ੀ ਵਿਦਿਆਰਥੀਆਂ ਅਤੇ ਕਾਮਿਆਂ ਲਈ ਮੌਕੇ ਘਟ ਜਾਣਗੇ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਬਦਲਾਅ ਕੈਨੇਡਾ ਨੂੰ ਵਧੇਰੇ ਸੰਤੁਲਿਤ ਬਣਾਏਗਾ, ਪਰ ਇਸ ਨਾਲ ਆਰਥਿਕ ਵਿਕਾਸ ਦੀ ਰਫ਼ਤਾਰ ਘਟ ਸਕਦੀ ਹੈ।

***

## ਸਿਡਨੀ ਵਿੱਚ ਬੌਂਡੀ ਬੀਚ 'ਤੇ ਅੱਤਵਾਦੀ ਹਮਲੇ

ਅਮਨਦੀਪ ਨੇ ਬਚਪਨ ਤੋਂ ਹੀ ਸਿੱਖ ਧਰਮ ਦੇ ਸਿਧਾਂਤ ਅਪਣਾਏ ਹਨ, ਜਿਨ੍ਹਾਂ ਵਿੱਚ ਬਹਾਦਰੀ ਅਤੇ ਮਨੁੱਖਤਾ ਦੀ ਸੇਵਾ ਸਭ ਤੋਂ ਉੱਤੇ ਹੈ। ਉਹ ਕਈ ਵਾਰ ਪੰਜਾਬ ਆਇਆ ਹੈ ਅਤੇ ਆਖਰੀ ਵਾਰ 2019 ਵਿੱਚ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਗਿਆ ਸੀ। ਉਸ ਦੀ ਚੰਗੀ ਸਰੀਰਕ ਤਾਕਤ ਅਤੇ ਜਿਮ ਟ੍ਰੇਨਿੰਗ ਨੇ ਘਟਨਾ ਵੇਲੇ ਉਸ ਨੂੰ ਮਦਦ ਕੀਤੀ।

ਅਮਨਦੀਪ ਨੇ ਹਮਲਾਵਰ ਨੂੰ ਕਿਵੇਂ ਕਾਬੂ ਕੀਤਾ ਅਤੇ ਪੁਲਿਸ ਨੂੰ ਸੌਂਪਿਆ ?

ਘਟਨਾ ਵੇਲੇ ਅਮਨਦੀਪ ਆਪਣੇ ਕੰਮ ਦੇ ਕ੍ਰਿਸਮਸ ਪਾਰਟੀ ਤੋਂ ਬਾਅਦ ਬੌਂਡੀ ਬੀਚ 'ਤੇ ਕਬਾਬ ਖਾ ਰਿਹਾ ਸੀ ਅਤੇ ਸੂਰਜ ਡੁੱਬਣ ਨੂੰ ਵੇਖ ਰਿਹਾ ਸੀ। ਅਚਾਨਕ ਗੋਲੀਆਂ ਦੀ ਆਵਾਜ਼ ਆਈ। ਪਹਿਲਾਂ ਉਸ ਨੂੰ ਲੱਗਾ ਕਿ ਫਾਇਰਕ੍ਰੈਕਰ ਹਨ ਪਰ ਜਲਦੀ ਹੀ ਉਸ ਨੇ ਵੇਖਿਆ ਕਿ ਲੋਕ ਡਰ ਕੇ ਭੱਜ ਰਹੇ ਹਨ। ਉਸ ਨੇ ਰਸਤੇ ਵਿੱਚ ਲੋਕਾਂ ਨੂੰ ਪੁੱਛਿਆ ਅਤੇ ਪਤਾ ਲੱਗਾ ਕਿ ਦੋ ਹਮਲਾਵਰ ਬੀਚ 'ਤੇ ਗੋਲੀਆਂ ਚਲਾ ਰਹੇ ਹਨ।

ਜ਼ਿਆਦਾਤਰ ਲੋਕ ਭੱਜ ਰਹੇ ਸਨ ਪਰ ਅਮਨਦੀਪ ਨੇ ਹਮਲਾਵਰਾਂ ਵੱਲ ਭੱਜਣਾ ਸ਼ੁਰੂ ਕੀਤਾ। ਉਹ ਫੁੱਟਬ੍ਰਿਜ ਨੇੜੇ ਪਹੁੰਚਿਆ ਜਿੱਥੇ ਹਮਲਾਵਰ ਖੜ੍ਹੇ ਸਨ। ਉਸ ਨੇ ਚੁੱਪ-ਚਾਪ ਅੱਗੇ ਵਧਿਆ ਤਾਂ ਜੋ ਨੇੜੇ ਜਾ ਸਕੇ। ਜਦੋਂ ਉਸ ਨੇ ਵੇਖਿਆ ਕਿ ਪੁਲਿਸ ਨੇ ਸਾਜਿਦ ਅਕਰਮ ਨੂੰ ਗੋਲੀ ਮਾਰ ਕੇ ਡੇਗ ਦਿੱਤਾ ਤਾਂ ਉਹ ਤੇਜ਼ੀ ਨਾਲ ਅੱਗੇ ਵਧਿਆ। ਉਸ ਨੇ ਹਮਲਾਵਰ 'ਤੇ ਛਾਲ ਮਾਰੀ, ਉਸ ਨੂੰ ਜ਼ਮੀਨ 'ਤੇ ਸੁੱਟਿਆ ਅਤੇ ਉਸ ਦੀਆਂ ਬਾਹਾਂ ਪਿੱਛੇ ਰਖਕੇ ਦਬੋਚ ਲਿਆ। ਉਸ ਨੇ ਹਮਲਾਵਰ ਦੀ ਬੰਦੂਕ ਨੂੰ ਲੱਤ ਮਾਰ ਕੇ ਵਗਾਹ ਮਾਰਿਆ ਤਾਂ ਜੋ ਉਹ ਹੋਰ ਵਰਤੋਂ ਨਾ ਕਰ ਸਕੇ।

ਅਮਨਦੀਪ ਨੇ ਉਸ ਨੂੰ ਕਾਬੂ ਵਿੱਚ ਰੱਖਿਆ ਜਦੋਂ ਤੱਕ ਪੁਲਿਸ ਨੇ ਪੂਰੀ ਤਰ੍ਹਾਂ ਆਪਣੇ ਕਬਜ਼ੇ ਵਿੱਚ ਨਹੀਂ ਲੈ ਲਿਆ। ਇਸ ਨਾਲ ਨਾ ਸਿਰਫ਼ ਹਮਲਾਵਰ ਰੁਕਿਆ ਬਲਕਿ ਕਈ ਲੋਕਾਂ ਦੀ ਜਾਨ ਬਚ ਗਈ। ਇੱਕ ਮੋਬਾਈਲ ਵੀਡੀਓ ਵਿੱਚ ਅਮਨਦੀਪ ਨੂੰ ਵ੍ਹਾਈਟ ਟੀ-ਸ਼ਰਟ ਅਤੇ ਸ਼ੌਰਟਸ ਵਿੱਚ ਵੇਖਿਆ ਜਾ ਸਕਦਾ ਹੈ ਜੋ ਹਮਲਾਵਰ 'ਤੇ ਬੈਠਾ ਹੈ ਅਤੇ ਪੁਲਿਸ ਨਵੀਦ ਨੂੰ ਦਬੋਚ ਰਹੀ ਹੈ। ਅਮਨਦੀਪ ਨੇ ਮੀਡੀਆ ਨੂੰ ਕਿਹਾ, 'ਮੈਂ ਆਪਣੇ ਧਰਮ ਤੋਂ ਸਿੱਖਿਆ ਹੈ ਕਿ ਮਨੁੱਖਤਾ ਦੀ ਰੱਖਿਆ ਕਰਨੀ ਚਾਹੀਦੀ ਹੈ। ਇਸ ਘਟਨਾ ਨੇ ਮੈਨੂੰ ਹੋਰ ਮਜ਼ਬੂਤ ਬਣਾ ਦਿੱਤਾ ਹੈ।'

ਚਸ਼ਮਦੀਦਾਂ ਨੇ ਕਿਹਾ ਕਿ ਅਮਨਦੀਪ ਦੀ ਵਜ੍ਹਾ ਨਾਲ ਕਈ ਬੱਚੇ ਅਤੇ ਔਰਤਾਂ ਬਚ ਗਏ। ਇੱਕ ਨੇ ਕਿਹਾ, 'ਉਸ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਇਹ ਕੰਮ ਕੀਤਾ ਅਤੇ ਉਹ ਸੱਚਮੁੱਚ ਇੱਕ ਹੀਰੋ ਹੈ।'

ਪੁਲਿਸ ਨੇ ਅਮਨਦੀਪ ਨੂੰ ਬਹਾਦਰੀ ਦਾ ਸਰਟੀਫਿਕੇਟ ਦਿੱਤਾ ਅਤੇ ਕਿਹਾ ਕਿ ਉਸ ਵਰਗੇ ਲੋਕਾਂ ਕਾਰਨ ਸਮਾਜ ਸੁਰੱਖਿਅਤ ਰਹਿੰਦਾ ਹੈ।

ਆਸਟ੍ਰੇਲੀਆ ਸਰਕਾਰ ਦੀ ਪ੍ਰਤੀਕਿਰਿਆ

ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਘਟਨਾ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਨੇ ਕਿਹਾ ਕਿ ਅੱਤਵਾਦ ਨੂੰ ਕਿਸੇ ਵੀ ਕੀਮਤ 'ਤੇ ਰੋਕਿਆ ਜਾਵੇਗਾ ਅਤੇ ਅਜਿਹੇ ਬੋਲਾ ਵਰਗੇ ਬਹਾਦਰ ਨਾਗਰਿਕਾਂ ਨੂੰ ਸਨਮਾਨ ਦਿੱਤਾ ਜਾਵੇਗਾ। 18 ਦਸੰਬਰ 2025 ਨੂੰ ਉਨ੍ਹਾਂ ਨੇ ਨਵੇਂ ਕਾਨੂੰਨ ਐਲਾਨ ਕੀਤੇ ਜਿਨ੍ਹਾਂ ਵਿੱਚ ਨਫ਼ਰਤ ਭਾਸ਼ਣ ਅਤੇ ਨਫ਼ਰਤ ਫੈਲਾਉਣ ਵਾਲਿਆਂ 'ਤੇ ਸਖ਼ਤੀ ਹੋਵੇਗੀ। ਉਨ੍ਹਾਂ ਨੇ ਬੰਦੂਕ ਕਾਨੂੰਨਾਂ ਨੂੰ ਹੋਰ ਸਖ਼ਤ ਕਰਨ ਦਾ ਵਾਅਦਾ ਕੀਤਾ, ਜਿਵੇਂ ਬੰਦੂਕਾਂ ਦੀ ਗਿਣਤੀ 'ਤੇ ਹੱਦ ਅਤੇ ਲਾਇਸੈਂਸਾਂ ਦੀ ਸਮੀਖਿਆ।

ਆਸਟ੍ਰੇਲੀਆ ਸਰਕਾਰ ਨੇ ਇਹ ਵੀ ਕਿਹਾ ਕਿ ਇਹ ਹਮਲਾ 'ਕੈਸਕੇਡਿੰਗ ਨਫ਼ਰਤ' ਦਾ ਨਤੀਜਾ ਹੈ ਅਤੇ ਉਸ ਨੂੰ ਰੋਕਣ ਲਈ ਨਵੇਂ ਉਪਰਾਲੇ ਕੀਤੇ ਜਾਣਗੇ। ਇਹ ਆਸਟ੍ਰੇਲੀਆ ਵਿੱਚ 3 ਦਹਾਕਿਆਂ ਵਿੱਚ ਦੂਜੀ ਵਾਰ ਹੈ ਜਦੋਂ ਮਾਸ ਸ਼ੂਟਿੰਗ ਤੋਂ ਬਾਅਦ ਬੰਦੂਕ ਕਾਨੂੰਨ ਸਖ਼ਤ ਕੀਤੇ ਜਾ ਰਹੇ ਹਨ।

ਵੱਖ-ਵੱਖ ਸਿੱਖ ਜਥੇਬੰਦੀਆਂ ਦੀ ਪ੍ਰਤੀਕਿਰਿਆ

ਅਮਨਦੀਪ ਦੀ ਬਹਾਦਰੀ ਨੇ ਸਿੱਖ ਭਾਈਚਾਰੇ ਨੂੰ ਮਾਣ ਵਧਾਇਆ ਹੈ। ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਉਸ ਦੀ ਸ਼ਲਾਘਾ ਕੀਤੀ ਹੈ। ਆਸਟ੍ਰੇਲੀਆ ਵਿੱਚ ਸਿੱਖ ਕਮਿਊਨਿਟੀ ਨੇ ਉਸ ਨੂੰ ਹੀਰੋ ਕਿਹਾ ਅਤੇ ਕਿਹਾ ਕਿ ਇਹ ਸਿੱਖ ਧਰਮ ਦੇ ਸਿਧਾਂਤਾਂ ਦੀ ਮਿਸਾਲ ਹੈ ਜਿਵੇਂ ਮਨੁੱਖਤਾ ਦੀ ਸੇਵਾ ਅਤੇ ਬਹਾਦਰੀ।

ਅਮਰੀਕਾ ਦੇ ਨੌਰਵਿਚ ਸ਼ਹਿਰ ਦੇ ਮੇਅਰ ਤੇ ਸਿੱਖ ਆਗੂ ਸਵਰਨਜੀਤ ਸਿੰਘ ਖਾਲਸਾ ਨੇ ਕਿਹਾ ਕਿ ਅਮਨਦੀਪ ਨੇ ਸਿੱਖਾਂ ਦੀ ਬਹਾਦਰੀ ਨੂੰ ਦੁਨੀਆ ਸਾਹਮਣੇ ਰੱਖਿਆ ਹੈ ਕਿ ਉਹ ਜ਼ੁਲਮ ,ਅਨਿਆਂ, ਨਸਲਵਾਦ ਤੇ ਨਫਰਤ ਵਿਰੁੱਧ ਮਨੁੱਖਤਾ ਦੇ ਹੱਕ ਵਿਚ ਡਟਕੇ ਖਲੌਂਦੇ ਹਨ। ਉਨ੍ਹਾਂ ਕਿਹਾ ਕਿ ਅਮਨਦੀਪ ਲੋਕਾਂ ਦਾ ਨਾਇਕ ਹੈ ਜਿਸਨੇ ਮੌਤ ਦੀ ਪਰਵਾਹ ਨਾ ਕਰਦਿਆਂ ਹਮਲਾਵਰ ਨੂੰ ਦਬੋਚਕੇ ਪੁਲਿਸ ਦੇ ਹਵਾਲੇ ਕੀਤਾ ਤੇ ਅਨੇਕਾਂ ਯਹੂਦੀਆਂ ਦੀਆਂ ਜਾਨਾਂ ਬਚਾਈਆਂ। ਉਨ ਾਂ ਕਿਹਾ ਕਿ ਇਹ ਯਹੂਦੀਆਂ ਉਪਰ ਅੱਤਵਾਦੀ ਹਮਲਾ ਸੀ।

ਆਸਟ੍ਰੇਲੀਆ ਵਿੱਚ ਇੰਡੀਅਨ ਕਮਿਊਨਿਟੀ ਐਸੋਸੀਏਸ਼ਨ ਆਫ਼ ਕੁਈਨਜ਼ਲੈਂਡ ਨੇ ਉਸ ਨੂੰ ਸਨਮਾਨਿਤ ਕਰਨ ਦਾ ਐਲਾਨ ਕੀਤਾ ਅਤੇ ਕਿਹਾ ਕਿ ਉਸ ਨੇ ਭਿਅੰਕਰ ਖਤਰੇ ਵਿੱਚ ਬਹਾਦਰੀ ਵਿਖਾਈ ਹੈ। ਨਿਊਜ਼ੀਲੈਂਡ ਵਿੱਚ ਸਿੱਖ ਜਥੇਬੰਦੀਆਂ ਨੇ ਕਿਹਾ ਕਿ ਅਮਨਦੀਪ ਨੇ ਸਿੱਖ ਵਿਰਸੇ ਨੂੰ ਜੀਵੰਤ ਰੱਖਿਆ ਹੈ। ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਉਸ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸਿੱਖਾਂ ਦੀ ਬਹਾਦਰੀ ਦੀ ਮਿਸਾਲ ਤੇ ਮਨੁੱਖਤਾ ਦੇ ਹਿਤ ਵਿਚ ਕਾਰਨਾਮਾ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿੱਚ ਬਹਾਦਰੀ ਨੂੰ ਮਨੁੱਖਤਾ ਦੇ ਹਿੱਤ ਵਿਚ ਉਤਸ਼ਾਹਿਤ ਕੀਤਾ ਜਾਂਦਾ ਹੈ ਅਤੇ ਅਮਨਦੀਪ ਨੇ ਉਸ ਨੂੰ ਅਮਲ ਵਿੱਚ ਵਿਖਾਇਆ ਹੈ।

***

## ਆਮ ਆਦਮੀ ਪਾਰਟੀ ਵੱਲੋਂ 'ਪੇਂਡੂ ਦੰਗਲ' ਵਿੱਚ

ਉਦਾਹਰਨ ਵਜੋਂ, ਬਠਿੰਡਾ ਜ਼ਿਲ੍ਹੇ ਵਿੱਚ ਅਕਾਲੀ ਦਲ ਨੇ ਸਭ ਤੋਂ ਵੱਧ 13 ਜ਼ੋਨ ਜਿੱਤੇ, ਜਦਕਿ 'ਆਪ' ਨੂੰ ਸਿਰਫ਼ 4 ਮਿਲੇ ਅਤੇ ਕਾਂਗਰਸ ਨੂੰ ਕੋਈ ਨਹੀਂ। ਇਹ ਜ਼ਿਲ੍ਹਾ ਅਕਾਲੀ ਦਲ ਦਾ ਰਵਾਇਤੀ ਗੜ੍ਹ ਹੈ ਅਤੇ ਇੱਥੇ ਬੇਅਦਬੀ ਵਰਗੀਆਂ ਘਟਨਾਵਾਂ ਨੇ ਰਾਜਨੀਤੀ ਨੂੰ ਪ੍ਰਭਾਵਿਤ ਕੀਤਾ ਸੀ। ਇਸੇ ਤਰ੍ਹਾਂ ਫਰੀਦਕੋਟ ਜ਼ਿਲ੍ਹੇ ਵਿੱਚ ਅਕਾਲੀ ਦਲ ਨੇ 10 ਜ਼ੋਨਾਂ ਵਿੱਚੋਂ 5 ਜਿੱਤੇ, ਜਿੱਥੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਕੋਟਕਪੂਰਾ ਗੋਲੀਕਾਂਡ ਵਰਗੀਆਂ ਘਟਨਾਵਾਂ ਵਾਪਰੀਆਂ ਸਨ।

ਕਾਂਗਰਸ ਨੇ ਨਵਾਂਸ਼ਹਿਰ ਅਤੇ ਫਿਰੋਜ਼ਪੁਰ ਵਿੱਚ ਚੰਗਾ ਪ੍ਰਦਰਸ਼ਨ ਕੀਤਾ। ਨਵਾਂਸ਼ਹਿਰ ਵਿੱਚ 10 ਜ਼ੋਨਾਂ ਵਿੱਚੋਂ 6 ਜਿੱਤੇ ਅਤੇ ਬਾਕੀ 'ਆਪ' ਨੂੰ ਮਿਲੇ। ਫਿਰੋਜ਼ਪੁਰ ਵਿੱਚ 14 ਜ਼ੋਨਾਂ ਵਿੱਚੋਂ 6 ਜਿੱਤੇ, ਜੋ ਕਾਂਗਰਸ ਦੇ ਪੇਂਡੂ ਵੋਟ ਬੈਂਕ ਨੂੰ ਮਜ਼ਬੂਤ ਕਰਦਾ ਹੈ। ਮੁਹਾਲੀ ਜ਼ਿਲ੍ਹੇ ਵਿੱਚ ਅਕਾਲੀ ਦਲ ਨੇ ਮਾਜਰੀ ਬਲਾਕ ਵਿੱਚ ਬਹੁਮਤ ਹਾਸਲ ਕੀਤਾ ਅਤੇ ਖਰੜ-ਡੇਰਾਬੱਸੀ ਵਿੱਚ ਵੋਟਾਂ ਨਾਲ ਚੰਗੀ ਪੁਜ਼ੀਸ਼ਨ ਬਣਾਈ, ਜਿੱਥੇ ਆਪ ਨੂੰ 24, ਕਾਂਗਰਸ ਨੂੰ 14 ਅਤੇ ਅਕਾਲੀ ਨੂੰ 12 ਸੀਟਾਂ ਮਿਲੀਆਂ। ਇਹ ਨਤੀਜੇ ਵੋਟ ਬੈਂਕ ਵਿੱਚ ਬਦਲਾਅ ਨੂੰ ਦਰਸਾਉਂਦੇ ਹਨ।

ਭਾਜਪਾ ਨੇ ਚੋਣਾਂ ਵਿੱਚ ਘੱਟ ਜਿੱਤਾਂ ਹਾਸਲ ਕੀਤੀਆਂ ਪਰ ਵੋਟਾਂ ਵਿੱਚ ਵਾਧਾ ਦਿਖਾਇਆ। ਜ਼ਿਲ੍ਹਾ ਪ੍ਰੀਸ਼ਦ ਵਿੱਚ 7 ਅਤੇ ਪੰਚਾਇਤ ਸੰਮਤੀ ਵਿੱਚ 73 ਜ਼ੋਨਾਂ ਜਿੱਤ ਕੇ ਭਾਜਪਾ ਨੇ ਪੇਂਡੂ ਖੇਤਰ ਵਿੱਚ ਪੈਰ ਪਸਾਰਨ ਦੀ ਕੋਸ਼ਿਸ਼ ਕੀਤੀ ਹੈ। ਬੀ.ਐੱਸ.ਪੀ. ਅਤੇ ਆਜ਼ਾਦ ਉਮੀਦਵਾਰਾਂ ਨੇ ਵੀ ਛੋਟੇ ਪੱਧਰ ਉੱਤੇ ਜਿੱਤਾਂ ਹਾਸਲ ਕੀਤੀਆਂ, ਜੋ ਰਾਜਨੀਤੀ ਵਿੱਚ ਵਿਭਿੰਨਤਾ ਨੂੰ ਦਰਸਾਉਂਦਾ ਹੈ।

2027 ਵਿਧਾਨ ਸਭਾ ਚੋਣਾਂ ਉੱਤੇ ਅਸਰ ਅਤੇ ਵਿਸ਼ਲੇਸ਼ਣ

ਇਹ ਚੋਣਾਂ 2027 ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇੱਕ ਮਹੱਤਵਪੂਰਨ ਪ੍ਰੀਖਿਆ ਵਜੋਂ ਵੇਖੀਆਂ ਜਾ ਰਹੀਆਂ ਸਨ। ਪੰਜਾਬ ਯੂਨੀਵਰਸਿਟੀ ਦੇ ਰਾਜਨੀਤੀ ਵਿਭਾਗ ਦੇ ਸੇਵਾਮੁਕਤ ਪ੍ਰੋਫੈਸਰ ਖ਼ਾਲਿਦ ਮੁਹੰਮਦ ਨੇ ਕਿਹਾ, 'ਇਨ੍ਹਾਂ ਨਤੀਜਿਆਂ ਦਾ ਅਸਰ ਮਨੋਵਿਗਿਆਨਕ ਤੌਰ 'ਤੇ ਪਵੇਗਾ। ਚੋਣਾਂ ਨਾ ਸਿਰਫ਼ ਵੋਟਾਂ ਨਾਲ ਸੰਬੰਧਿਤ ਹਨ ਬਲਕਿ ਬਿਰਤਾਂਤ ਨਾਲ ਵੀ। ਆਪ ਇਹੀ ਬਿਰਤਾਂਤ ਬਣਾਏਗੀ ਕਿ ਉਹ ਪੇਂਡੂ ਲੋਕਾਂ ਨਾਲ ਜੁੜੀ ਹੈ ਅਤੇ ਉਸ ਦੀਆਂ ਨੀਤੀਆਂ ਕਾਮਯਾਬ ਹਨ।' ਉਹਨਾਂ ਨੇ ਕਿਹਾ ਕਿ ਅਕਾਲੀ ਦਲ ਨੇ ਵੀ ਬਿਹਤਰ ਪ੍ਰਦਰਸ਼ਨ ਕੀਤਾ ਹੈ। ਲੋਕ ਅਕਾਲੀ ਨਾਲ ਦੁਬਾਰਾ ਜੁੜ ਰਹੇ ਹਨ। ਕਾਂਗਰਸ ਲਈ ਉਹਨਾਂ ਨੇ ਅੰਦਰੂਨੀ ਧੜੇਬੰਦੀ ਨੂੰ ਵੱਡੀ ਚੁਣੌਤੀ ਦੱਸਿਆ।

ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ, 'ਸੱਤਾਧਾਰੀ ਪਾਰਟੀ ਆਮ ਤੌਰ 'ਤੇ ਅਜਿਹੀਆਂ ਚੋਣਾਂ ਵਿੱਚ ਭਾਰੀ ਰਹਿੰਦੀ ਹੈ ਅਤੇ 'ਆਪ' ਨੇ ਇਹ ਰਵਾਇਤ ਜਾਰੀ ਰੱਖੀ ਹੈ। ਪਰ ਅਕਾਲੀ ਅਤੇ ਕਾਂਗਰਸ ਨੇ ਆਪਣੇ ਰਵਾਇਤੀ ਖੇਤਰਾਂ ਵਿੱਚ ਚੰਗੀ ਕਾਰਗੁਜ਼ਾਰੀ ਦਿਖਾਈ ਹੈ, ਜੋ 2027 ਲਈ ਚੰਗਾ ਸੰਕੇਤ ਹੈ। ਭਾਜਪਾ ਨੇ ਵੀ ਪੇਂਡੂ ਵਿੱਚ ਜਿੱਤ ਦਾ ਸਵਾਦ ਚੱਖਿਆ ਹੈ। ਅਕਾਲੀ ਦਲ ਆਪਣੀ ਮੁੜ ਸੁਰਜੀਤੀ ਲਈ ਇਸ ਨੂੰ ਮੌਕਾ ਵਜੋਂ ਵੇਖ ਰਿਹਾ ਹੈ, ਜਿਵੇਂ ਤਰਨਤਾਰਨ ਜ਼ਿਮਨੀ ਚੋਣ ਵਿੱਚ ਹੋਇਆ ਸੀ । ਕਾਂਗਰਸ ਆਪਣੀ ਸਥਿਤੀ ਮਜ਼ਬੂਤ ਕਰ ਰਹੀ ਹੈ।

ਡਾਕਟਰ ਮਾਨਸਾ ਦਾ ਕਹਿਣਾ ਹੈ ਕਿ ਆਪ ਲਈ ਵੀ ਚੁਣੌਤੀਆਂ ਹਨ। ਆਪ ਦੇ ਕਈ ਵੱਡੇ ਆਗੂਆਂ ਨੂੰ ਆਪਣੇ ਜੱਦੀ ਪਿੰਡਾਂ ਵਿੱਚ ਨਾਮੋਸ਼ੀ ਝੱਲਣੀ ਪਈ ਹੈ। ਉਦਾਹਰਨ ਵਜੋਂ, ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਦੇ ਪਿੰਡ ਜਗਦੇਵ ਕਲਾਂ ਵਿੱਚ ਅਕਾਲੀ ਨੂੰ ਵੱਧ ਵੋਟਾਂ ਮਿਲੀਆਂ। ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਪਿੰਡ ਸੰਧਵਾਂ ਵਿੱਚ ਆਪ ਨੂੰ ਘੱਟ ਵੋਟਾਂ ਮਿਲੀਆਂ। ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਦੇ ਪਿੰਡ ਕੁਰੜ ਅਤੇ ਵਿਧਾਇਕ ਨਰਿੰਦਰ ਕੌਰ ਭਰਾਜ ਦੇ ਪਿੰਡ ਭਰਾਜ ਵਿੱਚ ਵੀ ਆਪ ਪੱਛੜ ਗਈ। ਇਹ ਨਤੀਜੇ ਆਪ ਨੂੰ ਅੰਦਰੂਨੀ ਮੁਲਾਂਕਣ ਲਈ ਮਜਬੂਰ ਕਰਨਗੇ।

## ਸਿਆਸਤ ਦੇ ਮੈਦਾਨ 'ਚ ਨਾਂਅ

ਮੰਡਲ 'ਚ ਪੰਜ ਉਲੰਪਿਕ ਟੂਰਨਾਮੈਂਟ ਖੇਡ ਚੁੱਕੀ ਮਹਿਲਾ ਖਿਡਾਰਨ ਲੌਰਾ ਫੈਸਲ ਕੋਲੋਵਿਕ ਨੂੰ ਖੇਡ ਮੰਤਰੀ ਬਣਾਇਆ ਹੈ। ਫ਼ਰਾਂਸ 'ਚ ਪਹਿਲੀ ਵਾਰ ਨਵੇਂ ਬਣੇ ਪ੍ਰਧਾਨ ਮੰਤਰੀ ਫਿਲਪੀ ਦੀ ਇਹ ਦੂਰਅੰਦੇਸ਼ੀ ਸੋਚ ਹੀ ਸੀ ਕਿ ਉਨ੍ਹਾਂ ਦੇਸ਼ 'ਚ ਖੇਡਾਂ ਨੂੰ ਨਵਾਂ ਰੂਪ ਦੇਣ ਲਈ ਕਿਸੇ ਸਾਬਕਾ ਉਲੰਪੀਅਨ ਅਥਲੀਟ ਨੂੰ ਸਪੋਰਟਸ ਮਨਿਸਟਰੀ ਦਾ ਆਜ਼ਾਦਾਨਾ ਚਾਰਜ ਸੌਂਪਿਆ ਸੀ ਪਰ ਕੁਝ ਨਿੱਜੀ ਕਾਰਨਾਂ ਕਰਕੇ ਲੌਰਾ ਫੈਸਲ ਨੇ 9 ਸਤੰਬਰ, 2018 'ਚ ਮੰਤਰੀ ਦਾ ਅਹੁਦਾ ਤਿਆਗ ਦਿੱਤਾ। ਰਿਪਬਲਿਕ ਪਾਰਟੀ ਦੀ ਸਰਕਾਰ 'ਚ ਖੇਡ ਮੰਤਰੀ ਬਣੀ ਸੰਸਦ ਮੈਂਬਰ ਲੌਰਾ ਫੈਸਲ ਦੇਸ਼ 'ਚ ਪੁਰਸ਼ ਤੇ ਮਹਿਲਾ ਦੋਹਾਂ ਵਰਗਾਂ 'ਚ ਪਲੇਠੀ ਖਿਡਾਰਨ ਹੈ, ਜਿਸ ਨੂੰ ਪੰਜ ਉਲੰਪਿਕ ਮੁਕਾਬਲਿਆਂ ਐਟਲਾਂਟਾ-1996, ਸਿਡਨੀ-2000, ਏਥਨਜ਼-2004, ਬੀਜਿੰਗ-2008 ਅਤੇ ਲੰਡਨ-2012 'ਚ ਫਰਾਂਸ ਦੀ ਨੁਮਾਇੰਦਗੀ ਕਰਨ ਦਾ ਹੱਕ ਹਾਸਿਲ ਹੋਇਆ। 45 ਬਸੰਤਾਂ ਹੰਢਾਅ ਚੁੱਕੀ ਲੌਰਾ ਫ਼ਰਾਂਸ ਦੀ ਪਹਿਲੀ ਮਹਿਲਾ ਫੈਨਸਿੰਗ ਅਥਲੀਟ ਹੈ, ਜਿਸ ਨੂੰ ਪੰਜ ਉਲੰਪਿਕ ਟੂਰਨਾਮੈਂਟਾਂ 'ਚ ਦੋ ਗੋਲਡ, ਇਕ ਸਿਲਵਰ ਅਤੇ ਦੋ ਤਾਂਬੇ ਦੇ ਤਗ਼ਮੇ ਜਿੱਤਣ ਦਾ ਮਾਣ ਹਾਸਿਲ ਹੋਇਆ। ਲੌਰਾ ਫੈਸਲ ਨੂੰ 1995 ਤੋਂ 2008 ਤੱਕ 9 ਵਾਰ ਵਿਸ਼ਵ ਚੈਂਪੀਅਨਸ਼ਿਪ ਮੁਕਾਬਲੇ ਖੇਡਣ ਸਦਕਾ 6 ਗੋਲਡ, 3 ਸਿਲਵਰ ਅਤੇ 4 ਤਾਂਬੇ ਦਾ ਤਗ਼ਮੇ ਜਿੱਤਣ ਦਾ ਮਾਣ ਹਾਸਿਲ ਹੋਇਆ। ਚਾਰ ਯੂਰਪੀਅਨ ਫੈਨਸਿੰਗ ਚੈਂਪੀਅਨਸ਼ਿਪ ਟੂਰਨਾਮੈਂਟਾਂ 'ਚ ਇਕ ਗੋਲਡ ਅਤੇ ਪੰਜ ਤਾਂਬੇ ਦੇ ਤਗ਼ਮੇ ਜਿੱਤਣ ਵਾਲੀ ਫੈਸਲ ਨੇ ਫੈਨਸਿੰਗ ਦੇ ਸੱਤ ਵਰਲਡ ਕੱਪ ਮੁਕਾਬਲਿਆਂ 'ਚ 3 ਗੋਲਡ, 2 ਚਾਂਦੀ ਅਤੇ 2 ਤਾਂਬੇ ਦੇ ਤਗ਼ਮੇ ਆਪਣੀ ਝੋਲੀ ਪਾਏ ਹਨ।

***

## ਨਿੱਕੀਆਂ ਜਿੰਦਾਂ ਵੱਡੇ ਸਾਕੇ

ਵਜ਼ੀਰ ਖਾਨ ਨੇ ਬੱਚਿਆਂ ਤੋਂ ਪੁੱਛਿਆ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ, ਤਾਂ ਉਨ੍ਹਾਂ ਜਵਾਬ ਦਿੱਤਾ ਕਿ ਉਹ ਆਪਣੇ ਪਿਤਾ ਜੀ ਵਾਂਗ ਇੱਕ ਸ਼ੇਰਾਂ ਦੀ ਫ਼ੌਜ ਤਿਆਰ ਕਰਨਗੇ ਅਤੇ ਤੇਰੇ ਵਰਗੇ ਗਿੱਦੜਾਂ ਦੇ ਤਖ਼ਤ ਤਾਜ਼ ਹਿਲਾ ਕੇ ਰੱਖ ਦੇਣਗੇ। ਸੂਬੇ ਨੇ ਆਪਣੀ ਹਾਰ ਨੂੰ ਛੁਪਾਉਣ ਲਈ ਕਾਜ਼ੀ ਕੋਲੋਂ ਫ਼ਤਵਾ ਲਵਾਇਆ, ਕਾਜ਼ੀ ਨੇ ਸ਼ਰ੍ਹਾ ਦੀ ਕਿਤਾਬ ਫੋਲਦਿਆਂ ਕਿਹਾ ਕਿ ਇਨ੍ਹਾਂ ਬਾਗੀ ਦੇ ਪੁੱਤਰਾਂ ਨੂੰ ਜਿਉਂਦਿਆਂ ਨੂੰ ਨੀਹਾਂ ਵਿੱਚ ਚਿਣ ਦੇਣਾ ਚਾਹੀਦਾ ਹੈ। ਇਹ ਉਹ ਕੁਲਿਹਣੀ ਘੜੀ ਸੀ ਜਿਸ ਨੂੰ ਸੁਣਕੇ ਧਰਤੀ ਕੰਬੀ, ਅਸਮਾਨ ਡੋਲਿਆ, ਪੱਥਰ ਮੋਮ ਵਾਂਗ ਪਿਘਲ ਗਏ ਅਤੇ ਹਜ਼ਰਤ ਮੁਹੰਮਦ ਸਾਹਿਬ ਨੇ ਅਰਸ਼ਾਂ 'ਚੋਂ ਖ਼ੂਨ ਦੇ ਅੱਥਰੂ ਵਹਾਏ ਜਿਸ ਸਮੇਂ ਇਹ ਫੈਸਲਾ ਸੁਣਾਇਆ ਗਿਆ ਉਸ ਵੇਲੇ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਨ ਵੀ ਉਥੇ ਮੌਜੂਦ ਸੀ। ਉਹ ਉਠ ਖਲੋਤਾ ਉਹਨੇ 'ਹਾਅ ਦਾ ਨਾਅਰਾ' ਮਾਰਿਆ, ਵਜ਼ੀਰ ਖਾਨ ਬੱਚਿਆਂ ਉਤੇ ਜ਼ੁਲਮ ਕਰਨਾ ਬਹੁਤ ਵੱਡਾ ਪਾਪ ਹੈ, ਇਸਲਾਮ ਇਸ ਪਾਪ ਦੀ ਮੰਨਜ਼ੂਰੀ ਨਹੀਂ ਦਿੰਦਾ। ਇਸ ਹਾਅ ਦੇ ਨਾਅਰੇ ਨੂੰ ਸੁਣਕੇ ਵਜ਼ੀਰ ਖਾਨ ਦਾ ਮਨ ਕੁੱਝ ਬਦਲਿਆ ਪਰ ਕੋਲ ਬੈਠੇ ਸੁੱਚਾ ਨੰਦ ਨੇ ਭਾਨੀ ਮਾਰਦਿਆਂ ਕਿਹਾ, 'ਵਜ਼ੀਰ ਖਾਨ ਇੰਨ੍ਹਾਂ ਬੱਚਿਆਂ ਨੂੰ ਜਿਉਂਦੇ ਛੱਡ ਕੇ ਤੂੰ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ' ਕਿਉਂਕਿ ਦੁਸ਼ਮਣ ਨੂੰ ਅਤੇ ਸੱਪ ਨੂੰ ਭੁੱਲ ਜਾਣਾ ਬਹੁਤ ਵੱਡੀ ਗਲਤੀ ਹੈ। ਬੱਸ ਫਿਰ ਕੀ ਸੀ ਉਹ ਅੰਤਿਮ ਘੜੀ ਆ ਗਈ ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਨੂੰ ਨੀਹਾਂ ਵਿੱਚ ਚਿਣ ਦਿੱਤਾ, ਅਜੇ ਕੰਧ ਛਾਤੀ ਤੱਕ ਪਹੁੰਚੀ ਸੀ ਕਿ ਇੱਟਾਂ ਦਾ ਇਹ ਢਾਂਚਾ ਧੜੰਮ ਡਿੱਗ ਪਿਆ। ਸਾਹਿਬਜ਼ਾਦਿਆਂ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਹੀ ਜੇਲ੍ਹ ਭੇਜ ਦਿੱਤਾ ਗਿਆ ਅਤੇ ਉਹ ਮੁੜ ਹੋਸ਼ ਵਿੱਚ ਆ ਗਏ।

ਕੁੱਝ ਇਤਿਹਾਸਕਾਰਾਂ ਅਨੁਸਾਰ ਤੀਜੀ ਪੇਸ਼ੀ 26 ਦਸੰਬਰ ਨੂੰ ਅਤੇ ਕੁੱਝ ਮੁਤਾਬਿਕ 27 ਦਸੰਬਰ 1704 ਈ. ਨੂੰ ਹੋਈ। ਇਸਲਾਮ ਧਾਰਨ ਕਰਨ ਦੀ ਰਟ ਮੁੜ ਦੁਹਰਾਈ ਗਈ ਪਰ ਸਾਹਿਬਜ਼ਾਦਿਆਂ ਨੇ ਸਿਦਕ ਦੇ ਪੱਕੇ ਰਹਿਣ ਦਾ ਪ੍ਰਣ ਦੁਹਰਾਇਆ ਅਤੇ ਸੂਬੇ ਨੇ ਆਪਣਾ ਆਖਰੀ ਫੈਸਲਾ ਕਿ, 'ਇੰਨ੍ਹਾਂ ਬੱਚਿਆਂ ਦੇ ਸਿਰ ਕਲਮ ਕਰ ਦਿੱਤੇ ਜਾਣ' ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਦੋ ਭਰਾਵਾਂ ਨੇ ਸਾਹਿਬਜ਼ਾਦਿਆਂ ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਉਹ ਕਿਹੜੀ ਅੱਖ ਸੀ ਜਿਹੜੀ ਇਸ ਗੱਲ ਨੂੰ ਸੁਣਕੇ ਨਾ ਰੋਈ ਹੋਵੇ। ਇਸ ਤੱਥ ਦੀ ਪੁਸ਼ਟੀ 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਲਿਖਦੇ ਹਨ :-

ਸ਼ਾਸ਼ਲ ਬੇਗ ਅਰ ਬਾਸ਼ਲ ਬੇਗ। ਉਭੈ ਜਲਾਦਨ ਖਿਚ ਕੈ ਤੇਗ ।  
ਤਿਸਹੀ ਠਉਰ ਖਰਿਓ ਕੈ ਸੀਸ। ਤੁਰਤ ਉਤਾਰੇ ਦੁਸ਼ਟੈਂ ਗੀਸ ।  
ਤੇਰਾਂ ਪੋਹ ਥਾ ਮੰਗਲਵਾਰ । ਮਚਿਓ ਸ਼ਹਿਰ ਮੇਂ ਹਾਹਾਕਾਰ ॥

ਇਸ ਤਰ੍ਹਾਂ ਸਾਹਿਬਜ਼ਾਦਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ। ਇਹ ਸਪਸ਼ਟ ਹੈ ਕਿ ਸਾਹਿਬਜ਼ਾਦਿਆਂ ਦੀ ਮੌਤ ਨੀਹਾਂ ਵਿੱਚ ਦਮ ਘੁੱਟਣ ਕਰਕੇ ਨਹੀਂ ਹੋਈ ਸਗੋਂ ਉਨ੍ਹਾਂ ਦੇ ਸਿਰ ਕਲਮ ਕੀਤੇ ਗਏ। ਇਸ ਦੁੱਖਦਾਈ ਖ਼ਬਰ ਦਾ ਪਤਾ ਜਦੋਂ ਮਾਤਾ ਗੁਜਰੀ ਜੀ ਨੂੰ ਲੱਗਿਆ ਤਾਂ ਉਹਨਾਂ ਤੋਂ ਇਹ ਸਦਮਾ ਬਰਦਾਸ਼ਤ ਨਹੀਂ ਹੋਇਆ ਤੇ ਉਹ ਵੀ ਜੋਤੀ ਜੋਤ ਸਮਾ ਗਏ। ਪਰ ਇਹ ਧਾਰਨਾਂ ਬਿਲਕੁਲ ਗਲਤ ਹੈ ਕਿ ਮਾਤਾ ਗੁਜਰੀ ਜੀ ਨੇ ਬੁਰਜ਼ ਤੋਂ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ ਕਿਉਂਕਿ ਉਹ ਔਰਤ ਜੋ ਆਪਣੇ ਪਤੀ ਦੇ ਦੇਸ਼ ਕੌਮ ਤੋਂ ਕੁਰਬਾਨ ਹੋਣ ਵੇਲੇ ਨਹੀਂ ਡੋਲੀ ਅਤੇ ਜਿਸ ਨੇ ਆਪਣੇ ਪੋਤਿਆਂ ਨੂੰ ਹੱਥੀਂ ਸ਼ਹੀਦ ਹੋਣ ਲਈ ਤੋਰਿਆ ਉਹ ਐਨੀ ਬੁਜ਼ਦਿਲ ਨਹੀਂ ਹੋ ਸਕਦੀ ਕਿ ਬੁਰਜ ਤੋਂ ਛਾਲ ਮਾਰਕੇ ਆਤਮ ਹੱਤਿਆ ਕਰ ਲਵੇ। ਦੂਸਰਾ ਸਿੱਖ ਧਰਮ ਵਿੱਚ ਆਤਮ ਹੱਤਿਆ ਕਰਨਾ ਵਰਜਿਤ ਹੈ। ਇਥੇ ਹੀ ਬੱਸ ਨਹੀਂ ਕਈ ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਮਾਤਾ ਗੁਜਰੀ ਜੀ ਨੂੰ ਬੁਰਜ ਤੋਂ ਧੱਕਾ ਦੇ ਦਿੱਤਾ ਗਿਆ ਸੀ। ਪਰ ਇਹ ਗੱਲਾਂ ਇਤਿਹਾਸਕ ਪੱਖ 'ਤੇ ਖਰੀਆਂ ਨਹੀਂ ਉਤਰਦੀਆਂ। ਮਾਤਾ ਜੀ ਬਿਰਧ ਅਵਸਥਾ ਵਿੱਚ ਸਨ। ਤਿੰਨ-ਚਾਰ ਦਿਨਾਂ ਤੋਂ ਭੁੱਖਣ-ਭਾਣੇ ਠੰਡੇ ਬੁਰਜ ਵਿੱਚ ਕੈਦ ਸਨ। ਪੋਹ ਦੀ ਠੰਢੀ ਹਵਾ ਅਤੇ ਭੁੱਖ ਨੇ ਹੀ ਸਰੀਰ ਕਾਫ਼ੀ ਕਮਜ਼ੋਰ ਕਰ ਦਿੱਤਾ ਸੀ ਤੇ ਇਸੇ ਤਰ੍ਹਾਂ ਉਹ ਵੀ ਆਪਣਾ ਸਰੀਰ ਤਿਆਗ ਗਏ।

ਟੋਡਰ ਮੱਲ ਖੱਤਰੀ ਨੇ ਮੋਹਰਾਂ ਵਿਛਾ ਕੇ ਜ਼ਮੀਨ ਖਰੀਦੀ ਅਤੇ ਤਿੰਨਾਂ ਦੇਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ। ਇਹ ਸ਼ਹੀਦੀ ਸਾਕਾ 13 ਪੋਹ ਸੰਮਤ 1761 ਨੂੰ ਵਾਪਰਿਆ। ਭਾਵੇਂ ਵਜ਼ੀਰ ਖਾਨ ਨੇ ਦੋ ਚਮਕਦੇ ਹੀਰਿਆਂ ਨੂੰ ਬਿਨਾਂ ਕਸੂਰੋਂ ਮਿੱਟੀ ਵਿੱਚ ਰੋਲ ਦਿੱਤਾ ਪਰ ਉਹ ਸੂਰਮੇ ਤਾਂ ਅਮਰ ਹਨ। ਉਹਨਾਂ ਦੀ ਸ਼ਹੀਦੀ ਨੇ ਬੰਦੇ ਵਰਗੇ ਵੈਰਾਗੀ ਸਾਧੂਆਂ ਦੇ ਮਨ 'ਤੇ ਅਜਿਹਾ ਅਸਰ ਕੀਤਾ ਕਿ ਜਿਹੜੇ ਡੇਰੇ ਦੇ ਆਲੇ ਦੁਆਲੇ ਖ਼ੂਨ ਦਾ ਛਿੱਟਾ ਡੁਲ੍ਹਿਆ ਵੀ ਬਰਦਾਸ਼ਤ ਨਹੀਂ ਸਨ ਕਰਦੇ, ਐਨੇ ਡੁੱਲ੍ਹੇ ਖ਼ੂਨ ਨੂੰ ਦੇਖਕੇ ਪਾਪੀ ਕੋਲੋਂ ਬਦਲਾ ਲੈਣ ਦੀ ਪੱਕੀ ਧਾਰ ਗਏ ਅਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ।

***

## ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਦੀਆਂ

ਇਸ ਤੋਂ ਪਹਿਲਾਂ ਕਿ ਫ਼ੌਜੀ ਬੀਬੀ ਨੂੰ ਫ਼ੜ ਲੈਂਦੇ, ਉਸ ਨੇ ਬਲਦੀ ਚਿਖਾ ਵਿੱਚ ਛਾਲ ਮਾਰ ਕੇ ਆਪਣੀ ਕੁਰਬਾਨੀ ਦੇ ਦਿੱਤੀ। ਬਾਕੀ ਸਿੰਘਾਂ ਨੇ ਸ਼ਾਹੀ ਫ਼ੌਜਾਂ ਦਾ ਮੁਕਾਬਲਾ ਕਰਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੁਰੂ ਜੀ ਰਾਹ ਦੇ ਦੁੱਖਾਂ-ਤਕਲੀਫ਼ਾਂ ਨੂੰ ਝੱਲਦਿਆਂ ਖਿਦਰਾਣੇ ਦੀ ਢਾਬ ਪੁੱਜੇ। ਉਦੋਂ ਤੱਕ ਵਿੱਛੜੇ ਕੁਝ ਸਾਥੀ ਅਤੇ ਇਲਾਕੇ ਦੀ ਸੰਗਤ ਉਨ੍ਹਾਂ ਦੇ ਨਾਲ ਹੋ ਗਈ। ਜ਼ਾਲਮ ਦੀ ਫ਼ੌਜ ਵੀ ਪਿੱਛਾ ਕਰਦੀ ਹੋਈ ਇਥੇ ਪੁੱਜ ਗਈ। ਘਮਸਾਣ ਦਾ ਯੁੱਧ ਹੋਇਆ। ਮਜ਼ਲੂਮ ਸਮਝੀਆਂ ਜਾਂਦੀਆਂ ਚਿੜੀਆਂ ਨੇ ਜ਼ਾਲਮ ਬਾਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਮਰਜੀਵੜਿਆਂ ਦੀ ਇਸ ਥੋੜ੍ਹੀ ਜਿਹੀ ਗਿਣਤੀ ਨੇ ਸ਼ਾਹੀ ਫ਼ੌਜਾਂ ਨੂੰ ਮੁੜਨ ਲਈ ਮਜਬੂਰ ਕਰ ਦਿੱਤਾ। ਮੁੜ ਸ਼ਾਹੀ ਫ਼ੌਜ ਦਾ ਗੁਰੂ ਜੀ ਉੱਤੇ ਹਮਲਾ ਕਰਨ ਦਾ ਕਦੇ ਵੀ ਹੌਸਲਾ ਨਹੀਂ ਹੋਇਆ। ਇਸ ਯੁੱਧ 'ਚ ਉਨ੍ਹਾਂ 40 ਸਿੰਘਾਂ ਨੇ ਵੀ ਬਹਾਦਰੀ ਨਾਲ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ ਜਿਹੜੇ ਆਨੰਦਪੁਰ ਸਾਹਿਬ ਤੋਂ ਬੇਦਾਵਾ ਲਿਖ ਕੇ ਦੇ ਆਏ ਸਨ। ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ (9 ਸਾਲ) ਤੇ ਬਾਬਾ ਫ਼ਤਹਿ ਸਿੰਘ (7 ਸਾਲ) ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਸਰਸਾ ਨਦੀ ਪਾਰ ਕਰਦੇ ਹੋਏ ਗੁਰੂ ਜੀ ਤੋਂ ਵਿੱਛੜ ਗਏ ਸਨ। ਉਨ੍ਹਾਂ ਨਾਲ ਸਿਰਫ਼ ਗੁਰੂ ਘਰ ਦਾ ਰਸੋਈਆ ਗੰਗੂ ਸੀ। ਉਹ ਇਨ੍ਹਾਂ ਨੂੰ ਮੋਰਿੰਡੇ ਲਾਗੇ ਪੈਂਦੇ ਆਪਣੇ ਪਿੰਡ ਸਹੇੜੀ ਲੈ ਗਿਆ। ਕੁਝ ਸ਼ਾਹੀ ਫ਼ੌਜ ਦਾ ਡਰ ਅਤੇ ਕੁਝ ਇਨਾਮ ਮਿਲਣ ਦੇ ਲਾਲਚ ਨਾਲ ਉਸ ਦੀ ਨੀਅਤ ਵਿਗੜ ਗਈ। ਉਸ ਨੇ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਇੱਕ ਬਜ਼ੁਰਗ ਔਰਤ ਅਤੇ ਦੋ ਮਾਸੂਮ ਬੱਚੇ ਮੁਲਜ਼ਮਾਂ ਦੇ ਰੂਪ ਵਿੱਚ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਸਾਹਮਣੇ ਪੇਸ਼ ਕੀਤੇ ਗਏ। ਇਸਲਾਮ ਕਬੂਲਣ ਲਈ ਡਰਾਇਆ ਤੇ ਧਮਕਾਇਆ ਗਿਆ, ਤਸੀਹੇ ਦਿੱਤੇ ਗਏ। ਜਦੋਂ ਡਰ ਅਤੇ ਤਸੀਹੇ ਇਨ੍ਹਾਂ ਮਹਾਨ ਰੂਹਾਂ ਨੂੰ ਡਰਾ ਨਾ ਸਕੇ ਤਾਂ ਲਾਲਚ ਦਿੱਤੇ ਗਏ ਪਰ ਸਾਹਿਬਜ਼ਾਦੇ ਅਟਲ ਰਹੇ। ਇਸ ਤੋਂ ਵੱਡੀ ਸਿਰੜ ਤੇ ਸਿਦਕ ਦੀ ਕੋਈ ਹੋਰ ਮਿਸਾਲ ਨਹੀਂ ਹੋ ਸਕਦੀ। ਸੂਬੇਦਾਰ ਨੇ ਗੁੱਸੇ ਵਿੱਚ ਆ ਕੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿੱਚ ਚਿਣਵਾਉਣ ਦਾ ਹੁਕਮ ਸੁਣਾ ਦਿੱਤਾ।

ਸੂਬੇਦਾਰ ਨੂੰ ਉਮੀਦ ਸੀ ਕਿ ਸਜ਼ਾ ਸੁਣ ਕੇ ਬੱਚੇ ਡੋਲ ਜਾਣਗੇ ਤੇ ਇਸਲਾਮ ਕਬੂਲ ਕਰ ਲੈਣਗੇ ਪਰ ਬੱਚਿਆਂ ਦੇ ਮੁੱਖ ਉੱਤੇ ਇੱਕ ਇਲਾਹੀ ਨੂਰ ਸੀ, ਉਹ ਸ਼ਹੀਦੀ ਦਾ ਜਾਮ ਪੀਣ ਲਈ ਤਿਆਰ ਸਨ। ਬੱਚੇ ਅਡੋਲ ਖੜ੍ਹੇ ਸਨ ਤੇ ਰਾਜ ਇੱਟਾਂ ਚਿਣ ਰਿਹਾ ਸੀ। ਇਸ ਤੋਂ ਵੱਡਾ ਸ਼ਾਇਦ ਕੋਈ ਹੋਰ ਜ਼ੁਲਮ ਹੋ ਹੀ ਨਹੀਂ ਸਕਦਾ ਅਤੇ ਇਸ ਤੋਂ ਵੱਡੀ ਹੋਰ ਕੋਈ ਕੁਰਬਾਨੀ ਹੋ ਨਹੀਂ ਸਕਦੀ। ਜਦੋਂ ਇਹ ਖ਼ਬਰ ਮਾਤਾ ਗੁਜ਼ਰੀ ਜੀ ਕੋਲ ਪੁੱਜੀ ਤਾਂ ਉਨ੍ਹਾਂ ਨੇ ਅਕਾਲ ਪੁਰਖ ਦਾ ਸ਼ੁਕਰ ਕਰਦਿਆਂ ਆਪਣੇ ਪ੍ਰਾਣ ਤਿਆਗ ਦਿੱਤੇ। ਇੰਝ ਦਸਮੇਸ਼ ਪਿਤਾ ਨੇ ਖ਼ਾਲਸੇ ਦੀ ਸਿਰਜਣਾ ਸ਼ਹੀਦੀ ਰੂਪੀ ਇੱਟਾਂ ਨਾਲ ਕੀਤੀ।

***

## ਬਾਦਸ਼ਾਹ ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ

ਜੇ ਸਾਉਣ ਦੀਆਂ ਬਾਰਸ਼ਾਂ ਵਿੱਚ ਆਵੋ ਤਾਂ ਵੱਧ ਠੀਕ ਨਾ ਰਹੇ ?' ਕਲਗੀਧਰ ਬੋਲੇ, 'ਫਿਕਰ ਨਾ ਕਰੋ ਫਤਿਹ ਸਿੰਘ ਜੀ। ਜੋ ਰੁੱਖੀ ਸੁੱਕੀ ਤੁਸੀਂ ਛਕਦੇ ਹੋ ਸੋਈ ਛਕਾਂਗੇ। ਦਸ ਦਿਨ ਰਹਾਂਗੇ।' ਪੁੱਜਣ ਦੀ ਤਰੀਕ ਦੱਸ ਦਿੱਤੀ।

ਪਹਿਲੋਂ ਪਿੰਡ ਦਾ ਫਿਰ ਇਲਾਕੇ ਦਾ ਇਕੱਠ ਹੋਇਆ, ਸੰਗਤਾਂ ਨੂੰ ਖ਼ੁਸ਼ਖ਼ਬਰੀ ਦਿੱਤੀ, ਬੇਨਤੀ ਕੀਤੀ- ਜਿਸ ਪਾਸ ਜੋ ਹੈ ਸੋ ਲੈ ਕੇ ਆਉਣਾ ਜੀ, ਦੁੱਧ, ਘਿਉ, ਅੰਨ ਦਾਣਾ, ਗੁੜ, ਚਾਦਰਾਂ, ਦਰੀਆਂ। ਪਿੰਡ ਦੇ ਬਾਹਰ ਛੱਪੜ ਦੀ ਸਫਾਈ ਸ਼ੁਰੂ ਹੋਈ। ਕੱਖ ਕਾਨੇ ਝਾੜ ਫੂਸ ਸਭ ਹੂੰਝ ਦਿੱਤੇ। ਪਿੱਪਲ ਹੇਠ ਦਰੀਆਂ ਚਾਦਰਾਂ ਵਿਛ ਗਈਆਂ। ਜਿਸ ਸਵੇਰ ਮਹਾਰਾਜ ਦੀ ਆਮਦ ਸੀ ਸੰਗਤ ਉਸ ਪਾਸੇ ਦੇਖਣ ਲੱਗੀ ਜਿੱਧਰੋਂ ਸਵਾਰੀ ਆਉਣੀ ਸੀ। ਜੈਕਾਰਾ ਛੱਡਿਆ ਗਿਆ। ਅੱਗੇ ਵਧਕੇ ਸਭ ਤੋਂ ਪਹਿਲਾਂ ਭਾਈ ਫਤਿਹ ਸਿੰਘ ਨੇ ਰਕਾਬ ਉੱਪਰ ਟਿਕੇ ਚਰਨ ਨੂੰ ਮੱਥਾ ਛੁਹਾਇਆ। ਠੰਢੀ ਹਵਾ ਦਾ ਬੁੱਲਾ ਆਇਆ, ਮਹਾਰਾਜ ਹੱਸ ਪਏ, ਕਿਹਾ, 'ਤੁਸੀਂ ਤਾਂ ਕਹਿੰਦੇ ਸੀ ਗਰਮੀ ਹੈ, ਲੂਆਂ ਵਗਦੀਆਂ ਹਨ, ਇੱਥੇ ਤਾਂ ਪਾਉਂਟਾ ਸਾਹਿਬ ਬਣਿਆ ਪਿਆ ਹੈ ਭਾਈ ਫਤਿਹ ਸਿੰਘ !'

ਚੱਕ ਫਤਿਹ ਸਿੰਘ ਵਾਲਾ, ਬਠਿੰਡੇ ਤੋਂ ਦਸ ਕਿਲੋਮੀਟਰ ਚੜ੍ਹਦੇ ਵੱਲ ਸਥਿਤ ਹੈ, ਛੱਪੜ ਸਰੋਵਰ ਬਣਿਆ, ਕਿਨਾਰੇ ਇਤਿਹਾਸਕ ਗੁਰਦੁਆਰੇ ਦਾ ਨਾਮ ਪਾਉਂਟਾ ਸਾਹਿਬ ਹੈ। ਇਸ ਪਰਿਵਾਰ ਪਾਸ ਉਹ ਸਿੰਘਾਸਨ ਮੌਜੂਦ ਹੈ ਜਿਹੜਾ ਗੁਰੂ ਜੀ ਵਾਸਤੇ ਬਣਵਾਇਆ ਗਿਆ। ਇਸ ਨੂੰ ਉਹ ਪੀੜ੍ਹਾ ਸਾਹਿਬ ਕਹਿੰਦੇ ਹਨ। ਮਾਤਾ ਸੁੰਦਰੀ ਜੀ ਨਾਲ ਆਏ ਸਨ। ਮਾਤਾ ਜੀ ਅਤੇ ਗੁਰੂ ਜੀ ਦੇ ਪੁਰਾਣੇ ਲਿਬਾਸ ਇਸ ਪਰਿਵਾਰ ਪਾਸ ਸਾਂਭੇ ਹੋਏ ਹਨ। ਨਵੇਂ ਸਿਲਾ ਕੇ ਪਹਿਨਾਏ ਸਨ।

ਬਾਬਾ ਬੰਦਾ ਸਿੰਘ ਨੂੰ ਨਾਂਦੇੜ ਜਿਨ੍ਹਾਂ ਜਿਨ੍ਹਾਂ ਗੁਰੂ ਪ੍ਰੇਮੀਆਂ ਦੇ ਸਿਰਨਾਵੇਂ ਦਸਮ ਪਾਤਸ਼ਾਹ ਨੇ ਲਿਖਵਾਏ, ਉਨ੍ਹਾਂ ਵਿੱਚ ਭਾਈ ਫਤਿਹ ਸਿੰਘ ਦਾ ਨਾਮ ਵੀ ਸੀ। ਚੱਪੜਚਿੜੀ ਦੇ ਮੈਦਾਨ ਵਿੱਚ ਵਜ਼ੀਰ ਖਾਨ ਦਾ ਸਾਹਮਣਾ ਕਰਨ ਲਈ ਭਾਈ ਫਤਿਹ ਸਿੰਘ ਘੋੜਾ ਦੁੜਾ ਕੇ ਸਾਹਮਣੇ ਆਏ, ਰਕਾਬਾਂ 'ਤੇ ਖਲੋ ਕੇ ਦੋਵਾਂ ਹੱਥਾਂ ਨਾਲ ਕਿਰਪਾਨ ਦਾ ਵਾਰ ਕੀਤਾ। ਸੱਜੇ ਮੋਢੇ ਤੋਂ ਉੱਤਰਦੀ ਕਿਰਪਾਨ ਖੱਬੀ ਵੱਖੀ ਵਿਚੋਂ ਦੀ ਹੇਠ ਉਤਰ ਗਈ। ਵਜ਼ੀਰ ਖਾਨ ਦਾ ਧੜ ਦੋ ਟੋਟਿਆਂ ਵਿੱਚ ਘੋੜੇ ਦੇ ਸੱਜੇ ਖੱਬੇ ਡਿੱਗਿਆ।

ਨਾਂਦੇੜ ਦਾ ਨਾਮ ਹਜ਼ੂਰ ਸਾਹਿਬ ਕਿਵੇਂ ਪਿਆ, ਪਤਾ ਨਹੀਂ ਸੀ। ਸ. ਨਾਨਕ ਸਿੰਘ ਨਿਸ਼ਤਰ ਨੇ ਦੱਸਿਆ। ਨਿਜ਼ਾਮ ਹੈਦਰਾਬਾਦ ਦੀ ਮਦਦ ਵਾਸਤੇ ਮਹਾਰਾਜ ਰਣਜੀਤ ਸਿੰਘ ਨੇ ਸਰਕਾਰ ਖਾਲਸਾ ਵੱਲੋਂ ਜਿਹੜੇ ਗਿਆਰਾਂ ਰਿਸਾਲੇ ਭੇਜੇ, ਉਨ੍ਹਾਂ ਵਿਚੋਂ ਇਕ ਰਿਸਾਲਦਾਰ ਨਿਸ਼ਤਰ ਜੀ ਦਾ ਪੜਦਾਦਾ ਸੀ। ਨਿਸ਼ਤਰ ਜੀ ਦਾ ਪਰਿਵਾਰ ਫਿਰ ਵਾਪਸ ਨਹੀਂ ਮੁੜਿਆ, ਦੱਖਣੀ ਸਿੱਖ ਕਹਾਉਂਦੇ ਹਨ। ਮਹਾਰਾਜ ਦੀ ਵਿਦਾਈ ਦਾ ਸਮਾਂ ਆ ਗਿਆ। ਉਦਾਸ ਸਿੱਖ ਦੁਆਲੇ ਮੌਜੂਦ ਸਨ। ਭਾਈ ਨੰਦ ਲਾਲ ਨੇ ਪੁੱਛਿਆ, 'ਚਲੇ ਜਾਓਗੇ ਮਹਾਰਾਜ ?' ਭਾਈ ਦਇਆ ਸਿੰਘ ਬੋਲੇ, 'ਤੁਹਾਡੇ ਬਗੈਰ ਕਿਵੇਂ ਰਹਿ ਸਕਾਂਗੇ ਪਿਤਾ ਜੀ ?'

ਮੁਸਕਾਂਦਿਆਂ ਮਹਾਰਾਜ ਨੇ ਫੁਰਮਾਇਆ, 'ਜਾਣਾ ਕਿੱਥੇ ਹੈ ? ਇੱਥੇ ਹੀ ਰਹਾਂਗੇ ਹਮੇਸ਼, ਤੁਹਾਡੇ ਹਜ਼ੂਰ।' ਨਾਂਦੇੜ ਦਾ ਨਾਮ ਹਜ਼ੂਰ ਸਾਹਿਬ ਹੋ ਗਿਆ।

***

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ

ਦੁਸ਼ਮਣ ਵੱਲੋਂ ਕੀਤੇ ਵਾਰ ਇਸ ਢਾਲੇ ਨਾਲ ਅਸਫ਼ਲ ਚਲੇ ਜਾਂਦੇ ਸਨ।

**ਗੁਰੂ ਸਾਹਿਬਾਨ ਦੀਆਂ ਇਤਿਹਾਸਿਕ ਨਿਸ਼ਾਨੀਆਂ:** ਗੁਰੂ ਸਾਹਿਬਾਨ ਦੀਆਂ ਕੁਝ ਇਤਿਹਾਸਿਕ ਨਿਸ਼ਾਨੀਆਂ, ਜੋ ਨਾਭਾਵੰਸ਼ੀ ਹਨੂਵੰਤ ਸਿੰਘ ਦਿੱਲੀ ਲੈ ਗਏ ਸਨ, ਅਦਾਲਤ ਰਾਹੀਂ ਪੰਜਾਬ ਸਰਕਾਰ ਨੇ ਪ੍ਰਾਪਤ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਕਰਨ ਲਈ ਸੌਂਪੀਆਂ ਹਨ। ਇਨ੍ਹਾਂ ਇਤਿਹਾਸਕ ਨਿਸ਼ਾਨੀਆਂ ਦਾ ਵੇਰਵਾ ਇਸ ਤਰ੍ਹਾਂ ਹੈ:

1. ਗੁਰੂ ਗੋਬਿੰਦ ਸਿੰਘ ਸਾਹਿਬ ਦਾ ਚੋਲਾ, ਜੋ ਗੁਰੂ ਸਾਹਿਬ ਨੇ ਹੁਕਮਨਾਮੇ ਨਾਲ ਬਾਬਾ ਤਿਲੋਕ ਸਿੰਘ ਅਤੇ ਰਾਮ ਸਿੰਘ ਨੂੰ ਭੇਜਿਆ ਸੀ।
2. ਗੁਰੂ ਗੋਬਿੰਦ ਸਿੰਘ ਦੀ ਦਸਤਾਰ।
3. ਦਸਮ ਗੁਰੂ ਦਾ ਦਸਤਾਰੀ ਕੰਘਾ, ਜਿਸ ਵਿੱਚ ਵਾਹੇ ਹੋਏ ਕੇਸ ਹਨ।
4. ਦਸਵੇਂ ਗੁਰੂ ਦੀ ਸ੍ਰੀ ਸਾਹਿਬ, ਜੋ ਕਰੀਬ ਸਾਢੇ ਤਿੰਨ ਇੰਚ ਲੰਮੀ ਹੈ।
5. ਗੁਰੂ ਹਰਿਗੋਬਿੰਦ ਸਾਹਿਬ ਦਾ ਤੇਗਾ, ਜੋ 46 ਇੰਚ ਲੰਮਾ ਹੈ।
6. ਗੁਰੂ ਗੋਬਿੰਦ ਸਿੰਘ ਦੀ ਸ੍ਰੀ ਸਾਹਿਬ ਜੋ ਗੁਰੂ ਸਾਹਿਬ ਨੇ ਤਿਲੋਕ ਸਿੰਘ ਨੂੰ ਅੰਮ੍ਰਿਤ ਛਕਾਉਣ ਸਮੇਂ ਸੰਨ 1706 ਵਿੱਚ ਦਮਦਮਾ ਸਾਹਿਬ ਬਖਸ਼ੀ ਸੀ।
7. ਗੁਰੂ ਗੋਬਿੰਦ ਸਿੰਘ ਦੀ ਕਿਰਪਾਨ, ਜੋ ਰਾਇ ਕੱਲ੍ਹਾ ਨੂੰ ਬਖਸ਼ੀ ਸੀ। ਇਹ ਕੋਟਲੇ ਵਾਲੇ ਨਵਾਬ ਸਾਹਿਬ ਦੇ ਜ਼ਰੀਏ ਮਹਾਰਾਜਾ ਜਸਵੰਤ ਸਿੰਘ ਨੂੰ ਮਿਲੀ।
8. ਦਸਮ ਪਾਤਸ਼ਾਹ ਦੇ ਪੰਜ ਤੀਰ, ਜਿਨ੍ਹਾਂ 'ਚ ਦੋ ਬਰਛਾ ਤੀਰ ਹਨ। ਇਨ੍ਹਾਂ ਸਾਰਿਆਂ 'ਤੇ ਸੋਨਾ ਲੱਗਾ ਹੋਇਆ ਹੈ।
9. ਦਸਵੇਂ ਗੁਰੂ ਦਾ ਲੋਹੇ ਦਾ ਤੀਰ।
10. ਗੁਰੂ ਤੇਗ ਬਹਾਦਰ ਸਾਹਿਬ ਦਾ ਤੇਗਾ, ਜੋ 36 ਇੰਚ ਹੈ। ਇਸ 'ਤੇ 'ਸਤਿ ਸ੍ਰੀ ਅਕਾਲ ਤੇਗ ਬਹਾਦਰ ਸੰਮਤ 1713' ਉਕਰਿਆ ਹੋਇਆ ਹੈ।
11. ਦਸਵੇਂ ਗੁਰੂ ਸਾਹਿਬ ਦਾ ਬਰਛਾ।
12. ਛੇਵੇਂ ਗੁਰੂ ਦਾ ਚਾਬਕ, ਜਿਸ ਦੀ ਮੁੱਠੀ ਬੈਂਤ ਦੀ ਹੈ।
13. ਇੱਕ ਹੱਥ ਲਿਖਤ ਗ੍ਰੰਥ। ਇਸ ਦੇ ਪੱਤਰੇ 300 ਹਨ। ਭਾਈ ਤਾਰਾ ਸਿੰਘ ਕਵੀ ਦੇ ਹਵਾਲੇ ਨਾਲ ਜ਼ਿਕਰ ਮਿਲਦਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਦਾ ਲਿਖਿਆ ਹੋਇਆ ਹੈ। ਰਾਜਾ ਭਰਪੂਰ ਸਿੰਘ ਨੇ ਕਵੀ ਨੂੰ ਦੋ ਹਜ਼ਾਰ ਨਕਦ ਅਤੇ ਦੋ ਸੌ ਰੁਪਏ ਸਾਲਾਨਾ ਜਾਗੀਰ ਦੇ ਕੇ ਇਹ ਗ੍ਰੰਥ ਲੈ ਲਿਆ ਸੀ।

***

## ਭਾਰਤ ਦੇ ਰੁਪਏ ਦੀ ਡਿਗਦੀ

ਜਦੋਂ ਵੀ ਪੈਟਰੋਲ ਦੀ ਕੀਮਤ ਵਧਦੀ ਹੈ ਤਾਂ ਆਵਾਜਾਈ ਤੇ ਢੋਆ-ਢੁਆਈ ਮਹਿੰਗੀ ਹੋਣ ਨਾਲ ਆਮ ਵਸਤੂਆਂ ਦੀਆਂ ਕੀਮਤਾਂ ਵੀ ਵਧਦੀਆਂ ਹਨ। ਜਦੋਂ ਕਰੰਸੀ ਦੀ ਕੀਮਤ ਘਟਣ ਨਾਲ ਉਨ੍ਹਾਂ ਲਈ ਵੱਧ ਮੁੱਲ ਦੇਣਾ ਪਵੇਗਾ ਤਾਂ ਉਸ ਦਾ ਪ੍ਰਭਾਵ ਆਮ ਵਿਅਕਤੀ 'ਤੇ ਪੈਂਦਾ ਹੈ।

ਰੁਪਏ ਦੀ ਘਟਦੀ ਕੀਮਤ ਦਾ ਉਪਾਅ ਦੋ ਗੱਲਾਂ ਵਿੱਚ ਹੈ, ਪਹਿਲਾ ਦਾਲਾਂ ਤੇ ਤੇਲਾਂ ਦੇ ਬੀਜਾਂ ਜਿਹੀਆਂ ਵਸਤੂਆਂ ਵਿੱਚ ਆਤਮਨਿਰਭਰ ਹੋਇਆ ਜਾਵੇ ਅਤੇ ਅਯਾਤ ਕੀਤੀਆਂ ਜਾਂਦੀਆਂ ਗ਼ੈਰਜ਼ਰੂਰੀ ਵਸਤੂਆਂ- ਸੋਨੇ ਤੇ ਗਹਿਣੇ ਆਦਿ ਦੇ ਅਯਾਤ 'ਤੇ ਕੰਟਰੋਲ ਕੀਤਾ ਜਾਵੇ। ਸਭ ਤੋਂ ਜ਼ਰੂਰੀ ਹੈ ਨਿਰਯਾਤ ਦੀਆਂ ਨਵੀਆਂ ਮੰਡੀਆਂ ਲੱਭ ਕੇ ਨਵੀਆਂ ਵਸਤੂਆਂ ਦੀ ਪਹਿਚਾਣ ਕੀਤੀ ਜਾਵੇ। ਭਾਰਤ ਦੁਨੀਆ ਦੀ ਸਭ ਤੋਂ ਵੱਡੀ ਮੰਡੀ ਹੋਣ ਕਰਕੇ ਵਿਦੇਸ਼ੀ ਨਿਰਯਾਤਕਾਰ ਹਰ ਮੌਕੇ ਦਾ ਲਾਭ ਉਠਾ ਰਹੇ ਹਨ, ਜਿਵੇਂ ਭਾਰਤ ਵਿੱਚ ਚੀਨੀ ਖਿਡੌਣੇ ਵਿਕ ਰਹੇ ਹਨ, ਜਦਕਿ ਇਹ ਵਸਤੂਆਂ ਆਸਾਨੀ ਨਾਲ ਭਾਰਤ ਵਿੱਚ ਤਿਆਰ ਹੋ ਸਕਦੀਆਂ ਹਨ। ਉਹ ਖੇਤਰ ਜਿਵੇਂ ਹੱਥ ਦਸਤਕਾਰੀਆਂ ਜਾਂ ਮਸਾਲੇ, ਜੜ੍ਹੀਆਂ ਬੂਟੀਆਂ, ਜਿਨ੍ਹਾਂ ਵਿੱਚ ਨਿਰਯਾਤ ਸਮਰੱਥਾ ਹੈ, ਉਨ੍ਹਾਂ ਨੂੰ ਵਧਾਉਣ ਲਈ ਛੋਟੇ ਸਮੇਂ ਤੇ ਲੰਮੇਂ ਸਮੇਂ ਦੀਆਂ ਯੋਜਨਾਵਾਂ ਲਾਗੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਦੇ ਬਹੁਪੱਖੀ ਯਤਨਾਂ ਨਾਲ ਹੀ ਇਸ ਸਮੱਸਿਆ ਦਾ ਸਾਹਮਣਾ ਕੀਤਾ ਜਾ ਸਕਦਾ ਹੈ।

****

## ਵਿੱਤੀ ਅਤੇ ਅ

ਵਾਤਾਵਰਣ ਖ਼ਤਰਿਆਂ ਦੇ ਸੰਪਰਕ ਵਿੱਚ ਆਉਣ ਸਬੰਧੀ ਨਾ-ਬਰਾਬਰੀ, ਰਾਜਨੀਤਿਕ ਪ੍ਰਕਿਰਿਆਵਾਂ ਵਿੱਚ ਚੁੱਕੀ ਗਈ ਆਵਾਜ਼ ਦੀ ਸੁਣਵਾਈ ਵਿੱਚ ਨਾ-ਬਰਾਬਰੀ, ਨਿਆਂ ਤੱਕ ਪਹੁੰਚ ਵਿੱਚ ਨਾ-ਬਰਾਬਰੀ ਅਤੇ ਹੋਰ।

ਇਨ੍ਹਾਂ ਦੇ ਪ੍ਰਭਾਵਾਂ ਦੀ ਤੀਬਰਤਾ ਵੱਖ-ਵੱਖ ਹੋ ਸਕਦੀ ਹੈ ਕਿਉਂਕਿ ਬਹੁਤ ਕੁਝ ਜਨਤਕ ਨੀਤੀ 'ਤੇ ਵੀ ਨਿਰਭਰ ਕਰਦਾ ਹੈ। ਇਸ ਤੋਂ ਇਲਾਵਾ, ਦੇਸ਼ਾਂ ਦੇ ਅੰਦਰ ਵਰਗ, ਲਿੰਗ, ਨਸਲ ਅਤੇ ਨਸਲੀ ਭੇਦ-ਭਾਵ ਕਾਰਨ ਵੀ ਅਸਮਾਨਤਾਵਾਂ ਹਨ। ਵੱਡੇ ਪੱਧਰ 'ਤੇ ਆਰਥਿਕ ਨਾ-ਬਰਾਬਰੀ ਅਤੇ ਉੱਚੀ ਗ਼ਰੀਬੀ ਦੀ ਦਰ ਦੁਨੀਆ ਅਤੇ ਦੇਸ਼ਾਂ ਵਿੱਚ ਭੁੱਖਮਰੀ, ਕੁਪੋਸ਼ਣ, ਬੱਚਿਆਂ ਵਿੱਚ ਮੌਤ ਦਰ, ਮਧਰੇਪਣ ਦੀ ਸਮੱਸਿਆ, ਔਰਤਾਂ ਵਿੱਚ ਪ੍ਰਜਣਨ ਸਮੇਂ ਉੱਚੀ ਮੌਤ ਦਰ, ਸਮਾਜਿਕ ਅਤੇ ਰਾਜਨੀਤਕ ਅਸਥਿਰਤਾ ਵਰਗੀਆਂ ਅਲਾਮਤਾਂ ਵਿੱਚ ਵਾਧਾ ਕਰਦੀਆਂ ਹਨ। ਇਨ੍ਹਾਂ ਕਾਰਨਾਂ ਕਰਕੇ ਅਜਿਹੀਆਂ ਸਥਿਤੀਆਂ ਵਿੱਚ ਆਲਮੀ ਸਥਿਰਤਾ ਅਤੇ ਜਮਹੂਰੀਅਤ ਨੂੰ ਢਾਹ ਲੱਗਣ ਦਾ ਖ਼ਤਰਾ ਹਮੇਸ਼ਾ ਬਣਿਆ ਰਹਿੰਦਾ ਹੈ।

ਅਜਿਹੇ ਵਰਤਾਰੇ ਪਿਛਲੇ ਸਮੇਂ ਦੌਰਾਨ ਕਾਫ਼ੀ ਦੇਸ਼ਾਂ ਵਿੱਚ ਵੇਖਣ ਨੂੰ ਮਿਲੇ ਜਿੱਥੇ ਆਰਥਿਕ ਨਾ-ਬਰਾਬਰੀ ਅਤੇ ਚੰਗੇ ਰੁਜ਼ਗਾਰ ਦੀ ਘਾਟ ਕਾਰਨ ਰਾਜਸੀ ਉਥਲ-ਪੁਥਲ ਅਤੇ ਕਾਨੂੰਨ ਵਿਵਸਥਾ ਵਿੱਚ ਵਿਗਾੜ ਆਏ ਸਨ। ਇਸ ਲਈ ਆਰਥਿਕ ਮਾਹਿਰਾਂ ਦੀ ਸਲਾਹ ਅਨੁਸਾਰ ਆਰਥਿਕ ਅਤੇ ਹੋਰ ਨੀਤੀਆਂ ਨੂੰ ਲੋਕ-ਪੱਖੀ ਅਤੇ ਆਰਥਿਕ ਨਾ-ਬਰਾਬਰੀ ਨੂੰ ਘਟਾਉਣ ਵੱਲ ਸੇਧਿਤ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਦੁਨੀਆ ਦੇ ਸਾਰੇ ਦੇਸ਼ਾਂ ਅਤੇ ਮਾਹਿਰਾਂ ਨੂੰ ਹਮੇਸ਼ਾ ਹੀ ਅਜਿਹੀਆਂ ਨੀਤੀਆਂ ਬਣਾ ਕੇ ਲਾਗੂ ਕਰਨੀਆਂ ਚਾਹੀਦੀਆਂ ਹਨ ਜਿਹੜੀਆਂ ਲੋਕਾਂ ਅਤੇ ਦੇਸ਼ਾਂ ਵਿਚਕਾਰ ਆਰਥਿਕ ਪਾੜੇ ਨੂੰ ਭਰਨ ਦਾ ਕੰਮ ਕਰਨ।

***

## ਪੰਜਾਬ ਵਿੱਚ ਕਬੱਡੀ ਖਿਡਾਰੀ

ਕਈ ਸਾਲਾਂ ਤੋਂ ਖੇਡ ਪੱਤਰਕਾਰੀ ਨਾਲ ਜੁੜੇ ਜਗਰੂਪ ਸਿੰਘ ਜਰਖੜ ਵੀ ਕਬੱਡੀ ਟੂਰਨਾਮੈਂਟਾਂ ਵਿੱਚ ਵੱਧ ਰਹੀਆਂ ਕਤਲ ਦੀਆਂ ਵਾਰਦਾਤਾਂ ਲਈ ਅਨੁਸ਼ਾਸ਼ਨਹੀਣਤਾ ਨੂੰ ਹੀ ਜ਼ਿੰਮੇਵਾਰ ਮੰਨਦੇ ਹਨ। ਜਗਰੂਪ ਸਿੰਘ ਕਹਿੰਦੇ ਹਨ ਕਿ ਅੱਜ ਤੱਕ ਪੰਜਾਬ ਸਟਾਈਲ ਕਬੱਡੀ ਲਈ ਕੋਈ ਵੀ ਨਿਯਮ ਤੈਅ ਨਹੀਂ ਕੀਤੇ ਗਏ, ਕਬੱਡੀ ਪੰਜਾਬ ਦੀ ਵਿਰਾਸਤੀ ਖੇਡ ਹੈ ਪਰ ਹਜੇ ਤੱਕ ਪੰਜਾਬ ਸਟਾਈਲ ਕਬੱਡੀ ਲਈ ਰਾਸ਼ਟਰੀ ਪੱਧਰ ਉੱਤੇ ਕੋਈ ਵੀ ਪ੍ਰਬੰਧਕੀ ਬਾਡੀ ਨਹੀਂ ਬਣਾਈ ਜਾ ਸਕੀ ਜੋ ਖੇਡ ਲਈ ਨਿਯਮ ਤੈਅ ਕਰੇ। ਸਰਕਾਰਾਂ ਦਾ ਇਸ ਵੱਲ ਕੋਈ ਧਿਆਨ ਨਹੀਂ ਹੈ।

ਕਬੱਡੀ ਟੂਰਨਾਮੈਂਟ ਦਾ ਕੋਈ ਵਿਧੀ-ਵਿਧਾਨ ਬਣਾਇਆ ਹੀ ਨਹੀਂ ਗਿਆ, ਰਾਜਨੀਤਕ ਲੀਡਰਾਂ ਨੇ ਕਬੱਡੀ ਕੱਪਾਂ ਵਿੱਚ ਹੁੰਦੇ ਇਕੱਠ ਦਾ ਲਾਹਾ ਲੈਣ ਲਈ ਖਿਡਾਰੀਆਂ ਨੂੰ ਕਰੋੜਾਂ ਰੁਪਏ ਦੇ ਕੇ ਲਾਲਚੀ ਬਣਾ ਦਿੱਤਾ। ਗ਼ੈਰ-ਕਾਨੂੰਨੀ ਪੈਸਾ ਕਬੱਡੀ ਵਿੱਚ ਵੱਧ ਗਿਆ, ਕਬੱਡੀ ਪ੍ਰਮੋਟਰ ਪੈਦਾ ਹੋ ਗਏ, ਜੋ ਵੱਧ ਪੈਸੇ ਕਮਾਉਣ ਦੇ ਚੱਕਰ ਵਿੱਚ ਕਬੱਡੀ ਨੂੰ ਬਿਨਾਂ ਕਾਨੂੰਨਾਂ ਤੋਂ ਚਲਾ ਰਹੇ ਹਨ। ਪੈਸੇ ਅਤੇ ਹਥਿਆਰਾਂ ਦੇ ਜ਼ੋਰ ਉੱਤੇ ਹੌਲੀ-ਹੌਲੀ ਅਪਰਾਧੀ ਕਬੱਡੀ ਨਾਲ ਜੁੜ ਗਏ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਸਹੀ ਕਦਮ ਨਾ ਚੁੱਕੇ ਗਏ ਤਾਂ ਕਬੱਡੀ ਖਤਮ ਹੋ ਜਾਵੇਗੀ , ਨਵੇਂ ਖਿਡਾਰੀਆਂ ਨੂੰ ਮੌਕਾ ਦਿੱਤਾ ਜਾਵੇ, ਅਜਿਹੇ ਵੱਡੇ ਕੱਪ ਨਾ ਕਰਵਾਏ ਜਾਣ ਜਿੱਥੇ ਪੈਸੇ ਦਾ ਦਬਦਬਾ ਹੋਵੇ। ਛੋਟੀਆਂ ਟੀਮਾਂ ਨੂੰ ਖੇਡਣ ਦੇ ਮੌਕੇ ਦਿੱਤੇ ਜਾਣ, ਇਨਾਮ ਛੋਟੇ ਰੱਖੇ ਜਾਣ, ਖੇਡ ਉੱਤੇ ਧਿਆਨ ਦਿੱਤਾ ਜਾਵੇ, ਇਨਾਮ ਉੱਤੇ ਨਹੀਂ ਖ਼ੇਡ ਪੱਤਰਕਾਰ ਜਗਰੂਪ ਸਿੰਘ ਮੰਨਦੇ ਹਨ ਕਿ ਜੇਕਰ ਕੋਈ ਸਰਕਾਰ ਪੰਜਾਬ ਵਿੱਚ ਕਬੱਡੀ ਦੀ ਤਸਵੀਰ ਨੂੰ ਸੁਧਾਰਨਾ ਚਾਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਪੰਜਾਬ ਸਰਕਾਰ ਸੂਬਾ ਪੱਧਰ ਉੱਤੇ ਪੰਜਾਬ ਸਟਾਈਲ ਕਬੱਡੀ ਨੂੰ ਪਛਾਣ ਦਵੇ। ਜ਼ਿਲ੍ਹਾ ਪੱਧਰ ਉੱਤੇ ਕਬੱਡੀ ਦੀਆਂ ਟੀਮਾਂ ਬਣਨ। ਫੇਰ ਰਾਸ਼ਟਰੀ ਪੱਧਰ ਉੱਤੇ ਇੱਕ ਪ੍ਰਬੰਧਕੀ ਢਾਂਚਾ ਪੰਜਾਬ ਸਟਾਈਲ ਕਬੱਡੀ ਦਾ ਤਿਆਰ ਕੀਤਾ ਜਾਵੇ।

ਉਸਤੋਂ ਬਾਅਦ ਜਿਹੜੇ-ਜਿਹੜੇ ਦੇਸ਼ ਕਬੱਡੀ ਖੇਡਦੇ ਹਨ, ਉਹਨਾਂ ਦੇ ਮੈਂਬਰ ਲੈ ਕੇ ਅੰਤਰਰਾਸ਼ਟਰੀ ਪੱਧਰ ਦਾ ਪ੍ਰਬੰਧਕੀ ਢਾਂਚਾ ਤਿਆਰ ਕੀਤਾ ਜਾਵੇ। ਜਿੰਨਾ ਸਮਾਂ ਕਬੱਡੀ ਇੰਡੀਅਨ ਓਲੰਪਿਕ ਐਸੋਸੀਏਸ਼ਨ ਦੇ ਏਜੰਡੇ ਹੇਠ ਨਹੀਂ ਹੁੰਦੀ ਉਦੋਂ ਤੱਕ ਕਬੱਡੀ ਦੀ ਤਸਵੀਰ ਨਹੀਂ ਸੁਧਰ ਸਕਦੀ ਖੇਡ ਵਿਭਾਗ ਨੇ ਇਸ ਤੇ ਚਿੰਤਾ ਜ਼ਾਹਿਰ ਕੀਤੀ ਹੈ ਅਤੇ ਕਿਹਾ ਹੈ ਕਿ ਨੌਜਵਾਨਾਂ ਨੂੰ ਬਚਾਉਣ ਲਈ ਸਖ਼ਤ ਕਦਮ ਚੁੱਕੇ ਜਾਣੇ ਚਾਹੀਦੇ ਹਨ।

***

## ਅਲਬਰਟਾ ਦੀ ਆਜ਼ਾਦੀ ਲਈ

ਏਜੰਸੀ ਨੇ ਦੱਸਿਆ ਕਿ ਵੋਟਾਂ 'ਚ ਲੋਕਾਂ ਤੋਂ ਹਾਂ ਜਾਂ ਨਾਂਹ ਵਿੱਚ ਜਵਾਬ ਲਿਆ ਜਾਏਗਾ ਕਿ ਉਹ ਸਹਿਮਤ ਹਨ ਕਿ ਅਲਬਰਟਾ ਕੈਨੇਡਾ ਤੋਂ ਵੱਖਰਾ ਹੋ ਕੇ ਅਜਾਦ ਦੇਸ਼ ਬਣੇ।

ਜਿਕਰਯੋਗ ਹੈ ਕਿ ਅਲਬਰਟਾ, ਜਿੱਥੇ ਧਰਤੀ ਹੇਠ ਕੱਚੇ ਤੇਲ, ਕੁਦਰਤੀ ਗੈਸ ਤੇ ਹੋਰ ਖਣਿਜਾਂ ਦੇ ਭੰਡਾਰ ਹਨ, ਦੀ ਸੂਬਾਈ ਸਰਕਾਰ ਦੀ ਆਮ ਤੌਰ 'ਤੇ ਫੈਡਰਲ ਸਰਕਾਰਾਂ ਨਾਲ ਘੱਟ ਹੀ ਬਣਦੀ ਰਹੀ ਹੈ। ਇਸ ਸਾਲ ਦੀ ਸ਼ੁਰੂਆਤ ਮੌਕੇ ਅਮਰੀਕਾ ਦੇ ਰਾਸਟਰਪਤੀ ਵੱਲੋਂ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੀ ਪੇਸ਼ਕਸ਼ ਕੀਤੀ ਗਈ ਸੀ।

ਅਲਬਰਟਾ ਦੀ ਮੁੱਖ ਮੰਤਰੀ ਡੈਨੀਅਲ ਸਮਿੱਥ ਵੱਲੋਂ ਉਦੋਂ ਤੋਂ ਹੀ ਵੱਖਰੇ ਹੋਣ ਦੀ ਗੱਲ ਕੀਤੀ ਜਾ ਰਹੀ ਹੈ। ਉਧਰ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਉਸ ਨੂੰ ਖ਼ੁਸ਼ ਕਰਨ ਲਈ ਵਾਤਾਵਰਣ ਪ੍ਰੇਮੀਆਂ ਦੀ ਨਰਾਜਗੀ ਸਹੇੜ ਕੇ ਅਲਬਰਟਾ ਦੇ ਤੇਲ ਖੂਹਾਂ ਤੋਂ ਵੈਨਕੂਵਰ ਤੱਟ ਤੱਕ ਵੱਡੀ ਤੇਲ ਪਾਈਪ ਵਿਛਾਉਣ ਲਈ ਮਨਜ਼ੂਰੀ ਦਿੱਤੀ ਹੈ ਤਾਂ ਜੋ ਉੱਥੋਂ ਦਾ ਤੇਲ ਵੱਡੀ ਮਾਤਰਾ ਵਿੱਚ ਨਿਰਯਾਤ ਕੀਤਾ ਜਾ ਸਕੇ।

RAISING VOICE FOR TRUTH
ਹੋਕਾ TV

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

**ਮੁਫ਼ਤ ਉਪਲੱਬਧ ਹੈ**

Download on the App Store
GET IT ON Google Play

**ਹੋਰ ਜਾਣਕਾਰੀ ਲਈ ਵੇਖੋ**

**https://hokatv.com/guest/home**